**PJ Insurance, Inc.**
5820 W 56th Street, Suite 1, Lafayette Rd. & 56th St. Crossing, Indianapolis, IN 46254
For All Your Insurance Needs.
Life, Health & Disability insurance
Home, Auto, Commercial, Worker Comp, Business
General Liability & other
"Ask us for new Obamacare health insurance quote"
Contact: Parjit K. Parihar
Office Manager
Ph:317-248-4802
Email: info@pjinsuranceinc.com

**Truck Insurance Specialist**
- Preferred Carriers (A++)
- Bobtail Insurance
- Cargo and Primary Liability
TRI COUNTY INSURANCE
734 655 9090

10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ
AMANTEL.COM
$25 'ਚ 2600 ਮਿੰਟ (43.5 ਘੰਟੇ)
ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ
24/7 Customer Service
ਟੌਲ ਫਰੀ ਨੰਬਰ 'ਤੇ ਕਾਲ ਕਰੋ
ਜਿੰਨੀ ਦੇਰ ਗੱਲਾਂ ਕਰੋਗੇ ਉਨੇ ਹੀ ਮਿੰਟ ਕੱਟੇ ਜਾਣਗੇ
1-888-652-6268,732-983-4332/4333

USPS - PP 1
Sixteenth Year of Publication
ਮਿਡਵੈਸਟ ਐਡੀਸ਼ਨ
Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 16, Issue 13, March 28, 2015
20451 N Plum Grove Rd., Palatine, IL 60074
Ph:847-359-0746, Fax:847-705-9388

# ਮੋਦੀ ਨੇ ਅਕਾਲੀਆਂ ਨੂੰ ਅੰਗੂਠਾ ਦਿਖਾਇਆ

## ਕਿਸੇ ਵੀ ਮੰਗ 'ਤੇ ਕੰਨ ਨਾ ਧਰਿਆ; ਨਸੀਹਤਾਂ ਦੇ ਕੇ ਹੀ ਕੰਮ ਸਾਰਿਆ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਪੰਜਾਬ ਦੇ ਪਹਿਲੇ ਦੌਰੇ 'ਤੇ ਆਏ ਨਰੇਂਦਰ ਮੋਦੀ, ਸੂਬੇ ਨੂੰ ਕੋਈ ਵਿੱਤੀ ਰਾਹਤ ਦੇਣ ਦੀ ਥਾਂ ਅੰਗੂਠਾ ਵਿਖਾ ਕੇ ਚੱਲਦੇ ਬਣੇ; ਹਾਂਲਾਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪ੍ਰਧਾਨ ਮੰਤਰੀ ਦੇ ਦੌਰੇ ਦੇ ਮੱਦੇਨਜ਼ਰ ਲੰਮੀਆਂ-ਚੌੜੀਆਂ ਲਿਸਟਾਂ ਬਣਾਈਆਂ ਹੋਈਆਂ ਸਨ ਪਰ ਸ੍ਰੀ ਮੋਦੀ ਕੇਂਦਰ ਸਰਕਾਰ ਦੀਆਂ ਪ੍ਰਾਪਤੀਆਂ ਹੀ ਗਿਣਾਉਂਦੇ ਰਹੇ ਤੇ ਜਾਂਦੇ-ਜਾਂਦੇ ਬਾਦਲ ਸਰਕਾਰ ਨੂੰ ਨਸੀਹਤਾਂ ਦੇ ਗਏ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਸ੍ਰੀ ਮੋਦੀ ਨੇ ਇਹ ਪੈਂਤੜਾ ਅਕਾਲੀ ਦਲ ਨੂੰ ਸਿਆਸੀ ਪਿੜ ਵਿਚ ਪਿੱਛੇ ਧੱਕਣ ਅਤੇ ਭਾਜਪਾ ਨੂੰ ਅੱਗੇ ਰੱਖਣ ਦੇ ਹਿਸਾਬ ਨਾਲ ਲਿਆ ਹੈ।



ਦੱਸਣਯੋਗ ਹੈ ਕਿ ਪ੍ਰਧਾਨ ਮੰਤਰੀ ਦੇ ਦੌਰੇ ਤੋਂ ਪਹਿਲਾਂ ਅਕਾਲੀਆਂ ਤੇ ਪੰਜਾਬ ਭਾਜਪਾਈਆਂ ਵਲੋਂ ਮੋਦੀ ਦਾ ਦੌਰਾ ਆਪਣੇ ਨਾਂ ਕਰਨ ਦੀ ਦੌੜ ਲੱਗ ਗਈ ਸੀ। ਸ. ਬਾਦਲ ਨੇ ਮੋਦੀ ਨੂੰ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਸ਼ਹੀਦੇ ਦਿਹਾੜੇ 'ਤੇ ਖਟਕੜ ਕਲਾਂ ਆਉਣ ਦਾ ਸੱਦਾ ਦਿੱਤਾ ਸੀ, ਪਰ ਐਨ ਮੌਕੇ 'ਤੇ ਪੰਜਾਬ ਭਾਜਪਾ ਪ੍ਰਧਾਨ ਕਮਲ ਸ਼ਰਮਾ ਨੇ ਮੋਦੀ ਨੂੰ ਪੱਤਰ ਲਿਖ ਕੇ ਇਹ ਰੂਟ ਹੁਸੈਨੀਵਾਲੇ ਵੱਲ ਮੋੜ ਦਿੱਤਾ। ਹੁਸੈਨੀਵਾਲਾ ਵਿਖੇ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਸ਼ਰਧਾਂਜਲੀਆਂ ਭੇਟ ਕਰਨ ਉਪਰੰਤ ਮੋਦੀ ਤੋਂ ਪਹਿਲਾਂ ਭਾਸ਼ਣ ਦੇਣ ਉਠੇ ਮੁੱਖ ਮੰਤਰੀ ਬਾਦਲ ਨੇ ਗੱਲਾਂ-ਗੱਲਾਂ ਵਿਚ ਸੂਬੇ ਲਈ ਮੰਗਾਂ ਦੀ ਲੰਮੀ-ਚੌੜੀ ਲਿਸਟ ਪੜ੍ਹ ਸੁਣਾਈ, ਪਰ ਮੋਦੀ ਨੇ ਆਪਣੇ 37 ਮਿੰਟ ਦੇ ਭਾਸ਼ਣ ਵਿਚ ਇਨ੍ਹਾਂ ਮੰਗਾਂ ਵੱਲ ਗੌਰ ਕਰਨ ਦੀ ਥਾਂ ਨਵੇਂ ਭੌਂ ਪ੍ਰਾਪਤੀ ਬਿੱਲ ਦੇ ਫਾਇਦੇ ਗਿਣਾਉਂਦਿਆਂ ਸਮਾਂ ਲੰਘਾ ਦਿੱਤਾ। ਭੌਂ ਪ੍ਰਾਪਤੀ ਬਿੱਲ ਨੂੰ ਲੈ ਕੇ ਕਿਸਾਨ ਦੇਸ਼ ਭਰ ਵਿਚ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ ਕਰ ਰਹੇ ਹਨ ਤੇ ਮੋਦੀ ਦੇ ਦੌਰੇ ਦੌਰਾਨ ਗਾਂਧੀਵਾਦੀ ਆਗੂ ਅੰਨਾ ਹਜ਼ਾਰੇ ਵੀ ਪੰਜਾਬ ਆਏ ਹੋਏ ਸਨ ਜੋ ਕਿਸਾਨਾਂ ਨੂੰ ਇਸ ਬਿੱਲ ਖਿਲਾਫ ਲਾਮਬੰਦ ਕਰ ਰਹੇ ਹਨ।

ਮੁੱਖ ਮੰਤਰੀ ਬਾਦਲ ਨੇ ਨਾ ਸਿਰਫ ਪਾਕਿਸਤਾਨ ਨਾਲ ਲੱਗਦੀਆਂ ਹੁਸੈਨੀਵਾਲਾ ਤੇ ਫਾਜ਼ਿਲਕਾ ਦੀਆਂ ਸਰਹੱਦਾਂ ਨੂੰ ਦੁਵੱਲੇ ਵਪਾਰ ਲਈ ਖੋਲ੍ਹੇ ਜਾਣ ਦੀ ਮੰਗ ਕੀਤੀ, ਸਗੋਂ ਸਰਹੱਦੀ ਖੇਤਰ ਦੇ ਕਿਸਾਨਾਂ ਦੀ ਤਾਰੋਂ ਪਾਰਲੀ ਜ਼ਮੀਨ 'ਤੇ ਕੇਂਦਰ ਵਲੋਂ ਦਿੱਤੀ ਜਾਂਦੀ ਆਰਥਿਕ ਸਹਾਇਤਾ ਨੂੰ ਮੁੜ ਚਾਲੂ ਕਰਨ ਤੇ ਵਧਾਉਣ ਦੀ ਮੰਗ ਕੀਤੀ। ਇਸ ਮੌਕੇ ਸ. ਬਾਦਲ ਨੇ ਸੂਬਾਈ ਤੇ ਕੇਂਦਰੀ ਪ੍ਰਾਜੈਕਟਾਂ ਲਈ ਜ਼ਮੀਨ ਪ੍ਰਾਪਤੀ ਦਾ ਮਸਲਾ ਭਾਰਤ ਸਰਕਾਰ ਨੂੰ ਸੂਬਿਆਂ 'ਤੇ ਛੱਡਣ ਦੀ ਸਲਾਹ

(ਬਾਕੀ ਸਫਾ 6 'ਤੇ)

### ਸਿੱਖ ਮੁੱਦਿਆਂ 'ਤੇ ਵੀ ਮਿਲਿਆ ਗੋਲਮੋਲ ਜਵਾਬ

ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਪੁੱਜੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਕੋਲ ਸ਼੍ਰੋਮਣੀ ਕਮੇਟੀ ਨੇ ਸਿੱਖ ਮੁੱਦੇ ਚੁੱਕੇ। ਸ਼੍ਰੋਮਣੀ ਕਮੇਟੀ ਨੇ ਸ੍ਰੀ ਗੁਰੂ ਨਾਨਕ ਦੇਵ ਨਾਲ ਸਬੰਧਤ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਲਾਂਘੇ, ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਨੂੰ ਰਿਹਾਈ, ਵਿਦੇਸ਼ਾਂ ਵਿਚ ਸਿੱਖਾਂ ਨੂੰ ਦਰਪੇਸ਼ ਸਮੱਸਿਆਵਾਂ, ਜੂਨ 1984 ਵਿਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ 'ਤੇ ਫੌਜੀ ਹਮਲੇ ਸਮੇਂ ਸਿੱਖ ਰੈਫਰੈਂਸ ਲਾਇਬ੍ਰੇਰੀ ਵਿਚੋਂ ਜ਼ਰੂਰੀ ਦਸਤਾਵੇਜ਼ ਤੇ ਹੋਰ ਅਹਿਮ ਸਾਮਾਨ ਜੋ ਫੌਜ ਆਪਣੇ ਨਾਲ ਲੈ ਗਈ ਸੀ, ਵਾਪਸ ਕਰਨ ਬਾਰੇ ਮੰਗ ਕੀਤੀ। ਸ੍ਰੀ ਮੋਦੀ ਇਨ੍ਹਾਂ ਮੰਗਾਂ ਬਾਰੇ ਕਾਨੂੰਨੀ ਅੜਿੱਕੇ ਹੋਣ ਦੀ ਗੱਲ ਕਹਿ ਕੇ ਪੱਲਾ ਝਾੜ ਗਏ।

# ਪੰਜਾਬ ਸਰਕਾਰ ਅੱਗੇ ਬੇਨੇਮੀਆਂ ਨੇ ਫਣ ਖਲਾਰਿਆ

**ਚੰਡੀਗੜ੍ਹ:** ਕੰਪਟਰੋਲਰ ਤੇ ਆਡੀਟਰ ਜਨਰਲ (ਕੈਗ) ਵਲੋਂ ਪੰਜਾਬ ਸਰਕਾਰ ਦੀਆਂ ਬੇਨੇਮੀਆਂ ਬਾਰੇ ਤਾਜ਼ਾ ਖੁਲਾਸਿਆਂ 'ਤੇ ਬਾਦਲ ਸਰਕਾਰ ਵਿਧਾਨ ਸਭਾ ਸੈਸ਼ਨ ਵਿਚ ਬੁਰੀ ਤਰ੍ਹਾਂ ਘਿਰੀ ਹੋਈ ਹੈ। ਵਿਰੋਧੀ ਧਿਰ ਕਾਂਗਰਸ ਨੇ ਵਿਧਾਨ ਸਭਾ ਦੇ ਬਾਹਰ ਵੀ ਸਰਕਾਰ ਖਿਲਾਫ ਮੋਰਚਾ ਲਾ ਦਿੱਤਾ ਹੈ ਤੇ ਕੈਗ ਵਲੋਂ ਉਜਾਗਰ ਕੀਤੀਆਂ ਬੇਨੇਮੀਆਂ ਬਾਰੇ ਸਪਸ਼ਟੀਕਰਨ ਮੰਗਿਆ ਹੈ। ਦੱਸਣਯੋਗ ਹੈ ਕਿ ਕੈਗ ਵਲੋਂ ਪੰਜਾਬ ਵਿਧਾਨ ਸਭਾ ਵਿਚ ਪੇਸ਼ ਕੀਤੀ ਗਈ 2013-14 ਦੀ ਰਿਪੋਰਟ ਵਿਚ ਵੱਡੀਆਂ ਬੇਨੇਮੀਆਂ ਦਾ ਖੁਲਾਸਾ ਹੋਇਆ ਹੈ। ਸਰਕਾਰ ਨੇ ਕਰੋੜਾਂ ਦੀ ਕੇਂਦਰੀ ਗ੍ਰਾਂਟ ਦੀ ਭਾਫ ਤੱਕ ਨਹੀਂ ਕੱਢੀ ਤੇ ਇਹ ਗ੍ਰਾਂਟ ਜਾਂ ਤਾਂ ਹੋਰ ਕੰਮੇ ਲਾ ਦਿੱਤੀ ਜਾਂ ਫਿਰ ਸੂਬਾ ਸਰਕਾਰ ਦਾ ਬਣਦਾ ਹਿੱਸਾ ਨਾ ਪਾਉਣ ਕਰਕੇ ਖਰਚੀ ਹੀ ਨਾ ਗਈ। ਇਸ ਕੰਮ ਵਿਚ ਸਰਕਾਰ ਨੇ ਬੇਰੁਜ਼ਗਾਰਾਂ ਤੇ ਅਪਾਹਜਾਂ ਨੂੰ ਵੀ ਨਹੀਂ ਬਖਸ਼ਿਆ ਤੇ ਇਨ੍ਹਾਂ ਲੋੜਵੰਦਾਂ ਲਈ ਆਈ ਗ੍ਰਾਂਟ ਹੋਰ ਪਾਸੇ ਖਰਚ ਦਿੱਤੀ।

ਰਿਪੋਰਟ ਅਨੁਸਾਰ ਵਿਸ਼ੇਸ਼ ਲੋੜਾਂ ਵਾਲੇ ਅਪਾਹਜ ਬੱਚਿਆਂ ਲਈ ਕੇਂਦਰ ਸਰਕਾਰ ਤੋਂ ਆਈ 17.38 ਕਰੋੜ ਰੁਪਏ ਦੀ ਰਕਮ ਸਰਕਾਰ ਨੇ ਉਨ੍ਹਾਂ ਨੂੰ ਨਹੀਂ ਦਿੱਤੀ। ਇਸੇ ਤਰ੍ਹਾਂ ਲੜਕੀਆਂ ਲਈ ਸੈਕੰਡਰੀ ਸਿੱਖਿਆ ਪ੍ਰੋਤਸਾਹਨ ਸਕੀਮ ਦਾ 3.03 ਕਰੋੜ, ਕੰਨਿਆ ਜੋਤੀ ਜਾਗ੍ਰਿਤੀ ਸਕੀਮ ਦਾ 3.4 ਕਰੋੜ ਤੇ ਰਾਜੀਵ ਗਾਂਧੀ ਕੰਨਿਆ ਸਕੀਮ ਤਹਿਤ ਆਏ 12.11

(ਬਾਕੀ ਸਫਾ 6 'ਤੇ)

**Dhade & Associates, PC**
Immigration Lawyers
WE FIGHT FOR YOUR RIGHTS!
ਤੁਹਾਡਾ ਆਪਣਾ ਪੰਜਾਬੀ ਇਮੀਗਰੇਸ਼ਨ ਵਕੀਲ
*ਪ੍ਰੋਫੈਸ਼ਨਲ ਵੀਜ਼ੇ (ਡਾਕਟਰ, ਇੰਜੀਨੀਅਰ ਆਦਿ)
*ਗਰੀਨ ਕਾਰਡ *ਸਿਟੀਜ਼ਨਸ਼ਿਪ *ਅਡਜਸਟਮੈਂਟ ਆਫ ਸਟੇਟਸ
*ਡੀਪੋਰਟੇਸ਼ਨ *ਰਿਫਿਊਜ਼ੀ ਕੇਸ *ਅਸੀਂ ਤੁਹਾਡੀਆਂ ਅਮਰੀਕਾ ਅਤੇ ਕੈਨੇਡਾ ਵਿਚ ਸਭੇ ਇਮੀਗਰੇਸ਼ਨ ਲੋੜਾਂ ਪੂਰੀਆਂ ਕਰ ਸਕਦੇ ਹਾਂ
*ਅਸੀਂ ਕੈਨੇਡਾ ਦੀ ਇਮੀਗਰੇਸ਼ਨ 6 ਤੋਂ 12 ਮਹੀਨੇ 'ਚ ਕਰ ਸਕਦੇ ਹਾਂ
Ph:248-254-3441
Herman Singh Dhade
Immigration Lawyer
Fax:(248) 254-3443 www.eagle.pro, Email: info@eagle.pro
7071 Orchard Lake Rd, Suite 320, W. Bloomfield, MI 48322

Estb. 1975
World Wide Travel
www.fly2world.com
ਸਸਤੇ ਟਿਕਟ ਬਿਹਤਰ ਸੇਵਾ
DETROIT 734 838 9998
TOLL FREE 866 66 INDIA
CHICAGO 312 224 8800
DELTA KLM AIRFRANCE ETIHAD QATAR Continental Airlines Lufthansa American Airlines

# ਖਾਲਸਾ ਸਾਜਨਾ ਦਿਹਾੜੇ ਅਤੇ ਸੰਤ ਕਲੇਰਾਂ ਵਾਲਿਆਂ ਦੇ ਜਨਮ ਦਿਹਾੜੇ ਮੌਕੇ ਸਮਾਗਮ 9 ਤੋਂ

ਡੈਲਸ, ਟੈਕਸਸ (ਬਿਊਰੋ): ਡੈਲਸ ਫੋਰਟਵਰਥ ਦੀ ਸੰਗਤ ਵਲੋਂ ਖਾਲਸਾ ਸਾਜਨਾ ਦਿਹਾੜੇ ਅਤੇ ਸੰਤ ਬਾਬਾ ਈਸ਼ਰ ਸਿੰਘ ਨਾਨਕਸਰ ਕਲੇਰਾਂ ਵਾਲਿਆਂ ਦੇ ਜਨਮ ਦਿਨ ਨੂੰ ਸਮਰਪਿਤ ਸਮਾਗਮ 9 ਅਪਰੈਲ ਤੋਂ 12 ਅਪਰੈਲ ਤੱਕ ਕਰਵਾਏ ਜਾ ਰਹੇ ਹਨ।

ਪ੍ਰਾਪਤ ਜਾਣਕਾਰੀ ਅਨੁਸਾਰ 9 ਅਤੇ 10 ਅਪਰੈਲ ਨੂੰ ਗੁਰਦੁਆਰਾ ਅਕਾਲ ਜੋਤਿ ਸਾਹਿਬ (ਗਾਰਲੈਂਡ) ਵਿਖੇ ਸ਼ਾਮ 6:30 ਤੋਂ 8:30 ਵਜੇ ਤੱਕ, 11 ਅਪਰੈਲ ਨੂੰ ਸ਼ਾਮੀ 5 ਵਜੇ ਤੋਂ 10:30 ਵਜੇ ਤੱਕ ਤੇ 12 ਅਪਰੈਲ, ਐਤਵਾਰ ਨੂੰ ਬਾਅਦ ਦੁਪਹਿਰ 11:15 ਤੋਂ 12:15 ਵਜੇ ਤੱਕ ਸਿੱਖ ਟੈਂਪਲ ਆਫ ਨਾਰਥ ਟੈਕਸਸ (ਗਾਰਲੈਂਡ) ਵਿਖੇ ਅਤੇ 12:30 ਤੋਂ 1:30 ਵਜੇ ਤੱਕ ਗੁਰਦੁਆਰਾ ਅਕਾਲ ਜੋਤਿ ਸਾਹਿਬ ਵਿਖੇ ਹੋਣਗੇ।

ਇਨ੍ਹਾਂ ਸਮਾਗਮਾਂ ਦੌਰਾਨ ਸਥਾਨਕ ਗੁਰੂ ਘਰਾਂ ਦੇ ਰਾਗੀ ਜਥਿਆਂ ਤੋਂ ਇਲਾਵਾ ਪੰਥ ਪ੍ਰਸਿਧ ਭਾਈ ਗੁਰਚਰਨ ਸਿੰਘ ਰਸੀਆ ਦੇ ਜਥੇ ਸ਼ਬਦ ਕੀਰਤਨ ਦੀ ਛਹਿਬਰ ਲਾਉਣਗੇ ਅਤੇ ਗੁਰਮਤਿ ਵਿਚਾਰਾਂ ਦੀ ਸਾਂਝ ਸੰਗਤਾਂ ਨਾਲ ਪਾਉਣਗੇ। ਹੋਰ ਜਾਣਕਾਰੀ ਲਈ ਗਿਆਨੀ ਪ੍ਰੀਤਮ ਸਿੰਘ ਫੋਨ 972-412-1252, ਮਨਜੀਤ ਸਿੰਘ ਮੈਣੀ 972-415-7897 ਜਾਂ ਗੁਰਚਰਨ ਸਿੰਘ ਬਗਲੀ ਫੋਨ 817-366-1669 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਅੰਮ੍ਰਿਤਸਰ ਪੁੱਜੀ ਕੈਮਲ ਸਫਾਰੀ

**ਅੰਮ੍ਰਿਤਸਰ:** ਬੀ.ਐਸ.ਐਫ. ਦੀ ਸਥਾਪਨਾ ਦੀ 50ਵੀਂ ਵਰ੍ਹੇਗੰਢ ਮੌਕੇ 2500 ਕਿਲੋਮੀਟਰ ਲੰਮਾ ਸਫ਼ਰ ਤੈਅ ਕਰਕੇ ਕੈਮਲ ਸਫਾਰੀ ਗੁਜਰਾਤ ਤੇ ਰਾਜਸਥਾਨ ਤੋਂ ਹੁੰਦੀ ਹੋਈ ਪੰਜਾਬ ਪੁੱਜੀ ਹੈ। ਇਸ ਕੈਮਲ ਸਫਾਰੀ ਵਿਚ 27 ਮਹਿਲਾਵਾਂ ਸ਼ਾਮਲ ਹਨ। ਇਸ ਸਫਾਰੀ ਨੂੰ ਗੁਜਰਾਤ ਦੇ ਕੁਟੇਸ਼ਵਰ ਇਲਾਕੇ ਵਿਚੋਂ



22 ਫਰਵਰੀ ਨੂੰ ਰਵਾਨਾ ਕੀਤਾ ਗਿਆ ਸੀ। ਇਸ ਵਿਚ ਬੀ.ਐਸ.ਐਫ. ਦੀਆਂ 13 ਮਹਿਲਾ ਕਰਮਚਾਰੀ ਵੀ ਸ਼ਾਮਲ ਹਨ। ਬੀ.ਐਸ.ਐਫ. ਦੀ ਸਹਾਇਕ ਕਮਾਡੈਂਟ ਸੁਜਾਤਾ ਸ਼ਿੰਦੇ ਇਸ ਸਫਾਰੀ ਦੀ ਮੀਤ ਆਗੂ ਹੈ। ਸਜੇ ਹੋਏ ਊਠਾਂ ਉਤੇ ਬੈਠੀਆਂ ਮਹਿਲਾਵਾਂ ਨੇ ਸ਼ਹਿਰ ਦੇ ਕੁਝ ਇਲਾਕਿਆਂ ਦਾ ਚੱਕਰ ਵੀ ਲਾਇਆ ਤੇ ਮੁੜ ਗੁਰੂ ਨਾਨਕ ਸਟੇਡੀਅਮ ਪੁੱਜੀਆਂ। ਇਥੇ ਸਮਾਜਸੇਵੀ ਕਲੱਬਾਂ ਤੇ ਵਿਦਿਆਰਥੀਆਂ ਵੱਲੋਂ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ। ਇਹ ਸਫਾਰੀ ਜਦੋਂ ਸ਼ਹਿਰ ਵਿਚ ਦਾਖ਼ਲ ਹੋਈ ਤੇ ਮਾਲ ਰੋਡ ਹੁੰਦੇ ਹੋਏ ਲਾਰੇਂਸ ਰੋਡ ਪੁੱਜੀ ਤਾਂ ਲੋਕਾਂ ਨੇ ਹੱਥ ਹਿਲਾ ਕੇ ਉਤਸ਼ਾਹ ਨਾਲ ਸਵਾਗਤ ਕੀਤਾ।

ਸਫਾਰੀ ਨਾਲ ਪੁੱਜੀ ਦੁਨੀਆਂ ਦੀ ਸਭ ਤੋਂ ਉੱਚੀ ਚੋਟੀ ਮਾਊਂਟ ਐਵਰੈਸਟ ਸਰ ਕਰਨ ਵਾਲੀ ਭਾਰਤੀ ਮਹਿਲਾ ਬਚੇਂਦਰੀ ਪਾਲ ਨੇ ਕਿਹਾ ਕਿ ਇਸ 2500 ਕਿਲੋਮੀਟਰ ਲੰਮੇਂ ਪੈਂਡੇ ਦੌਰਾਨ ਉਨ੍ਹਾਂ ਲੋਕਾਂ ਨੂੰ ਸੁਨੇਹਾ ਦਿੱਤਾ ਹੈ ਕਿ ਮਹਿਲਾਵਾਂ ਕਿਸੇ ਖੇਤਰ ਵਿਚ ਪਿੱਛੇ ਨਹੀਂ ਹਨ ਤੇ ਹਰ ਔਖਾ ਕੰਮ ਕਰਨ ਦੇ ਸਮਰੱਥ ਹਨ। ਇਸ ਕੈਮਲ ਸਫਾਰੀ ਵਿਚ ਟਾਟਾ ਸਟੀਲ ਐਡਵੈਂਚਰ ਫਾਊਂਡੇਸ਼ਨ ਦੇ 14 ਮੈਂਬਰ ਵੀ ਸ਼ਾਮਲ ਹਨ। ਇਸ ਪੂਰੀ ਟੀਮ ਨੂੰ ਕੈਮਲ ਸਫਾਰੀ ਵਿਚ ਹਿੱਸਾ ਲੈਣ ਤੋਂ ਪਹਿਲਾਂ ਉਤਰਕਾਸ਼ੀ ਵਿਚ ਨਹਿਰੂ ਇੰਸਟੀਚਿਊਟ ਆਫ਼ ਮਾਉਂਟਨੀਅਰਿੰਗ ਤੇ ਗੁਜਰਾਤ ਫਰੰਟੀਅਰ ਦੀ ਸਿਖਲਾਈ ਦਿੱਤੀ ਗਈ ਸੀ। ਬੀ.ਐਸ.ਐਫ. ਦੀ ਸਹਾਇਕ ਕਮਾਡੈਂਟ ਸੁਜਾਤਾ ਸ਼ਿੰਦੇ ਨੇ ਆਖਿਆ ਕਿ ਕੈਮਲ ਸਫਾਰੀ ਦੀਆਂ ਮਹਿਲਾ ਮੈਂਬਰਾਂ ਲਈ ਇਹ ਮੁਹਿੰਮ ਨਵਾਂ ਤਜਰਬਾ ਸੀ। ਉਹ ਰਸਤੇ ਵਿਚ ਹਰ ਵਰਗ ਦੇ ਲੋਕਾਂ ਨੂੰ ਮਿਲੇ ਹਨ ਤੇ ਲੋਕਾਂ ਨੇ ਮਹਿਲਾਵਾਂ ਦੀ ਸ਼ਮੂਲੀਅਤ ਦਾ ਭਰਵਾਂ ਸਵਾਗਤ ਕੀਤਾ ਹੈ।


# ਸ਼ਾਇਰ ਪ੍ਰਮਿੰਦਰਜੀਤ ਦਾ ਦੇਹਾਂਤ

**ਅੰਮ੍ਰਿਤਸਰ:** ਪੰਜਾਬੀ ਜ਼ੁਬਾਨ ਦੇ ਸਮਰੱਥ ਸ਼ਾਇਰ, ਪ੍ਰਸਿੱਧ ਕਾਲਮ ਨਵੀਸ ਅਤੇ ਸਾਹਿਤਕ ਪਰਚੇ 'ਅੱਖਰ' ਦੇ ਸੰਪਾਦਕ ਪ੍ਰਮਿੰਦਰਜੀਤ ਇਸ ਦੁਨੀਆਂ ਵਿਚ ਨਹੀਂ ਰਹੇ। ਉਹ 66 ਵਰ੍ਹਿਆਂ ਦੇ ਸਨ। ਉਨ੍ਹਾਂ ਨੂੰ ਸੋਮਵਾਰ ਦੀ ਰਾਤ ਨੂੰ ਦਿਲ ਦਾ ਦੌਰਾ ਪਿਆ। ਉਨ੍ਹਾਂ ਦਾ ਅੰਤਿਮ ਸੰਸਕਾਰ ਗੁਰਦੁਆਰਾ ਸ਼ਹੀਦਾਂ ਸਾਹਿਬ ਨੇੜਲੇ ਸ਼ਮਸ਼ਾਨ ਘਾਟ ਵਿਖੇ ਕੀਤਾ ਗਿਆ।

ਸ੍ਰੀ ਪ੍ਰਮਿੰਦਰਜੀਤ ਤੰਗੀਆਂ, ਤੁਰਸ਼ੀਆਂ ਵਾਲਾ ਜੀਵਨ ਬਸਰ ਕਰ ਕੇ ਵੀ ਪੰਜਾਬੀ ਜ਼ੁਬਾਨ ਦੇ ਕੁਲ ਵਕਤੀ ਲੇਖਕ ਸਨ। ਉਨ੍ਹਾਂ ਦੀਆਂ ਪੰਜਾਬੀ ਸ਼ਾਇਰੀ ਦੀਆਂ 6 ਕਿਤਾਬਾਂ 'ਲਿਖਤੁਮ ਪ੍ਰਮਿੰਦਰਜੀਤ', 'ਮੇਰੀ ਮਾਰਫਤ', 'ਮੇਰੇ ਕੁਝ ਹਾਸਿਲ', 'ਬਚਪਨ, ਘਰ ਤੇ ਮੈਂ", 'ਚੌਮੁਖੀਆ' ਅਤੇ 'ਸੁਪਨੀਂਦੇ' ਛਪੀਆਂ। ਉਹ 1992 ਤੋਂ ਪੰਜਾਬੀ ਦੇ ਸਿਰਮੌਰ ਮੈਗਜ਼ੀਨ 'ਅੱਖਰ' ਦੀ ਸੰਪਾਦਨਾ ਕਰ ਰਹੇ ਸਨ। ਇਸ ਤੋਂ ਪਹਿਲਾਂ ਉਹ ਮਸ਼ਹੂਰ ਪਰਚੇ 'ਲੋਅ' ਦੇ ਸੰਪਾਦਕ ਰਹੇ। ਉਨ੍ਹਾਂ ਨੂੰ ਹੋਰ ਕਈ ਇਨਾਮਾਂ-ਸਨਮਾਨਾਂ ਤੋਂ ਇਲਾਵਾ ਭਾਸ਼ਾ ਵਿਭਾਗ ਪੰਜਾਬ ਵੱਲੋਂ ਸ਼੍ਰੋਮਣੀ ਸ਼ਾਇਰ ਦੇ ਐਵਾਰਡ ਨਾਲ ਨਿਵਾਜਿਆ ਗਿਆ।

BUYING/SELLING In Michigan
Homes, Gas Stations, Liquor Stores, Plazas, Hotels
All Types of Loans
Residential & Commercial
RAJ S. SHERGILL
Realtor
Land Mark Realty
41637 Ford Road, Suite A.
Canton, MI 48187
Cell 734-751-4455, rajsshergill@yahoo.com





Madan Khatri
BERKSHIRE HATHAWAY
HomeServices
American Heritage Real Estate
Want to Buy/Sell Home!
Call Madan Khatri
847-530-1550
www.PropertyZoo.com
Recognized as the 2013 Multi-Family Broker of the Year by the MORe* MLS Board Committee.
Top Producer at the office in 2011 & 2013
*****A Broker who can work with you from Beginning to End, Call Now!!!*****
25 Turner Ave, Elk Grove Village, IL



# ਪੰਜਾਬ ਸਰਕਾਰ ਨੂੰ ਫਿਰ ਡਾਕਟਰੀ ਝਟਕਾ

## ਛੇਵੀਂ ਵਾਰ ਰੱਖੀ ਇੰਟਰਵਿਊ ਵਿਚ ਨਹੀਂ ਪੁੱਜੇ ਡਾਕਟਰ

**ਚੰਡੀਗੜ੍ਹ:** ਇਸਨੂੰ ਆਰਥਿਕ ਪੱਖੋਂ ਝੰਬੇ ਗਰੀਬ ਲੋਕਾਂ ਦਾ ਮੁਕੱਦਰ ਆਖ ਲਵੋ ਜਾਂ ਸਰਕਾਰ ਦੀਆਂ ਬਦਨੀਤੀਆਂ, ਪੰਜਾਬ ਦੇ ਸਰਕਾਰੀ ਹਸਪਤਾਲਾਂ ਨੂੰ ਮਾਹਿਰ ਡਾਕਟਰ ਨਹੀਂ ਮਿਲ ਰਹੇ। ਜਿੱਥੇ ਪਿਛਲੇ ਮਹੀਨੇ ਸਰਕਾਰੀ ਹਸਪਤਾਲਾਂ ਦੇ ਪੌਣੇ ਦੋ ਸੌ ਡਾਕਟਰਾਂ ਨੇ ਸਰਕਾਰੀ ਹਸਪਤਾਲਾਂ ਨੂੰ ਅਲਵਿਦਾ ਆਖ ਦਿੱਤੀ ਸੀ, ਉਥੇ 2 ਮਾਰਚ ਨੂੰ ਮੁਹਾਲੀ ਵਿਖੇ ਮਾਹਿਰ ਡਾਕਟਰਾਂ ਦੀਆਂ 341 ਅਸਾਮੀਆਂ ਲਈ ਰੱਖੀ ਗਈ ਇੰਟਰਵਿਊ ਵਿਚ ਕੇਵਲ 70 ਡਾਕਟਰ ਹੀ ਪਹੁੰਚੇ।

ਸੂਤਰਾਂ ਅਨੁਸਾਰ ਪਿਛਲੀਆਂ ਇੰਟਰਵਿਊਜ਼ ਵਾਂਗ ਇਹ ਯਕੀਨੀ ਨਹੀਂ ਕਿ ਇਹ ਸਾਰੇ ਹੀ 70 ਮਾਹਿਰ ਡਾਕਟਰ ਸਰਕਾਰੀ ਹਸਪਤਾਲਾਂ ਵਿਚ ਡਿਊਟੀ ਜੁਆਇਨ ਕਰ ਲੈਣਗੇ। ਤਿੰਨ ਹਫ਼ਤੇ ਬੀਤ ਜਾਣ ਦੇ ਬਾਵਜੂਦ ਅਜੇ ਤੱਕ ਨੇ ਮਹਿਕਮੇ ਨੇ ਉਪਰੋਕਤ 70 ਡਾਕਟਰਾਂ ਵਿਚੋਂ ਕਿਸੇ ਨੂੰ ਵੀ ਨਿਯੁਕਤੀ ਪੱਤਰ ਜਾਰੀ ਨਹੀਂ ਕੀਤਾ। ਇਹ ਪਿਛਲੇ 8 ਮਹੀਨਿਆਂ ਵਿਚ ਹੋਈ 6ਵੀਂ ਇੰਟਰਵਿਊ ਸੀ। ਸਰਕਾਰੀ ਹਸਪਤਾਲਾਂ 'ਚ ਇਲਾਜ ਕਰਾਉਣ ਵਾਲੇ ਲੋਕਾਂ ਲਈ ਮਾੜੀ ਖ਼ਬਰ ਇਹ ਵੀ ਹੈ ਕਿ ਪਿਛਲੇ ਮਹੀਨੇ ਸਰਕਾਰੀ ਹਸਪਤਾਲਾਂ ਵਿਚ ਸੇਵਾਂਵਾਂ ਦੇ ਰਹੇ ਪੌਣੇ ਦੋ ਸੌ ਮਾਹਿਰ ਡਾਕਟਰਾਂ ਨੇ ਇਨ੍ਹਾਂ ਹਸਪਤਾਲਾਂ ਨੂੰ ਅਲਵਿਦਾ ਆਖ ਕੇ ਮੈਡੀਕਲ ਕਾਲਜਾਂ ਵਿਚ ਸੀਨੀਅਰ ਰੈਜੀਡੈਂਟ ਡਾਕਟਰਾਂ ਵਜੋਂ ਡਿਊਟੀਆਂ ਜੁਆਇਨ ਕਰ ਲਈਆਂ।

ਪ੍ਰਾਪਤ ਜਾਣਕਾਰੀ ਅਨੁਸਾਰ ਇਨ੍ਹਾਂ ਡਾਕਟਰਾਂ ਦੇ ਸਰਕਾਰੀ ਹਸਪਤਾਲਾਂ ਨੂੰ ਛੱਡਣ ਕਰ ਕੇ ਸਰਕਾਰ ਦੀ ਨਸ਼ਾ ਵਿਰੋਧੀ ਮੁਹਿੰਮ ਨੂੰ ਝਟਕਾ ਲੱਗਾ ਕਿ ਨਸ਼ਾ ਛੁਡਾਊ ਕੇਂਦਰਾਂ/ਹਸਪਤਾਲਾਂ ਵਿਚ ਮਨੋਰੋਗ ਦੇ 30 ਡਾਕਟਰਾਂ 'ਚੋਂ 7 ਡਾਕਟਰ ਹਸਪਤਾਲਾਂ ਨੂੰ ਛੱਡ ਕੇ ਮੈਡੀਕਲ ਕਾਲਜਾਂ ਵਿਚ ਸੀਨੀਅਰ ਰੈਜ਼ੀਡੈਂਟ ਜਾ ਲੱਗੇ ਹਨ। ਸਿਹਤ ਵਿਭਾਗ ਵੱਲੋਂ ਕੈਂਸਰ ਦੇ ਮਰੀਜ਼ਾਂ ਦੇ ਇਲਾਜ ਲਈ ਤਾਇਨਾਤ ਮਾਹਿਰਾਂ ਦੀ ਗਿਣਤੀ ਕੇਵਲ 53 ਹੈ ਅਤੇ ਇਨ੍ਹਾਂ 'ਚੋਂ 18 ਮਾਹਿਰ ਡਾਕਟਰਾਂ ਵੱਲੋਂ ਵਿਭਾਗ ਛੱਡ ਕੇ ਮੈਡੀਕਲ ਸਿੱਖਿਆ ਵਿਭਾਗ ਵਿਚ ਚਲੇ ਜਾਣ ਦੀ ਸੂਚਨਾ ਹੈ।

ਸੂਤਰਾਂ ਅਨੁਸਾਰ ਪੰਜਾਬ ਸਰਕਾਰ ਨੇ ਸਰਕਾਰੀ ਹਸਪਤਾਲਾਂ 'ਚ 351 ਵਿਸ਼ੇਸ਼ ਰੋਗ ਮਾਹਿਰ ਡਾਕਟਰਾਂ ਦੀ ਭਰਤੀ ਲਈ ਪਿਛਲੇ ਸਾਲ 26 ਜੂਨ ਨੂੰ ਇੰਟਰਵਿਊ ਰੱਖੀ ਸੀ, ਪਰ ਇਸ ਇੰਟਰਵਿਊ 'ਚ ਕੇਵਲ 42 ਡਾਕਟਰ ਹੀ ਪਹੁੰਚੇ। ਇਹੀ ਨਹੀਂ, ਇਨ੍ਹਾਂ 42 ਵਿਚੋਂ ਕੇਵਲ 9 ਡਾਕਟਰਾਂ ਨੇ ਹੀ ਡਿਊਟੀ ਜੁਆਇੰਨ ਕੀਤੀ। ਇਸ ਬਾਰੇ ਡਾਇਰੈਕਟਰ ਸਿਹਤ ਡਾ. ਕਰਨਜੀਤ ਸਿੰਘ ਨੇ ਕਿਹਾ ਕਿ ਮਾਹਿਰ ਡਾਕਟਰ ਨਾ ਮਿਲਣ ਦੀ ਸਮੱਸਿਆ ਕੇਵਲ ਪੰਜਾਬ ਵਿਚ ਹੀ ਨਹੀਂ, ਬਲਕਿ ਪੂਰੇ ਦੇਸ਼ ਵਿਚ ਹੈ। ਆਉਣ ਵਾਲੇ 2-3 ਦਿਨਾਂ ਵਿਚ ਡਾਕਟਰਾਂ ਨੂੰ ਨਿਯੁਕਤੀ ਪੱਤਰ ਦੇਣ ਦੀ ਪ੍ਰਕਿਰਿਆ ਸ਼ੁਰੂ ਹੋ ਜਾਵੇਗੀ।

## ਪੀ ਸੀ ਐਸ ਦਾ 'ਰੰਗਲਾ ਪੰਜਾਬ' ਪ੍ਰੋਗਰਾਮ 4 ਅਪਰੈਲ ਨੂੰ

**ਸ਼ਿਕਾਗੋ (ਬਿਊਰੋ):** ਸਥਾਨਕ ਸਭਿਆਚਾਰਕ ਸੰਸਥਾ ਪੰਜਾਬੀ ਕਲਚਰਲ ਸੁਸਾਇਟੀ (ਪੀ ਸੀ ਐਸ) ਵਲੋਂ ਆਪਣਾ ਸਾਲਾਨਾ ਪ੍ਰੋਗਰਾਮ 'ਰੰਗਲਾ ਪੰਜਾਬ' ਇਸ ਸਾਲ ਆਉਂਦੀ 4 ਅਪਰੈਲ ਨੂੰ ਮੈਡੋਜ਼ ਕਲੱਬ, ਰੋਲਿੰਗ ਮੈਡੋਜ਼ (2950 ਵੈਸਟ ਗੌਲਫ ਰੋਡ) ਵਿਖੇ ਸ਼ਾਮੀ 6 ਵਜੇ ਤੋਂ ਕਰਵਾਇਆ ਜਾ ਰਿਹਾ ਹੈ। ਇਹ ਸੰਸਥਾ ਦਾ 21ਵਾਂ 'ਰੰਗਲਾ ਪੰਜਾਬ' ਪ੍ਰੋਗਰਾਮ ਹੋਵੇਗਾ।

ਪ੍ਰੋਗਰਾਮ ਦੌਰਾਨ ਛੋਟੇ-ਛੋਟੇ ਬੱਚਿਆਂ ਤੋਂ ਲੈ ਕੇ ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਪੜ੍ਹਦੇ ਨੌਜਵਾਨ ਤੇ ਮੁਟਿਆਰਾਂ ਗਿੱਧੇ ਤੇ ਭੰਗੜੇ ਤੋਂ ਇਲਾਵਾ ਨ੍ਰਿਤ ਦੀਆਂ ਆਈਟਮਾਂ ਪੇਸ਼ ਕਰਨਗੇ। ਇਸ ਤੋਂ ਇਲਾਵਾ ਮਲਵਈ ਗਿੱਧੇ ਦੀਆਂ ਧਮਾਲਾਂ ਵੀ ਪੈਣਗੀਆਂ। ਗੀਤ-ਸੰਗੀਤ ਦਾ ਅਨੰਦ ਵੀ ਦਰਸ਼ਕ ਮਾਣ ਸਕਣਗੇ। ਪ੍ਰੋਗਰਾਮ ਲਈ ਟਿਕਟ ਵੀ ਆਈ ਪੀ (ਡਿਨਰ ਸਮੇਤ 100 ਡਾਲਰ, ਰਿਜ਼ਰਵ ਸੀਟ 40 ਅਤੇ 25 ਡਾਲਰ ਅਤੇ ਜਨਰਲ ਸੀਟ 15 ਡਾਲਰ ਹੋਵੇਗੀ।

ਹੋਰ ਜਾਣਕਾਰੀ ਲਈ ਵਿਕ ਸਿੰਘ ਫੋਨ 847-508-5184, ਪਰਵਿੰਦਰ ਸਿੰਘ ਨੰਨੂਆ ਫੋਨ 260-312-1485, ਗੁਰਮੀਤ ਸਿੰਘ ਢਿਲੋਂ ਫੋਨ 847-912-6659 ਜਾਂ ਬਿਕਰਮ ਸਿੰਘ ਚੌਹਾਨ ਫੋਨ 847-414-0101 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## ਪਾਕਿਸਤਾਨੀ ਰੇਂਜਰਾਂ ਨੇ ਬੀ. ਐਸ. ਐਫ. ਨੂੰ ਦਿੱਤੀ ਮਿਠਾਈ

**ਅੰਮ੍ਰਿਤਸਰ:** ਕਰੀਬ 6 ਮਹੀਨਿਆਂ ਬਾਅਦ ਪਾਕਿਸਤਾਨੀ ਰੇਂਜਰਾਂ ਨੇ ਅਟਾਰੀ ਸਰਹੱਦ 'ਤੇ ਬੀ.ਐਸ.ਐਫ਼. ਨੂੰ ਮਿਠਾਈ ਦਿੱਤੀ। ਪਾਕਿਸਤਾਨੀ ਰੇਂਜਰਜ਼ ਦੇ ਡਿਪਟੀ ਡਾਇਰੈਕਟਰ ਜਨਰਲ ਬ੍ਰਿਗੇਡੀਅਰ ਜ਼ਾਹਿਦ ਨੇ ਬੀ.ਐਸ.ਐਫ਼ ਦੇ ਡੀ.ਆਈ.ਜੀ. ਸ੍ਰੀ ਐਮ.ਐਫ਼. ਫਾਰੂਕੀ ਨੂੰ ਮਿਠਾਈ ਪੇਸ਼ ਕੀਤੀ। ਜ਼ਿਕਰਯੋਗ ਹੈ ਕਿ ਪਿਛਲੇ ਸਾਲ ਅਕਤੂਬਰ ਵਿਚ ਪਾਕਿਸਤਾਨ ਵੱਲੋਂ ਘੜੀ-ਮੁੜੀ ਜੰਗਬੰਦੀ ਦੀ ਉਲੰਘਣਾ ਕਰਨ ਦੇ ਰੋਸ ਵਜੋਂ ਭਾਰਤੀ ਫੌਜ ਨੇ ਦੀਵਾਲੀ ਮੌਕੇ ਪਾਕਿਸਤਾਨੀ ਰੇਂਜਰਜ਼ ਨੂੰ ਮਿਠਾਈ ਭੇਟ ਨਹੀਂ ਸੀ ਕੀਤੀ। ਇਸੇ ਤਰ੍ਹਾਂ ਈਦ ਮੌਕੇ ਪਾਕਿਸਤਾਨ ਨੇ ਵੀ ਭਾਰਤ ਨੂੰ ਮਿਠਾਈ ਨਹੀਂ ਸੀ ਭੇਜੀ।

# ਭਾਰਤ ਵਿਚ ਸੋਸ਼ਲ ਮੀਡੀਆ ਹੋਇਆ ਆਜ਼ਾਦ

## ਸੋਸ਼ਲ ਮੀਡੀਆ 'ਚ ਟਿੱਪਣੀ 'ਤੇ ਹੁਣ ਨਹੀਂ ਹੋਵੇਗੀ ਗ੍ਰਿਫ਼ਤਾਰੀ

**ਨਵੀਂ ਦਿੱਲੀ:** ਭਾਰਤੀ ਸੁਪਰੀਮ ਕੋਰਟ ਨੇ ਇਕ ਇਤਿਹਾਸਕ ਫ਼ੈਸਲੇ 'ਚ ਸੰਵਿਧਾਨ ਦੀ ਧਾਰਾ 19(2) ਦਾ ਉਲੰਘਣ ਕਰਦੀ ਸੂਚਨਾ ਤਕਨੀਕ ਕਾਨੂੰਨ (ਆਈ.ਟੀ.ਐਕਟ) ਦੀ ਧਾਰਾ 66 (ਏ) ਖ਼ਤਮ ਕਰ ਦਿੱਤੀ ਹੈ। ਆਈ.ਟੀ. ਕਾਨੂੰਨ ਦੀ ਇਸ ਧਾਰਾ ਮੁਤਾਬਿਕ ਸੋਸ਼ਲ ਸਾਈਟਾਂ 'ਤੇ ਇਤਰਾਜ਼ਯੋਗ ਟਿੱਪਣੀ ਪਾਉਣ ਵਾਲੇ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਜਾ ਸਕਦਾ ਸੀ। ਜਿਥੇ ਸੰਵਿਧਾਨ ਦੀ ਧਾਰਾ 19(2) ਕਿਸੇ ਵੀ ਨਾਗਰਿਕ ਨੂੰ ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ ਦਿੰਦੀ ਹੈ, ਉਥੇ 66(ਏ) ਮੁਤਾਬਿਕ ਵੈੱਬਸਾਈਟਾਂ 'ਤੇ ਕਥਿਤ ਅਪਮਾਨਜਨਕ ਟਿੱਪਣੀ ਪਾਉਣ ਕਾਰਨ ਪੁਲਿਸ ਨੂੰ ਸਬੰਧਿਤ ਵਿਅਕਤੀ ਨੂੰ ਜੇਲ੍ਹ 'ਚ ਪਾਉਣ ਦੀ ਆਜ਼ਾਦੀ ਮਿਲੀ ਹੋਈ ਸੀ।

ਜਸਟਿਸ ਆਰ.ਐਫ. ਨਾਰੀਮਨ ਨੇ ਧਾਰਾ 66 (ਏ) ਨੂੰ ਅਸੰਵਿਧਾਨਕ ਕਰਾਰ ਦਿੰਦਿਆਂ ਕਿਹਾ ਕਿ ਇਸ ਨਾਲ ਜਨਤਾ ਦਾ ਜਾਣਕਾਰੀ ਹਾਸਲ ਕਰਨ ਦਾ ਹੱਕ ਸਿੱਧੇ ਤੌਰ 'ਤੇ ਪ੍ਰਭਾਵਿਤ ਹੁੰਦਾ ਹੈ। ਪਹਿਲਾਂ ਇਸ ਮਾਮਲੇ ਦੀ ਸੁਣਵਾਈ ਕਰਦਿਆਂ ਅਦਾਲਤ ਨੇ 26 ਫਰਵਰੀ ਨੂੰ ਆਪਣਾ ਫ਼ੈਸਲਾ ਰਾਖਵਾਂ ਰੱਖਿਆ ਸੀ।

ਹੁਣ ਮਾਮਲੇ ਦੀ ਸੁਣਵਾਈ ਦੌਰਾਨ ਸਰਕਾਰ ਦਾ ਪੱਖ ਰੱਖਦਿਆਂ ਅਦਾਲਤ 'ਚ ਕਿਹਾ ਗਿਆ ਕਿ ਭਾਰਤ 'ਚ ਸਾਈਬਰ ਖੇਤਰ 'ਚ ਕੁਝ ਪਾਬੰਦੀਆਂ ਹੋਣੀਆਂ ਚਾਹੀਦੀਆਂ ਹਨ, ਕਿਉਂਕਿ ਸੋਸ਼ਲ ਸਾਈਟ ਦੀ ਵਰਤੋਂ ਕਰਨ ਵਾਲਿਆਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਹਾਲ ਹੀ ਵਿਚ ਜਾਰੀ ਰਿਪੋਰਟ ਮੁਤਾਬਿਕ ਵਿਸ਼ਵ ਭਰ 'ਚ ਇੰਟਰਨੈੱਟ ਦੀ ਵਰਤੋਂ ਕਰਨ ਵਾਲਿਆਂ ਵਿਚ ਭਾਰਤ ਤੀਜੇ ਨੰਬਰ 'ਤੇ ਹੈ।

ਇਕ ਅਨੁਮਾਨ ਮੁਤਾਬਿਕ ਤਕਰੀਬਨ 12 ਕਰੋੜ ਲੋਕ ਭਾਰਤ 'ਚ ਇੰਟਰਨੈੱਟ ਦੀ ਵਰਤੋਂ ਕਰਦੇ ਹਨ ਅਤੇ ਟੈਲੀਕਾਮ ਰੈਗੂਲੇਟਰੀ ਅਥਾਰਿਟੀ ਆਫ ਇੰਡੀਆ ਵੱਲੋਂ ਲਾਏ ਅਨੁਮਾਨ ਮੁਤਾਬਿਕ ਆਉਣ ਵਾਲੇ ਸਾਲਾਂ 'ਚ 20 ਕਰੋੜ ਲੋਕ ਹੋਰ ਜੁੜਨ ਦੀ ਸੰਭਾਵਨਾ ਹੈ। ਇਸ ਧਾਰਾ ਨੂੰ ਖ਼ਤਮ ਕਰਨ ਦੀ ਮੰਗ ਲੰਬੇ ਸਮੇਂ ਤੋਂ ਉੱਠ ਰਹੀ ਸੀ ਜਿਸ ਬਾਰੇ ਸਭ ਤੋਂ ਪਹਿਲਾਂ ਪਟੀਸ਼ਨ ਕਾਨੂੰਨ ਦੀ ਪੜ੍ਹਾਈ ਕਰ ਰਹੀ ਸ਼੍ਰੇਆ ਸਿੰਘਲ ਨੇ ਕੀਤੀ ਸੀ। ਸ਼੍ਰੇਆ ਦੀ ਮਾਂ ਸੁਪਰੀਮ ਕੋਰਟ ਦੀ ਵਕੀਲ ਅਤੇ ਨਾਨੀ ਜੱਜ ਹੈ।

ਯਾਦ ਰਹੇ ਕਿ 2012 ਵਿਚ ਸ਼ਿਵ ਸੈਨਾ ਮੁਖੀ ਬਾਲ ਠਾਕਰੇ ਦੀ ਮੌਤ ਤੋਂ ਬਾਅਦ 2 ਲੜਕੀਆਂ ਨੂੰ ਫੇਸਬੁੱਕ 'ਤੇ ਕੀਤੀਆਂ ਆਪਣੀਆਂ ਟਿੱਪਣੀਆਂ ਕਾਰਨ ਜੇਲ੍ਹ ਜਾਣਾ ਪਿਆ ਸੀ। ਇਨ੍ਹਾਂ ਵਿਚੋਂ ਇਕ ਲੜਕੀ ਨੇ ਟਿੱਪਣੀ ਕੀਤੀ ਸੀ ਅਤੇ ਦੂਜੀ ਨੇ ਇਸ ਨੂੰ ਪਸੰਦ ਕੀਤਾ ਸੀ।


## ਪੰਜਾਬ ਟਾਈਮਜ਼ ਨਾਈਟ 28 ਮਾਰਚ ਨੂੰ

**ਸ਼ਿਕਾਗੋ (ਬਿਊਰੋ):** ਪੰਜਾਬ ਟਾਈਮਜ਼ ਦੀ 15ਵੀਂ ਵਰ੍ਹੇਗੰਢ ਮੌਕੇ ਇਕ ਸਮਾਗਮ 'ਪੰਜਾਬ ਟਾਈਮਜ਼ ਨਾਈਟ-2015' ਆਉਂਦੀ 28 ਮਾਰਚ ਨੂੰ ਕਟੇਲੀਅਨ ਬੈਂਕੁਇਟ ਹਾਲ, ਪੈਲਾਟਾਈਨ ਵਿਚ ਸ਼ਾਮੀ 6.30 ਵਜੇ ਤੋਂ ਕਰਵਾਇਆ ਜਾ ਰਿਹਾ ਹੈ।

ਇਸ ਪ੍ਰੋਗਰਾਮ ਮੌਕੇ ਮੁਖ ਮਹਿਮਾਨ ਮਿਲਵਾਕੀ ਤੋਂ ਡਾ. ਭੁਪਿੰਦਰ ਸਿੰਘ ਸੈਣੀ ਹੋਣਗੇ। ਕੈਲੀਫੋਰਨੀਆਂ ਤੋਂ ਗਾਇਕ ਜੀਤਾ ਗਿੱਲ ਤੋਂ ਇਲਾਵਾ ਸੁਖਪਾਲ ਗਿੱਲ ਅਤੇ ਲਖਵਿੰਦਰ ਮਾਵੀ ਸਰੋਤਿਆਂ ਦਾ ਆਪਣੀ ਗਾਇਕੀ ਨਾਲ ਮਨੋਰੰਜਨ ਕਰਨਗੇ। ਹੋਰ ਜਾਣਕਾਰੀ ਫੋਨ 847-359-0746 ਰਾਹੀਂ ਲਈ ਜਾ ਸਕਦੀ ਹੈ।


ਸਭ ਤੋਂ ਸਸਤੇ ਟਿਕਟ ਰੇਟ 'ਇੰਡੀਆ/ਪਾਕਿ'

TRAVELOPOD.COM



ਸਸਤੇ ਰੇਟ ਲਈ ਅੱਜ ਹੀ ਕਾਲ ਕਰੋ

Fares from $840

1-844-441-2345

BOOK BY PHONE & GET upto 40% OFF PHONE ONLY DEAL

Excellent Service

24/7 24x7 Live Support

Fly to INDIA and PAKISTAN with fares starting from :

| From | NYC | DC | DFW | CHI | ATL | HOU | SFO | LA |
|---|---|---|---|---|---|---|---|---|
| To DEL/BOM | 737 | 715 | 711 | 696 | 780 | 762 | 759 | 717 |
| MAA/HYD | 721 | 692 | 688 | 681 | 725 | 714 | 930 | 850 |
| BLR | 697 | 702 | 699 | 692 | 755 | 702 | 920 | 823 |
| AMD | 880 | 833 | 1042 | 855 | 855 | 836 | 955 | 923 |
| COK | 748 | 882 | 841 | 919 | 945 | 893 | 1146 | 1144 |
| KARACHI | 705 | 690 | 686 | 849 | 865 | 797 | 909 | 942 |
| ISLAMABAD | 682 | 707 | 690 | 688 | 730 | 689 | 777 | 750 |

LUXURY HOLIDAY TOURS
Rajasthan : $500
Enchanting Kerala from : $650
African Tours : $750
Europe Tours from : $790

Domestic & International Special Deals available from ALL CITIES.

Travelopod- BEST FARES ALWAYS

CST # 2112418-40



Sant Attar Singh Ji
(1866 – 1927)






Sant Teja Singh Ji
(1877 – 1965)

Akal University

# Guru ki Kashi

Damdama Sahib

www.BaruSahib.org

With the blessings of Akal Purakh & altruistic support by Sadh Sangat, we have completed the 1st Phase and Akal University has been

APPROVED by the Punjab Cabinet on 16th Feb'15.

## Educational Seminars

**Friday 3 April 2015**
7:00 PM Onwards
**Gurdwara Sant Sagar**
242-25 Braddock Ave Bellerose
NY 11426

**Sunday 5 April 2015**
12:00 PM Onwards
**Sikh Cultural Society**
95-30, 118th St Richmond Hill
NY 11419

**Friday 10 April 2015**
7:00 PM Onwards
**Dashmesh Darbar**
800 Port Reading Ave Port Reading
NJ 07064

**Sunday 12 April 2015**
12:00 PM Onwards
**Glen Rock Gurdwara**
541 Prospect Street Glenrock
NJ 07452

**Sunday 12 April 2015**
12:00 PM Onwards
**Sikh Sabha Of New Jersey Inc**
282 Bakers Basin Rd Lawrenceville
NJ 08648

**Saturday 18 April 2015**
12:00 PM Onwards
**India Palace Banquet Hall**
4213 Lafayette Rd
Indianapolis In 46254

**Sunday 19 April 2015**
12:00 PM Onwards
**Sikh Religious Society**
1280 Winnetka St
Palatine IL 60067

**Sunday 26 April 2015**
6:00 PM Onwards
**Antun's By Minar**
244 W Old Country Rd Hicksville
NY 11801

**Sunday 3 May 2015**
12:00 PM Onwards
**Guru Nanak Foundation of Greater Cleaveland**
4220 Broadview Rd Richfield Ohio 44286

For Registration, Please Text:
**Ravideep Kaur Mukta 972-693-1077**
**Email: mukta@barusahib.org**

No registration fees, complimentary dinner.
For registration text on this no Ravideep kaur 9726931077




**First Phase Completed with following departments**

- Department of Administration
- Department of Science
- Department of Commerce
- Department of Humanities
- Department of Economics
- Department of Divine Music
- Department of Religious Studies & Languages

**Proposed Work For Phase – II**

- Sri Guru Granth Sahib Research Center • Sikh Museum • Divinity Center

Hostel • Residence Quarter • Power Grid • Outer Infrastructure & Landscaping

#BaruSahibHP

@kalgidhartrust

# THE KALGIDHAR SOCIETY - BARU SAHIB

# ਪੰਜਾਬ ਵਿਚ ਵੀ.ਆਈ.ਪੀ. ਡਿਊਟੀਆਂ ਨੇ ਲਾਈਆਂ ਅਪਰਾਧੀਆਂ ਦੀਆਂ ਮੌਜਾਂ

**ਬਠਿੰਡਾ:** ਪੰਜਾਬ ਪੁਲਿਸ ਜ਼ਿਆਦਾ ਸਮਾਂ ਵੀ.ਆਈ.ਪੀ. ਡਿਊਟੀ ਜਾਂ ਫਿਰ ਲਾਅ ਐਂਡ ਆਰਡਰ ਵਿਚ ਹੀ ਉਲਝੀ ਰਹਿੰਦੀ ਹੈ ਤੇ ਫ਼ੌਜਦਾਰੀ ਕੇਸਾਂ ਦੀ ਢੁਕਵੀਂ ਤਫ਼ਤੀਸ਼ ਦਾ ਪੁਲੀਸ ਅਫ਼ਸਰਾਂ ਨੂੰ ਮੌਕਾ ਹੀ ਨਹੀਂ ਮਿਲਦਾ। ਪੰਜਾਬ ਵਿਚ ਫ਼ੌਜਦਾਰੀ ਕੇਸਾਂ ਦੇ ਅਪਰਾਧੀ ਅਦਾਲਤਾਂ ਵਿਚੋਂ ਸਾਫ਼ ਬਚ ਕੇ ਨਿਕਲ ਰਹੇ ਹਨ, ਜਦੋਂਕਿ ਅਪਰਾਧ ਦਰ ਵਿਚ ਵਾਧਾ ਹੋ ਰਿਹਾ ਹੈ। ਪੰਜਾਬ ਵਿਚ ਹੁਣ 'ਗੈਂਗਸਟਰਾਂ' ਵੀ ਵਧ ਰਹੇ ਹਨ। ਰਾਜਸਥਾਨ ਇਸ ਮਾਮਲੇ ਵਿਚ ਪੰਜਾਬ ਤੋਂ ਚੰਗੀ ਸਥਿਤੀ ਵਿਚ ਹੈ, ਜਿਥੇ ਸਜ਼ਾ ਦਰ ਕਾਫ਼ੀ ਸੁਧਰੀ ਹੈ।

ਕੇਂਦਰੀ ਗ੍ਰਹਿ ਮੰਤਰਾਲੇ ਦੇ ਵੇਰਵਿਆਂ ਅਨੁਸਾਰ ਲੰਘੇ ਚਾਰ ਵਰ੍ਹਿਆਂ ਤੋਂ ਪੰਜਾਬ ਵਿਚ ਫ਼ੌਜਦਾਰੀ ਕੇਸਾਂ ਦੇ ਅਪਰਾਧੀ ਅਦਾਲਤਾਂ ਵਿਚੋਂ ਬਰੀ ਹੋ ਰਹੇ ਹਨ ਤੇ ਇਨ੍ਹਾਂ ਕੇਸਾਂ ਵਿਚ ਸਜ਼ਾ ਦਰ ਵਿਚ ਕਮੀ ਹੋਣ ਲੱਗੀ ਹੈ। ਸਰਕਾਰੀ ਵੇਰਵਿਆਂ ਅਨੁਸਾਰ ਪੰਜਾਬ ਵਿਚ ਸਾਲ 2011 ਵਿਚ 22,454 ਫ਼ੌਜਦਾਰੀ ਕੇਸਾਂ ਦਾ ਅਦਾਲਤਾਂ ਵਿਚੋਂ ਫ਼ੈਸਲਾ ਹੋਇਆ ਹੈ, ਜਿਨ੍ਹਾਂ ਵਿਚੋਂ 8729 ਕੇਸਾਂ ਵਿਚ ਸਜ਼ਾ ਹੋਈ ਹੈ ਤੇ ਬਾਕੀ 13,725 ਕੇਸਾਂ ਵਿਚ ਅਪਰਾਧੀ ਬਰੀ ਹੋ ਗਏ ਹਨ। ਇਕ ਸਾਲ ਵਿਚ 61.1 ਫ਼ੀਸਦੀ ਅਪਰਾਧੀ ਅਦਾਲਤਾਂ ਵਿਚੋਂ ਬਰੀ ਹੋ ਗਏ ਹਨ। ਇਵੇਂ ਹੀ ਸਾਲ 2012 ਵਿਚ ਪੰਜਾਬ ਦੀਆਂ ਅਦਾਲਤਾਂ ਵਿਚੋਂ 22,938 ਫ਼ੌਜਦਾਰੀ ਕੇਸਾਂ ਦਾ ਫ਼ੈਸਲਾ ਹੋਇਆ, ਜਿਨ੍ਹਾਂ ਵਿਚੋਂ 62.5 ਫ਼ੀਸਦੀ ਕੇਸਾਂ ਵਿਚੋਂ ਅਪਰਾਧੀ ਬਰੀ ਹੋ ਗਏ ਹਨ। ਦਰਜ ਕੇਸਾਂ ਵਿਚੋਂ 13,834 ਕੇਸਾਂ ਦੇ ਅਪਰਾਧੀ ਜੇਲ੍ਹ ਜਾਣ ਦੀ ਥਾਂ ਘਰਾਂ ਨੂੰ ਚਲੇ ਗਏ। ਇਸ ਤੋਂ ਇਲਾਵਾ ਸਾਲ 2013 ਵਿਚ ਅਦਾਲਤਾਂ ਵਿਚ 24,482 ਕੇਸਾਂ ਦਾ ਨਿਪਟਾਰਾ ਹੋਇਆ, ਜਿਨ੍ਹਾਂ ਵਿਚ 8909 ਕੇਸਾਂ ਵਿਚ ਪੁਲਿਸ ਦੇ ਹੱਥ ਸਫ਼ਲਤਾ ਲੱਗੀ, ਜਦੋਂਕਿ 15,573 ਕੇਸਾਂ ਵਿਚ ਪੁਲਿਸ ਨੂੰ ਨਮੋਸ਼ੀ ਝੱਲਣੀ ਪਈ ਤੇ 63.6 ਫ਼ੀਸਦੀ ਕੇਸਾਂ ਵਿਚ ਅਪਰਾਧੀ ਬਰੀ ਹੋ ਗਏ। ਸੂਤਰਾਂ ਅਨੁਸਾਰ ਸਾਲ 2014 ਵਿਚ ਅਪਰਾਧੀਆਂ ਦੇ ਬਰੀ ਹੋਣ ਦੀ ਦਰ 64 ਫ਼ੀਸਦੀ ਦੇ ਨੇੜੇ ਪੁੱਜ ਗਈ ਹੈ। ਸਰਕਾਰੀ ਵੇਰਵਿਆਂ ਅਨੁਸਾਰ ਪੰਜਾਬ ਦੇ ਗੁਆਂਢੀ ਸੂਬੇ ਰਾਜਸਥਾਨ ਵਿਚ ਫ਼ੌਜਦਾਰੀ ਕੇਸਾਂ ਦੀ ਸਫ਼ਲਤਾ ਦਰ 60 ਫ਼ੀਸਦੀ ਤੋਂ ਉਪਰ ਰਹੀ ਹੈ। ਰਾਜਸਥਾਨ ਵਿਚ ਸਾਲ 2011 ਵਿਚ ਫ਼ੌਜਦਾਰੀ ਕੇਸਾਂ ਵਿਚ ਬਰੀ ਹੋਣ ਦੀ ਦਰ 35.5 ਫ਼ੀਸਦੀ, ਸਾਲ 2012 ਵਿਚ 38.7 ਫ਼ੀਸਦੀ ਤੇ ਸਾਲ 2013 ਵਿਚ 37.8 ਫ਼ੀਸਦੀ ਰਹੀ ਹੈ। ਇਸ ਤੋਂ ਇਲਾਵਾ ਹਰਿਆਣਾ ਵਿਚ ਤਾਂ ਫ਼ੌਜਦਾਰੀ ਕੇਸਾਂ ਵਿਚ ਸਜ਼ਾ ਦਰ ਸਿਰਫ਼ 32 ਤੋਂ 35 ਫ਼ਸਦੀ ਰਹੀ ਹੈ। ਪ੍ਰਾਸੀਕਿਊਸ਼ਨ ਤੇ ਲਿਟੀਗੇਸ਼ਨ ਵਿਭਾਗ ਪੰਜਾਬ ਦੇ ਡਾਇਰੈਕਟਰ ਅਵਤਾਰ ਸਿੰਘ ਸੰਧੂ ਦਾ ਕਹਿਣਾ ਸੀ ਕਿ ਅਦਾਲਤਾਂ ਵਿਚ ਜ਼ਿਆਦਾ ਨਿਰਭਰਤਾ ਗਵਾਹਾਂ 'ਤੇ ਹੁੰਦੀ ਹੈ ਤੇ ਗਵਾਹਾਂ ਦੇ ਮੁੱਕਰਨ ਦੀ ਸੂਰਤ ਵਿਚ ਕੇਸ ਕਮਜ਼ੋਰ ਰਹਿ ਜਾਂਦੇ ਹਨ। ਉਨ੍ਹਾਂ ਆਖਿਆ ਕਿ ਵਿਗਿਆਨਿਕ ਸਬੂਤਾਂ 'ਤੇ ਜ਼ਿਆਦਾ ਜ਼ੋਰ ਦੇ ਕੇ ਅਦਾਲਤਾਂ ਵਿਚ ਪੁਲਿਸ ਸਜ਼ਾ ਦਰ ਵਧਾ ਸਕਦੀ ਹੈ। ਸੂਤਰਾਂ ਅਨੁਸਾਰ ਪੰਜਾਬ ਦੇ ਵੱਡੇ ਅਪਰਾਧੀ ਅਦਾਲਤਾਂ ਵਿਚੋਂ ਬਚਣ ਕਰਕੇ ਗੈਂਗਸਟਰਾਂ ਵਿਚ ਤਬਦੀਲ ਹੋ ਰਹੇ ਹਨ, ਜਿਸ ਨਾਲ ਸਮਾਜ ਤੇ ਪੁਲਿਸ ਦੋਹਾਂ ਨੂੰ ਖ਼ਤਰਾ ਖੜ੍ਹਾ ਹੋ ਗਿਆ ਹੈ। ਐਡਵੋਕੇਟ ਰਾਜੇਸ਼ ਸ਼ਰਮਾ ਨੇ ਆਖਿਆ ਕਿ ਪੁਲਿਸ ਜ਼ਿਆਦਾ ਸਮਾਂ ਅਮਨ ਕਾਨੂੰਨ ਦੇ ਮਸਲਿਆਂ ਵਿਚ ਉਲਝੀ ਰਹਿੰਦੀ ਹੈ, ਜਿਸ ਕਰਕੇ ਤਫ਼ਤੀਸ਼ ਪ੍ਰਭਾਵਿਤ ਹੁੰਦੀ ਹੈ। ਅਪਰਾਧੀ ਇਸ ਦਾ ਫਾਇਦਾ ਲੈ ਜਾਂਦੇ ਹਨ। ਉਨ੍ਹਾਂ ਆਖਿਆ ਕੁਝ ਕੇਸਾਂ ਵਿੱਚ ਸਰਕਾਰੀ ਪ੍ਰਵਾਨਗੀ ਨਾ ਮਿਲਣ ਜਾਂ ਦੇਰੀ ਨਾਲ ਮਿਲਣ ਕਰਕੇ ਕੇਸ ਫੇਲ੍ਹ ਹੋ ਜਾਂਦੇ ਹਨ।

## ਪੰਜਾਬ ਪੁਲਿਸ ਕੋਲ ਹਥਿਆਰਾਂ ਬਾਰੇ ਡੇਟਾ ਨਹੀਂ

ਕੈਗ ਰਿਪੋਰਟ ਵਿਚ ਖ਼ੁਲਾਸਾ ਕੀਤਾ ਗਿਆ ਹੈ ਕਿ ਪੰਜਾਬ ਪੁਲਿਸ ਹੈਡਕੁਆਰਟਰਾਂ ਉਤੇ ਖੇਤਰੀ ਇਕਾਈਆਂ ਕੋਲ ਹਥਿਆਰ ਤੇ ਅਸਲੇ ਦੀ ਉਪਲੱਬਧਤਾ ਬਾਰੇ ਕੋਈ ਕੇਂਦਰੀ ਡਾਟਾਬੇਸ ਨਹੀਂ ਸੀ ਤੇ ਨਾ ਹੀ ਸਬੰਧਤ ਦਫ਼ਤਰਾਂ ਤੋਂ ਕੋਈ ਸਮਾਬੱਧ ਅਜਿਹੀ ਮੰਗ ਕੀਤੀ ਜਾਂਦੀ ਹੈ।

ਕੇਂਦਰੀ ਗ੍ਰਹਿ ਮੰਤਰਾਲੇ ਨੇ 1990 ਵਿਚ ਰਾਜ ਪੁਲਿਸ ਬਲਾਂ ਲਈ ਹਥਿਆਰਾਂ ਦੇ ਸਕੇਲ ਦਾ ਨਿਰਧਾਰਣ ਕੀਤਾ ਸੀ। ਦਸ ਸਾਲ ਬਾਅਦ ਇਨ੍ਹਾਂ ਦੀ ਸਮੀਖਿਆ ਜ਼ਰੂਰੀ ਹੈ ਪਰ ਪੰਜਾਬ ਵਿਚ ਉਸ ਤੋਂ ਬਾਅਦ ਸਮੀਖਿਆ ਨਹੀਂ ਕੀਤੀ ਗਈ। ਰਿਪੋਰਟ 'ਚ ਇਹ ਵੀ ਕਿਹਾ ਗਿਆ ਹੈ ਕਿ ਪੁਲਿਸ ਨੇ ਇਸਰਾਈਲ ਤੋਂ ਹਥਿਆਰ ਤਾਂ ਖ਼ਰੀਦ ਲਏ ਤੇ ਇਹ ਜਾਰੀ ਵੀ ਕਰ ਦਿੱਤੇ ਪਰ ਇਨ੍ਹਾਂ ਲਈ ਗੋਲਾ ਬਾਰੂਦ ਨਾ ਹੋਣ ਕਾਰਨ ਇਹ ਬੇਕਾਰ ਪਏ ਰਹੇ।


Kahlon Trucking Inc.

Wanted CDL A Drivers



*Pay Upto $0.50 Per Mile
*Clean Record Required
*Home On Weekend

ਸੀ ਡੀ ਐਲ ਏ ਡਰਾਈਵਰ ਚਾਹੀਦੇ ਹਨ

*ਤਨਖਾਹ $0.50 ਪ੍ਰਤੀ ਮੀਲ ਤੱਕ
*ਸਾਫ ਸੁਥਰਾ ਰਿਕਾਰਡ ਹੋਵੇ *ਹਰ ਵੀਕਐਂਡ ਉਤੇ ਘਰ
ਸੰਪਰਕ ਕਰੋ: ਤਰਨਬੀਰ ਸਿੰਘ
ਫੋਨ: 630-219-8495



Desi Bazar

916 E. Main Street #118, Greenwood, IN, 46143
Tel: 317-888-2040, Fax: 317-887-6116

We specialize in all kind of Indian Groceries and Sweets

J FRESH VEGETABLES EVERY THURSDAY
J FRESH GOAT MEAT

10% off on all Gurudwara supplies and Religious programs!!

We Are Open 7 Days a Week

ਖੁਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ



# ਸਿੱਖ ਰਿਲੀਜੀਅਸ ਸੁਸਾਇਟੀ ਦੇ ਸੰਵਿਧਾਨ ਵਿਚ ਕੀਤੀਆਂ ਜਾ ਰਹੀਆਂ ਸੋਧਾਂ ਨੂੰ ਪਾਸ ਕਰਨ ਤੋਂ ਪਹਿਲਾਂ ਹੇਠ ਦਿੱਤੇ ਸਵਾਲਾਂ ਨੂੰ ਜ਼ਰਾ ਧਿਆਨ ਨਾਲ ਜ਼ਰੂਰ ਪੜ੍ਹੋ ਤੇ ਵਿਚਾਰੋ ਜੀ

ਗੁਰੂ ਪਿਆਰੀ ਸਾਧ ਸੰਗਤ ਜੀ, ਸਾਵਧਾਨ ਰਹੋ!

ਗੁਰਦੁਆਰਾ ਪੈਲਾਟਾਈਨ ਵਿਖੇ ਵੋਟਾਂ ਬੰਦ ਕਰਵਾਉਣ ਦਾ ਝੂਠਾ ਵਾਅਦਾ ਦਿੱਤਾ ਜਾ ਰਿਹਾ ਹੈ। ਉਸ ਬਾਰੇ ਰੈਫਰੈਂਡਮ ਨੂੰ ਜ਼ਰਾ ਧਿਆਨ ਨਾਲ ਪੜ੍ਹੋ ਜੀ। ਸਾਧ ਸੰਗਤ ਜੀ, 'ਇਕ ਵੋਟ, ਇਕ ਉਮੀਦਵਾਰ' ਕੀ ਇਹ ਵੋਟਾਂ ਨਹੀਂ ਹਨ? ਸਾਧ ਸੰਗਤ ਜੀ, ਨਵੇਂ ਸੰਵਿਧਾਨ ਮੁਤਾਬਕ ਸਿਲੈਕਸ਼ਨ ਵਿਧੀ ਅਪਨਾਈ ਜਾਵੇਗੀ। ਜੇ ਕਾਮਯਾਬ ਹੋ ਗਈ ਤਾਂ ਠੀਕ, ਨਹੀਂ ਤਾਂ ਫਿਰ ਵੋਟਾਂ ਹੀ ਪੈਣਗੀਆਂ। ਇਸ ਦਾ ਮਤਲਬ ਵੋਟਾਂ ਖਤਮ ਨਹੀਂ ਹੋਣ ਜਾ ਰਹੀਆਂ। ਇਥੇ 'ਜੇ' ਕਿਉਂ ਰੱਖੀ ਜਾ ਰਹੀ ਹੈ? ਇੱਕ ਗੱਲ ਕਿਉਂ ਨਹੀਂ? ਸਿਲੈਕਸ਼ਨ ਜਾਂ ਇਲੈਕਸ਼ਨ, ਦੋ-ਦੋ ਰਾਹ ਕਿਉਂ ਚੁਣੇ ਜਾ ਰਹੇ ਹਨ? ਕੀ ਇਥੇ ਸੰਗਤ ਦੀਆਂ ਭਾਵਨਾਵਾਂ ਨਾਲ ਖਿਲਵਾੜ ਨਹੀਂ ਕੀਤਾ ਜਾ ਰਿਹਾ? ਜੇ ਸਾਧ ਸੰਗਤ ਇਸ ਨਵੇਂ ਲਿਖੇ ਸੰਵਿਧਾਨ ਵਿਚ ਸਿਲੈਕਸ਼ਨ ਤੇ ਇਲੈਕਸ਼ਨ ਹੀ ਰੱਖਣੀ ਸੀ ਤਾਂ ਫਿਰ ਇਹ ਪਹਿਲੇ ਸੰਵਿਧਾਨ ਵਿਚ ਵੀ ਲਿਖਿਆ ਹੋਇਆ ਹੈ। ਇਹ ਸਿਰਫ ਸੰਗਤਾਂ ਨੂੰ ਸਿਆਸਤਦਾਨਾਂ ਵਾਂਗ ਨਵੇਂ ਨਵੇਂ ਭੁਲੇਖਾ ਪਾਊ ਵਾਅਦੇ ਦਿੱਤੇ ਜਾ ਰਹੇ ਹਨ। ਇਨ੍ਹਾਂ ਸੱਜਣਾਂ ਵਲੋਂ ਸੰਗਤਾਂ ਨੂੰ ਘਰਾਂ ਵਿਚ ਫੋਨ ਕਰ ਕੇ ਕਿਹਾ ਜਾ ਰਿਹਾ ਹੈ ਕਿ ਅਸੀਂ ਗੁਰੂ ਘਰ ਵਿਚ ਲੜਾਈਆਂ ਖਤਮ ਕਰਨ ਜਾ ਰਹੇ ਹਾਂ ਅਤੇ ਜੋ ਕੋਰਟ ਕਚਹਿਰੀਆਂ ਵਿਚ ਸੰਗਤਾਂ ਦਾ ਪੈਸਾ ਖਰਾਬ ਹੁੰਦਾ ਹੈ, ਉਸ ਨੂੰ ਬਰਬਾਦ ਹੋਣ ਤੋਂ ਬਚਾਵਾਂਗੇ।

ਸਾਡਾ ਸਵਾਲ ਹੈ ਕਿ ਜਦੋਂ ਦਾ ਗੁਰਦੁਆਰਾ ਪੈਲਾਟਾਈਨ ਹੋਂਦ ਵਿਚ ਆਇਆ ਹੈ, ਉਦੋਂ ਤੋਂ ਲੈ ਕੇ ਅੱਜ ਤੱਕ ਜਿੰਨੇ ਕੋਰਟ ਕੇਸ ਹੋਏ ਹਨ, ਉਹ ਕਿਨ੍ਹਾਂ ਲੋਕਾਂ ਵਲੋਂ ਕੀਤੇ ਗਏ ਹਨ ਤੇ ਕਿਨ੍ਹਾਂ ਵਲੋਂ ਕਰਵਾਏ ਗਏ ਸਨ? ਇਸ ਦਾ ਜਵਾਬ ਸੰਗਤ ਨੂੰ ਦਿੱਤਾ ਜਾਵੇ। ਇਹ ਤਾਂ ਉਹ ਗੱਲ ਹੋਈ, ਨਾਲੇ ਚੋਰ, ਨਾਲੇ ਚਤੁਰਾਈਆਂ। ਇਨ੍ਹਾਂ ਸੱਜਣਾਂ ਤੋਂ ਸੰਗਤ ਜਾਣਨਾ ਚਾਹੁੰਦੀ ਹੈ ਕਿ ਜਦੋਂ ਇਹ ਨਵਾਂ ਸੰਵਿਧਾਨ ਰੈਫਰੈਂਡਮ ਰਾਹੀਂ ਸੰਨ 2014 ਵਿਚ 2000 ਮੈਂਬਰਾਂ ਦੀ ਮੈਂਬਰਸ਼ਿਪ ਵਲੋਂ ਪ੍ਰਵਾਨ ਨਹੀਂ ਕੀਤਾ ਗਿਆ ਸੀ ਤਾਂ ਫਿਰ ਹੁਣ 650 ਮੈਂਬਰਾਂ ਦੀ ਮੈਂਬਰਸ਼ਿਪ ਤੇ ਦੂਜੀ ਵਾਰ ਪਾਸ ਕਰਵਾਉਣ ਦੀ ਜ਼ਰੂਰਤ ਕਿਉਂ ਪੈ ਗਈ?

ਅਗਲਾ ਸਵਾਲ ਇਨ੍ਹਾਂ ਸੱਜਣਾਂ ਨੂੰ ਇਹ ਹੈ ਕਿ ਨਾ-ਪ੍ਰਵਾਨ ਹੋ ਚੁਕੇ ਰੈਫਰੈਂਡਮ ਨੂੰ ਸੰਗਤ ਦੀ ਕਚਹਿਰੀ ਵਿਚ ਲਿਆਉਣ ਤੋਂ ਪਹਿਲਾਂ ਸੰਗਤ ਦੀ ਸਹਿਮਤੀ ਲਈ ਗਈ ਸੀ ਜਾਂ ਨਹੀਂ? ਜੋ ਇਸ ਰੈਫਰੈਂਡਮ ਵਿਚ ਕਮਜ਼ੋਰੀਆਂ ਸਨ, ਕੀ ਉਨ੍ਹਾਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ? ਜੇ ਨਹੀਂ, ਤਾਂ ਕਿਉਂ ਨਹੀਂ?

ਅਸੀਂ ਇਥੇ ਸੰਗਤ ਨੂੰ ਸਾਵਧਾਨ ਕਰਨਾ ਚਾਹੁੰਦੇ ਹਾਂ ਕਿ ਦਾਲ ਵਿਚ ਕੁਝ ਕਾਲਾ ਹੈ ਜਾਂ ਫਿਰ ਸਾਰੀ ਦਾਲ ਹੀ ਕਾਲੀ ਹੈ! ਸਾਧ ਸੰਗਤ ਸੰਵਿਧਾਨ ਵਿਚ ਸੋਧਾਂ ਜੇ ਪਾਸ ਹੋ ਜਾਂਦੀਆਂ ਹਨ ਤਾਂ ਇਕ ਐਮ. ਏ. ਸੀ. ਕਮੇਟੀ ਬਣਾਈ ਜਾਵੇਗੀ। ਉਸ ਵਿਚ ਪੰਜ ਮੈਂਬਰ ਹੋਣਗੇ, ਉਹ ਕਮੇਟੀ ਸਿਲੈਕਸ਼ਨ ਰਾਹੀਂ ਬਣਾਈ ਜਾਵੇਗੀ ਤੇ ਉਹ ਅੱਗੇ ਜਾ ਕੇ ਬੋਰਡ ਮੈਂਬਰ ਸਿਲੈਕਸ਼ਨ ਰਾਹੀਂ ਜਾਂ ਵੋਟਾਂ ਰਾਹੀਂ ਚੁਣੇਗੀ।

ਰੈਫਰੈਂਡਮ ਕਰਵਾਉਣ ਵਾਲੇ ਇਨ੍ਹਾਂ ਸੱਜਣਾਂ ਨੂੰ ਸਵਾਲ ਹੈ ਕਿ ਜੇ ਤੁਸੀਂ ਐਮ. ਏ. ਸੀ. ਨੂੰ ਪਰਚੀ ਜਾਂ ਸਿਲੈਕਸ਼ਨ ਰਾਹੀਂ ਮਨਜ਼ੂਰ ਕਰ ਸਕਦੇ ਹੋ ਤਾਂ ਫਿਰ ਬੋਰਡ ਮੈਂਬਰਾਂ ਨੂੰ ਪਰਚੀ ਸਿਸਟਮ ਰਾਹੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਸੰਗਤ ਦੀ ਪ੍ਰਵਾਨਗੀ ਲੈ ਕੇ ਕਿਉਂ ਨਹੀਂ ਪ੍ਰਵਾਨ ਕੀਤਾ ਜਾ ਸਕਦਾ? ਕੀ ਇਥੇ ਐਮ. ਏ. ਸੀ. ਨਵੀਂ ਕਮੇਟੀ ਬਣਾ ਕੇ ਪੰਜ ਹੋਰ ਨਵੇਂ ਚੌਧਰੀ ਖੜ੍ਹੇ ਕਰਨ ਦੀ ਵਿਉਂਤ ਨਹੀਂ ਬਣਾਈ ਜਾ ਰਹੀ?

ਸਾਧ ਸੰਗਤ ਜੀ, ਇਕ ਉਮੀਦਵਾਰ ਤੋਂ ਇਕ ਵੋਟ ਰਾਹੀਂ ਪਰਿਵਾਰ ਵਿਚ ਕੁੜਿਤਣ ਪੈਦਾ ਕਰਨ ਵੱਲ ਨੂੰ ਨਵਾਂ ਕਦਮ ਪੁੱਟਿਆ ਜਾ ਰਿਹਾ ਹੈ ਅਤੇ ਇਸ ਰਾਹੀਂ ਵੱਡੇ ਪਰਿਵਾਰ ਦਾ ਪ੍ਰਬੰਧਕੀ ਢਾਂਚੇ ਵਿਚ ਬੋਲ-ਬਾਲਾ ਵਧੇਗਾ ਤੇ ਫਿਰ ਉਨ੍ਹਾਂ ਪਰਿਵਾਰਾਂ ਵਿਚ ਲੜਾਈ ਸ਼ੁਰੂ ਹੋਵੇਗੀ। ਸੋ, ਸਾਧ ਸੰਗਤ ਜੀ ਧੋਖੇ ਤੋਂ ਬਚੋ।

ਸਾਧ ਸੰਗਤ ਜੀ, ਅਸੀਂ ਵੀ ਵੋਟਾਂ ਨਹੀਂ ਚਾਹੁੰਦੇ, ਸਾਡੀ ਤਾਂ ਪਹਿਲਾਂ ਤੋਂ ਹੀ ਕੋਸ਼ਿਸ਼ ਰਹੀ ਹੈ ਕਿ ਵੋਟਾਂ ਖਤਮ ਹੋਣੀਆਂ ਚਾਹੀਦੀਆਂ ਹਨ। ਪਰਚੀ ਸਿਸਟਮ ਰਾਹੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਤੇ ਸੰਗਤ ਦੀ ਹਾਜ਼ਰੀ ਵਿਚ ਫੈਸਲਾ ਲੈ ਕੇ ਪ੍ਰਬੰਧਕੀ ਢਾਂਚਾ ਚੁਣਿਆ ਜਾਵੇ। ਹਾਂ, ਇਹ ਸਿਸਟਮ ਜ਼ਰੂਰ ਬਣਾਇਆ ਜਾਵੇ ਕਿ ਬੋਰਡ ਮੈਂਬਰ ਬਣਨ ਵਾਸਤੇ ਕੀ ਕੀ ਸ਼ਰਤਾਂ ਹਨ। ਜੋ ਵੀ ਮੈਂਬਰ ਬਣਨਾ ਚਾਹੁੰਦਾ ਹੋਵੇ, ਉਹ ਉਨ੍ਹਾਂ ਸ਼ਰਤਾਂ ਨੂੰ ਜ਼ਰੂਰ ਪੂਰਾ ਕਰਦਾ ਹੋਵੇ, ਤਾਂ ਉਸ ਨੂੰ ਆਪਣੀ ਪਰਚੀ ਪਾਉਣ ਦਾ ਹੱਕ ਮਿਲ ਸਕੇ, ਭਾਵੇਂ ਜਿੰਨੀਆਂ ਮਰਜੀ ਪਰਚੀਆਂ ਆ ਜਾਣ। ਪਰਚੀਆਂ ਮੈਂਬਰਾਂ ਦੀ ਲੋੜ ਅਨੁਸਾਰ ਚੁੱਕੀਆਂ ਜਾਣ ਤੇ ਇਕ ਜਾਂ ਦੋ ਪਰਚੀਆਂ ਉਨ੍ਹਾਂ ਦੇ ਮੈਂਬਰਾਂ ਤੋਂ ਇਲਾਵਾ ਵੀ ਚੁੱਕੀਆਂ ਜਾ ਸਕਦੀਆਂ ਹਨ ਤਾਂ ਜੋ ਕਿਸੇ ਮੈਂਬਰ ਦੇ ਸੇਵਾ ਕਰਨ ਤੋਂ ਅਸਮਰਥਾ ਪ੍ਰਗਟਾਏ ਜਾਣ 'ਤੇ ਉਸ ਦੀ ਜਗ੍ਹਾ ਪੂਰੀ ਕੀਤੀ ਜਾ ਸਕੇ।

ਸਾਡੀ ਸਮੂਹ ਸੰਗਤ ਨੂੰ ਬੇਨਤੀ ਹੈ ਕਿ ਇਸ ਭੁਲੇਖਾਪਾਊ ਸੰਵਿਧਾਨ ਨੂੰ ਪਾਸ ਹੋਣ ਤੋਂ ਰੋਕਿਆ ਜਾਵੇ। ਇਹ ਵੀ ਬੇਨਤੀ ਹੈ ਕਿ ਸਾਰੇ ਗਰੁਪਾਂ ਤੇ ਸਮੂਹ ਸੰਗਤਾਂ ਦੇ ਵਿਚਾਰ ਲੈ ਕੇ ਉਨ੍ਹਾਂ ਨੂੰ ਇਕ ਮਾਲਾ ਵਿਚ ਪਰੋ ਕੇ ਕੋਈ ਸਾਂਝਾ ਉਪਰਾਲਾ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਫੈਸਲਾ ਲੈ ਕੇ ਪ੍ਰਬੰਧਕ ਚੁਣੇ ਜਾਣੇ ਚਾਹੀਦੇ ਹਨ, ਜਿਸ ਨਾਲ ਆਪਸੀ ਪਿਆਰ ਵਧੇਗਾ ਤੇ ਗੁੱਟਬਾਜ਼ੀ ਘਟੇਗੀ। ਜਿਸ ਤਰ੍ਹਾਂ ਹੁਣ ਸੰਵਿਧਾਨ ਸੰਗਤਾਂ ਵਿਚ ਪਾਸ ਹੋਣ ਵਾਸਤੇ ਭੇਜਿਆ ਜਾ ਰਿਹਾ ਹੈ, ਇਹ ਗੁੱਟਬਾਜ਼ੀ ਨੂੰ ਘਟਾਉਣ ਵਾਲਾ ਨਹੀਂ ਸਗੋਂ ਪਰਿਵਾਰਕ ਲੜਾਈ ਨੂੰ ਜਨਮ ਦੇਣ ਵਾਲਾ ਜ਼ਿਆਦਾ ਹੈ। ਬਾਕੀ ਅਸੀਂ ਫੈਸਲਾ ਸੰਗਤ ਜੀ ਤੁਹਾਡੇ ਉਤੇ ਛੱਡਦੇ ਹਾਂ। ਸੰਗਤ ਦਾ ਫੈਸਲਾ ਅਟੱਲ ਹੁੰਦਾ ਹੈ। ਸਾਡਾ ਫਰਜ਼ ਤੁਹਾਨੂੰ ਫਾਇਦੇ ਜਾਂ ਨੁਕਸਾਨ ਤੋਂ ਜਾਣੂ ਕਰਵਾਉਣਾ ਸੀ। ਅਸੀਂ ਆਪਣਾ ਫਰਜ਼ ਨਿਭਾਇਆ ਹੈ। ਅੱਗੋਂ ਕੀ ਹੁੰਦਾ ਹੈ, ਸੱਚੇ ਪਾਤਸ਼ਾਹ ਵਾਹਿਗੁਰੂ ਜਾਣੇ।

ਵਲੋਂ: ਪੰਥਕ ਗਰੁਪ ਸ਼ਿਕਾਗੋ

Advt.

**Punjab Times**
**Established in 2000**
**16th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Photographer**
Kamaljit Singh Virdi
Ph. 847-502-2703

**Our Columnists**
Ashok Bhaura
Tarlochan Singh Dupalpur
Baljit Basi
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.


**All disputes subject to Chicago jurisdiction.**

# 'ਪੰਜਾਬ 1984' ਨੂੰ ਸਰਵੋਤਮ ਪੰਜਾਬੀ ਫਿਲਮ ਪੁਰਸਕਾਰ

**ਨਵੀਂ ਦਿੱਲੀ:** 62ਵੇਂ ਕੌਮੀ ਫਿਲਮ ਪੁਰਸਕਾਰਾਂ ਵਿਚ ਖੇਤਰੀ ਭਾਸ਼ਾਵਾਂ ਦੀ ਸ਼੍ਰੇਣੀ ਵਿਚੋਂ ਸਰਵੋਤਮ ਪੰਜਾਬੀ ਫਿਲਮ ਦਾ ਪੁਰਸਕਾਰ 'ਪੰਜਾਬ 1984' ਨੂੰ ਮਿਲਿਆ ਹੈ। ਇਸ ਫਿਲਮ ਵਿਚ ਕਿਰਨ ਖੇਰ, ਪਵਨ ਮਲਹੋਤਰਾ, ਦਲਜੀਤ ਦੋਸਾਂਝ ਤੇ ਸੋਨਮ ਬਾਜਵਾ ਦੀਆਂ ਮੁੱਖ ਭੂਮਿਕਾਵਾਂ ਸਨ। ਫਿਲਮ ਦਾ ਨਿਰਦੇਸ਼ਨ ਅਨੁਰਾਗ ਸਿੰਘ ਨੇ ਦਿੱਤਾ ਸੀ। ਸਰਵੋਤਮ ਹਰਿਆਣਵੀ ਫਿਲਮ 'ਪਗੜੀ- ਦਿ ਆਨਰ' ਨੂੰ ਐਲਾਨਿਆ ਗਿਆ ਹੈ।

'ਕੁਈਨ' ਫਿਲਮ ਵਿਚ ਸ਼ਾਨਦਾਰ ਅਦਾਕਾਰੀ ਲਈ ਕੰਗਣਾ ਰਨੌਤ ਨੂੰ ਸਰਵੋਤਮ ਅਦਾਕਾਰਾ ਚੁਣਿਆ ਗਿਆ ਹੈ। 28 ਸਾਲਾ ਕੰਗਨਾ ਅਜੇ ਹੁਣੇ ਹੀ ਆਪਣਾ ਜਨਮ ਦਿਨ ਮਨਾ ਕੇ ਹਟੀ ਹੈ। ਇਹ ਉਸ ਨੂੰ ਮਿਲਿਆ ਦੂਜਾ ਕੌਮੀ ਪੁਰਸਕਾਰ ਹੈ। ਪਹਿਲਾ ਕੌਮੀ ਪੁਰਸਕਾਰ ਉਸ ਨੂੰ 2010 ਵਿਚ 'ਫੈਸ਼ਨ' ਫਿਲਮ ਵਿਚ ਸਰਵੋਤਮ ਸਹਾਇਕ ਅਦਾਕਾਰਾ ਵਜੋਂ ਮਿਲਿਆ ਸੀ। ਵਿਕਾਸ ਬਹਿਲ ਨਿਰਦੇਸ਼ਤ ਇਸ ਫਿਲਮ 'ਕੁਈਨ' ਨੂੰ ਸਰਵੋਤਮ ਹਿੰਦੀ ਫੀਚਰ ਫਿਲਮ ਵੀ ਐਲਾਨਿਆ ਗਿਆ। 'ਹੈਦਰ' ਅਤੇ 'ਮੇਰੀਕੌਮ' ਨੂੰ ਵੀ ਅਹਿਮ ਪੁਰਸਕਾਰ ਮਿਲੇ ਹਨ। ਚੈਤੰਨਯਾ ਤਮਹਾਨੇ ਦੀ ਫਿਲਮ 'ਕੋਰਟ' ਨੂੰ ਸਰਵੋਤਮ ਫੀਚਰ ਫਿਲਮ ਐਲਾਨਿਆ ਗਿਆ ਹੈ। ਕੰਨੜ ਫਿਲਮ 'ਨਾਤੂ ਅਵਾਨੱਲਾ ਅਵਾਲੂ' (ਮੈਂ ਪੁਰਸ਼ ਨਹੀਂ, ਔਰਤ ਹਾਂ) ਲਈ ਵਿਜੇ ਨੂੰ ਪੁਰਸ਼ ਦੀ ਦੇਹ ਵਿਚ ਕੈਦ ਔਰਤ ਦੀ ਸ਼ਾਨਦਾਰ ਭੂਮਿਕਾ ਨਿਭਾਉਣ ਲਈ ਸਰਵੋਤਮ ਅਦਾਕਾਰ ਐਲਾਨਿਆ ਗਿਆ।

ਸ਼ਾਹਿਦ ਕਪੂਰ ਦੀ ਅਦਾਕਾਰੀ ਵਾਲੀ ਫਿਲਮ 'ਹੈਦਰ' ਨੂੰ ਪੰਜ ਸਨਮਾਨ- ਸਰਵੋਤਮ ਮਿਊਜ਼ਿਕ ਡਾਇਰੈਕਸ਼ਨ, ਸਰਵੋਤਮ ਡਾਇਲਾਗ, ਸਰਵੋਤਮ ਮੇਲ ਪਲੇਅਬੈਕ ਸਿੰਗਰ, ਸਰਵੋਤਮ ਕੋਰੀਓਗ੍ਰਾਫੀ ਤੇ ਸਰਵੋਤਮ ਪਹਿਰਾਵਾ, ਮਿਲੇ ਹਨ। ਸਰਵੋਤਮ ਮੇਲ ਪਲੇਅਬੈਕ ਸਿੰਗਰ ਦਾ ਪੁਰਸਕਾਰ ਸੁਖਵਿੰਦਰ ਨੂੰ 'ਹੈਦਰ' ਦੇ ਗੀਤ 'ਬਿਸਮਿਲ' ਲਈ ਮਿਲਿਆ ਹੈ।




J ਕੌਮੀ ਫਿਲਮ ਇਨਾਮਾਂ ਦੇ ਜੇਤੂ
J ਸਰਵੋਤਮ ਹਿੰਦੀ ਫਿਲਮ: ਕੁਈਨ
J ਸਰਵੋਤਮ ਪੰਜਾਬੀ ਫਿਲਮ: ਪੰਜਾਬ 1984
J ਸਰਵੋਤਮ ਹਰਿਆਣਵੀ ਫਿਲਮ: ਪਗੜੀ- ਦਿ ਆਨਰ
J ਸਰਵੋਤਮ ਪਾਪੂਲਰ ਫਿਲਮ: ਮੇਰੀ ਕੌਮ
J ਸਰਵੋਤਮ ਫੀਚਰ ਫਿਲਮ: ਕੋਰਟ
J ਸਰਵੋਤਮ ਮਿਊਜ਼ਿਕ ਡਾਇਰੈਕਸ਼ਨ (ਗੀਤ): ਹੈਦਰ
J ਸਰਵੋਤਮ ਕੋਰੀਓਗ੍ਰਾਫੀ: ਫਿਲਮ 'ਹੈਦਰ' ਦਾ ਗੀਤ 'ਬਿਸਮਿਲ'
J ਸਰਵੋਤਮ ਅਦਾਕਾਰਾ: ਕੰਗਨਾ ਰਨੌਤ (ਕੁਈਨ)
J ਸਰਵੋਤਮ ਅਦਾਕਾਰ: ਵਿਜੈ ('ਨਾਤੂ ਅਵਾਨੱਲਾ ਅਵਾਲੂ')
J ਸਰਵੋਤਮ ਸਹਾਇਕ ਅਦਾਕਾਰਾ: ਬਲਜਿੰਦਰ ਕੌਰ (ਪਗੜੀ)
J ਸਰਵੋਤਮ ਸਹਾਇਕ ਅਦਾਕਾਰ: ਬੌਬੀ ਸਿਮਹਾ

# ਮੋਦੀ ਨੇ ਅਕਾਲੀਆਂ ਨੂੰ ਅੰਗੂਠਾ ਦਿਖਾਇਆ

*(ਸਫਾ ਇਕ ਦੀ ਬਾਕੀ)*

ਦਿੱਤੀ। ਸ੍ਰੀ ਮੋਦੀ ਨੇ ਆਪਣੇ ਭਾਸ਼ਣ ਦੇ ਅੰਤ ਤੱਕ ਇਸ ਸਰਹੱਦੀ ਜ਼ਿਲ੍ਹੇ ਦੇ ਵਿਕਾਸ ਲਈ ਕੋਈ ਵਿਸ਼ੇਸ਼ ਫੰਡ ਜਾਰੀ ਕੀਤੇ ਜਾਣ ਦਾ ਕੋਈ ਐਲਾਨ ਨਹੀਂ ਕੀਤਾ। ਸ੍ਰੀ ਮੋਦੀ ਨੇ ਸਿਰਫ਼ ਅੰਮ੍ਰਿਤਸਰ ਵਿਚ 'ਸ਼ਹੀਦ ਭਗਤ ਸਿੰਘ ਪੋਸਟ ਗਰੈਜੂਏਟ ਇੰਸਟੀਚਿਊਟ ਆਫ਼ ਹਾਰਟੀਕਲਚਰ ਐਂਡ ਰਿਸਰਚ ਸੈਂਟਰ' ਖੋਲ੍ਹਣ ਦਾ ਹੀ ਐਲਾਨ ਕੀਤਾ। ਸ. ਬਾਦਲ ਨੂੰ ਪ੍ਰਧਾਨ ਮੰਤਰੀ ਨੇ ਸਿਰਫ਼ ਭਰੋਸਾ ਹੀ ਦਿੱਤਾ ਕਿ ਉਨ੍ਹਾਂ ਵਲੋਂ ਰੱਖੀਆਂ ਗਈਆਂ ਮੰਗਾਂ 'ਤੇ ਕੇਂਦਰ ਸਰਕਾਰ ਗੰਭੀਰਤਾ ਨਾਲ ਵਿਚਾਰ ਕਰੇਗੀ। ਪੰਜਾਬ ਤੇ ਖਾਸਕਰ ਸਰਹੱਦੀ ਖੇਤਰ ਦੇ ਲੋਕਾਂ ਨੂੰ ਪ੍ਰਧਾਨ ਮੰਤਰੀ ਦੀ ਫੇਰੀ ਤੋਂ ਵੱਡੀਆਂ ਆਸਾਂ ਸਨ ਪਰ ਉਨ੍ਹਾਂ ਵਲੋਂ ਕੋਈ ਖਾਸ ਐਲਾਨ ਨਾ ਕਰਨ ਤੇ ਸ਼ਬਦਾਂ ਨਾਲ ਹੀ ਡੰਗ ਸਾਰ ਦੇਣ ਨਾਲ ਰੈਲੀ ਵਿਚ ਪਹੁੰਚੇ ਲੋਕਾਂ ਦੇ ਚਿਹਰੇ ਮਾਯੂਸ ਦੇਖੇ ਗਏ।

ਦੱਸਣਯੋਗ ਹੈ ਕਿ ਬਾਦਲ ਸਰਕਾਰ ਨੂੰ ਕੇਂਦਰ ਵਿਚ ਭਾਈਵਾਲਾਂ ਦੀ ਸਰਕਾਰ ਆਉਣ ਪਿਛੋਂ ਵੱਡੀਆਂ ਉਮੀਦਾਂ ਸਨ ਪਰ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਪੰਜਾਬ ਨੂੰ ਹੁਣ ਤੱਕ ਅਣਗੌਲਿਆ ਹੀ ਕੀਤਾ ਹੋਇਆ ਹੈ। ਬਾਦਲ ਵਲੋਂ ਸੂਬੇ ਨੂੰ ਵਿਸ਼ੇਸ਼ ਰਾਹਤ ਦੀਆਂ ਮੰਗਾਂ ਵਾਰ-ਵਾਰ ਰੱਦ ਕਰ ਦਿੱਤੀਆਂ ਗਈਆਂ। ਹੁਣ 14ਵੇਂ ਵਿੱਤ ਕਮਿਸ਼ਨ ਦੀਆਂ ਸਿਫਾਰਿਸ਼ਾਂ ਵਿਚ ਪੰਜਾਬ ਨੂੰ ਲੋੜਵੰਦ ਰਾਜਾਂ ਦੀ ਸੂਚੀ ਵਿਚੋਂ ਬਾਹਰ ਕੱਢਣ ਨਾਲ ਸੂਬੇ ਨੂੰ ਵੱਡਾ ਰਗੜਾ ਲੱਗਾ ਹੈ। ਸੂਬੇ ਨੂੰ ਹਰ ਸਾਲ ਮਿਲਣ ਵਾਲੀ ਤਿੰਨ ਹਜ਼ਾਰ ਕਰੋੜ ਰੁਪਏ ਦੀ ਮਾਲੀ ਘਾਟਾ ਗ੍ਰਾਂਟ ਬੰਦ ਹੋ ਜਾਵੇਗੀ ਤੇ ਕੇਂਦਰੀ ਗ੍ਰਾਂਟ ਵਿਚੋਂ 732.97 ਕਰੋੜ ਰੁਪਏ ਦੀ ਹਿੱਸੇਦਾਰੀ ਘੱਟ ਹੋ ਗਈ ਹੈ। ਪੰਜਾਬ ਸਰਕਾਰ ਦੀ ਵਿੱਤੀ ਹਾਲਤ ਵੀ ਠੀਕ ਨਹੀਂ ਹੈ ਤੇ ਸਰਕਾਰ ਨੇ ਅੱਠ ਸਾਲਾਂ ਦੌਰਾਨ 94,000 ਕਰੋੜ ਦਾ ਕਰਜ਼ਾ ਲਿਆ ਹੈ। ਸਰਕਾਰ ਸਿਰ ਕਰਜ਼ੇ ਦਾ ਭਾਰ ਅਗਲੇ ਮਾਲੀ ਸਾਲ ਦੇ ਅੰਤ ਤੱਕ 1 ਲੱਖ 25 ਹਜ਼ਾਰ ਕਰੋੜ ਰੁਪਏ ਹੋ ਜਾਵੇਗਾ। ਅਜਿਹੇ ਹਾਲਾਤ ਵਿਚ ਬਾਦਲ ਸਰਕਾਰ ਨੂੰ ਮੋਦੀ ਦੌਰੇ ਤੋਂ ਵੱਡੀਆਂ ਉਮੀਦਾਂ ਸਨ ਤੋਂ ਢਹਿ-ਢੇਰੀ ਹੋ ਗਈਆਂ।

**ਨਸ਼ਿਆਂ ਬਾਰੇ ਚੁੱਪ ਰਹੇ ਬਾਦਲ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਪੰਜਾਬ ਫੇਰੀ ਦੌਰਾਨ ਅਕਾਲੀ ਦਲ ਸੂਬੇ ਵਿਚ ਨਸ਼ਿਆਂ ਦੀ ਸਮੱਸਿਆ ਬਾਰੇ ਚੁੱਪ ਹੀ ਰਿਹਾ ਜਦਕਿ ਸ. ਬਾਦਲ ਇਸ ਤੋਂ ਪਹਿਲਾਂ ਸਰਹੱਦ 'ਤੇ ਹੁੰਦੀ ਨਸ਼ਾ ਤਸਕਰੀ ਦਾ ਮੁੱਦਾ ਲਗਾਤਾਰ ਚੁੱਕ ਰਹੇ ਹਨ। ਮੋਦੀ ਦੀ ਸਰਹੱਦੀ ਖੇਤਰ ਦੇ ਦੌਰੇ ਵਾਲੇ ਦਿਨ ਹੀ ਸਰਹੱਦ ਉਤੇ ਡੇਰਾ ਬਾਬਾ ਨਾਨਕ ਨੇੜੇ ਬੀ.ਐਸ.ਐਫ. ਵਲੋਂ 90 ਕਰੋੜ ਰੁਪਏ ਦੀ ਹੈਰੋਇਨ ਫੜੀ ਗਈ ਹੈ। ਇਸ ਦੇ ਬਾਵਜੂਦ ਇਹ ਮੁੱਦਾ ਅਣਗੌਲਿਆ ਹੀ ਰਹਿ ਗਿਆ। ਹਾਲਾਂਕਿ ਭਾਜਪਾ ਪੰਜਾਬ ਦੇ ਪ੍ਰਧਾਨ ਕਮਲ ਸ਼ਰਮਾ ਨੇ ਸੂਬੇ ਵਿਚ ਨਸ਼ਿਆਂ ਦਾ ਮਾਮਲਾ ਉਠਾਉਂਦੇ ਹੋਏ ਸਰਹੱਦ ਪਾਰੋਂ ਹੋ ਰਹੀ ਤਸਕਰੀ ਨੂੰ ਰੋਕਣ ਦੀ ਮੰਗ ਉਠਾਈ ਪਰ ਮੋਦੀ ਨੇ ਆਪਣੇ ਭਾਸ਼ਣ ਵਿਚ ਇਸ ਮੁੱਦੇ ਨੂੰ ਛੋਹਣ ਤੋਂ ਗੁਰੇਜ਼ ਹੀ ਕੀਤਾ।

## ਅਮਰੀਕਾ ਉਤੇ ਪਰਮਾਣੂ ਮਿਜ਼ਾਇਲ ਕਦੇ ਵੀ ਦਾਗ ਸਕਦੈ ਉੱਤਰੀ ਕੋਰੀਆ

**ਲੰਡਨ:** ਬ੍ਰਿਟੇਨ ਵਿਚ ਉੱਤਰੀ ਕੋਰੀਆ ਦੇ ਰਾਜਦੂਤ ਹਿਊਆਨ ਹਕ-ਬਾਗ ਨੇ ਕਿਹਾ ਕਿ ਉੱਤਰੀ ਕੋਰੀਆ ਕੋਲ ਕਿਸੇ ਵੀ ਸਮੇਂ ਪਰਮਾਣੂ ਮਿਜ਼ਾਇਲ ਦਾਗਣ ਦੀ ਸਮਰੱਥਾ ਹੈ। ਬਾਗ ਨੇ ਬ੍ਰਿਟੇਨ ਦੇ ਸਕਾਈ ਨਿਊਜ਼ ਨੂੰ ਦਿੱਤੇ ਗਏ ਇੰਟਰਵਿਊ ਦੇ ਹਵਾਲੇ ਨਾਲ ਕਿਹਾ ਕਿ ਅਸੀ ਸਿਰਫ ਬੋਲਦੇ ਨਹੀਂ ਹਾਂ। ਪਰਮਾਣੂ ਹਮਲਿਆਂ ਦਾ ਅਧਿਕਾਰ ਸਿਰਫ ਅਮਰੀਕਾ ਕੋਲ ਹੀ ਨਹੀਂ ਹੈ। ਇਹ ਪੁੱਛੇ ਜਾਣ ਉਤੇ ਕਿ ਉੱਤਰੀ ਕੋਰੀਆ ਦੇ ਕੋਲ ਪਰਮਾਣੂ ਮਿਜ਼ਾਇਲ ਦਾਗਣ ਦੀ ਸਮਰੱਥਾ ਹੈ ਤਾਂ ਉਨ੍ਹਾਂ ਕਿਹਾ ਕਿ ਜੇਕਰ ਅਮਰੀਕਾ ਸਾਡੇ 'ਤੇ ਹਮਲਾ ਕਰਦਾ ਹੈ, ਤਾਂ ਸਾਨੂੰ ਉਸਦਾ ਜਵਾਬ ਦੇਣਾ ਚਾਹੀਦਾ ਹੈ।

## ਦਿੱਲੀ ਵਿਧਾਨ ਸਭਾ ਸਪੀਕਰ ਖ਼ਿਲਾਫ਼ ਵਾਰੰਟ ਜਾਰੀ

**ਨਵੀਂ ਦਿੱਲੀ:** ਸਥਾਨਕ ਅਦਾਲਤ ਨੇ ਦਿੱਲੀ ਵਿਧਾਨ ਸਭਾ ਸਪੀਕਰ ਰਾਮ ਨਿਵਾਸ ਗੋਇਲ ਖ਼ਿਲਾਫ਼ ਸਾਲ 2008 ਵਿਚ ਦੰਗਿਆਂ ਬਾਰੇ ਇਕ ਮਾਮਲੇ ਵਿਚ ਅਦਾਲਤ ਵਿਚ ਪੇਸ਼ ਨਾ ਹੋਣ ਕਾਰਨ ਜ਼ਮਾਨਤੀ ਵਾਰੰਟ ਜਾਰੀ ਕੀਤਾ ਹੈ। ਮੈਟਰੋਪੋਲੀਟਿਨ ਮੈਜੀਸਟ੍ਰੇਟ ਸੁਨੀਲ ਕੁਮਾਰ ਸ਼ਰਮਾ ਅਦਾਲਤ ਦੇ ਹੁਕਮ ਦੇ ਬਾਵਜੂਦ ਹਾਜ਼ਰ ਨਾਲ ਹੋਣ 'ਤੇ ਇਹ ਵਾਰੰਟ ਜਾਰੀ ਕੀਤੇ। ਜ਼ਿਕਰਯੋਗ ਹੈ ਕਿ ਕੁਝ ਸਮਾਂ ਪਹਿਲਾਂ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਣ ਵਾਲੇ ਗੋਇਲ ਨੂੰ 23 ਫਰਵਰੀ ਨੂੰ ਦਿੱਲੀ ਵਿਧਾਨ ਸਭਾ ਸਪੀਕਰ ਚੁਣਿਆ ਗਿਆ ਸੀ।

## ਜਾਅਲੀ ਵਿਦੇਸ਼ੀ ਕਰੰਸੀ 'ਚ ਭਾਰਤੀ ਰੁਪਿਆ ਤੀਜੇ ਨੰਬਰ 'ਤੇ

**ਜਿਨੇਵਾਰ:** ਸਵਿਟਜ਼ਰਲੈਂਡ ਵਿਚ ਪੁਲਿਸ ਵੱਲੋਂ ਪਿਛਲੇ ਸਾਲ ਜ਼ਬਤ ਕੀਤੀ ਜਾਅਲੀ ਵਿਦੇਸ਼ੀ ਮੁੱਦਰਾ ਵਿਚ ਭਾਰਤੀ ਰੁਪਿਆ ਤੀਜੇ ਨੰਬਰ 'ਤੇ ਹੈ। ਉਂਝ ਇਕ ਸਾਲ ਪਹਿਲਾਂ ਦੇ ਮੁਕਾਬਲੇ ਇਥੇ ਫੜੀ ਗਈ ਭਾਰਤੀ ਜਾਅਲੀ ਮੁਦਰਾ ਦੀ ਗਿਣਤੀ ਘੱਟ ਹੋਈ ਹੈ। ਸਵਿਟਜ਼ਰਲੈਂਡ ਦੇ ਸੰਘੀ ਪੁਲਿਸ ਦਫ਼ਤਰ ਵੱਲੋਂ ਜਾਰੀ ਤਾਜ਼ਾ ਅੰਕੜਿਆਂ ਦੇ ਅਨੁਸਾਰ 2014 ਵਿਚ 181 ਤੇ 2013 ਵਿਚ 403 ਜਾਅਲੀ ਭਾਰਤੀ ਮੁਦਰਾਵਾਂ ਫੜੀਆਂ ਗਈਆਂ ਸਨ।

## ਪੰਜਾਬ ਸਰਕਾਰ ਅੱਗੇ ਬੇਨੇਮੀਆਂ ਨੇ ਫਣ ਖਲਾਰਿਆ

*(ਸਫਾ ਇਕ ਦੀ ਬਾਕੀ)*

ਕਰੋੜ ਰੁਪਏ ਵੀ ਸਰਕਾਰ ਲੋੜਵੰਦਾਂ ਨੂੰ ਵੰਡਣ ਵਿਚ ਅਸਫ਼ਲ ਰਹੀ। ਕਈ ਪ੍ਰਾਜੈਕਟਾਂ ਦੇ ਪੈਸੇ ਖ਼ਰਚੇ ਬਿਨਾਂ ਹੀ ਵਰਤੋਂ ਸਰਟੀਫਿਕੇਟ ਭੇਜ ਦਿੱਤੇ। ਕੇਂਦਰ ਸਰਕਾਰ ਵਲੋਂ ਅਗਸਤ 2013 ਵਿਚ ਜਾਰੀ 112 ਕਰੋੜ ਰੁਪਏ ਨਾ ਖ਼ਰਚਣ ਕਰਕੇ ਪੰਜਾਬ ਸਰਕਾਰ ਕੇਂਦਰ ਸਰਕਾਰ ਤੋਂ ਮਿਲਣ ਵਾਲੇ 137.75 ਕਰੋੜ ਰੁਪਏ ਲੈਣ ਤੋਂ ਵਾਂਝੀ ਰਹਿ ਗਈ ਜਿਸ ਦਾ ਸਿੱਧਾ ਨੁਕਸਾਨ ਸੂਬੇ ਦੇ ਖੇਤੀ ਅਰਥਚਾਰੇ ਨੂੰ ਹੋਇਆ। ਸਰਕਾਰੀ ਤੇ ਅਰਧ ਸਰਕਾਰੀ ਅਦਾਰਿਆਂ ਵਿਚ ਵੱਡੀ ਪੱਧਰ 'ਤੇ ਹੋਈਆਂ ਵਿੱਤੀ ਬੇਨਿਯਮੀਆਂ ਕਾਰਨ ਸਰਕਾਰੀ ਖ਼ਜ਼ਾਨੇ ਨੂੰ 1906.28 ਕਰੋੜ ਰੁਪਏ ਦਾ ਨੁਕਸਾਨ ਹੋਇਆ।

ਕੈਗ ਰਿਪੋਰਟ ਅਨੁਸਾਰ ਨਸ਼ਿਆਂ ਵਿਰੁਧ ਲੋਕਾਂ ਨੂੰ ਜਾਗ੍ਰਿਤ ਕਰਨ ਲਈ 2010-14 ਦੌਰਾਨ 4.14 ਕਰੋੜ ਰੁਪਏ ਰੱਖੇ ਗਏ ਸਨ ਪਰ ਸਰਕਾਰ ਨੇ ਸਿਰਫ਼ 98 ਲੱਖ ਰੁਪਏ ਹੀ ਖ਼ਰਚੇ ਜਿਸ ਕਾਰਨ ਨਸ਼ਾ ਮੁਕਤੀ ਮੁਹਿੰਮ ਲੋੜੀਂਦੇ ਸਿੱਟੇ ਕੱਢਣ ਵਿਚ ਅਸਫ਼ਲ ਰਹੀ। ਸਰਕਾਰ ਨੇ ਘਰੇਲੂ ਹਿੰਸਾ ਵਿਰੁਧ ਜਾਗ੍ਰਿਤੀ ਮੁਹਿੰਮ ਲਈ ਰੱਖੇ ਗਏ 1.75 ਕਰੋੜ ਰੁਪਏ ਵਿਚੋਂ ਸਿਰਫ਼ 30 ਲੱਖ ਰੁਪਏ ਹੀ ਜਾਰੀ ਕੀਤੇ ਜਦੋਂਕਿ 2013-14 ਦੌਰਾਨ ਇਸ ਕਾਰਜ ਲਈ ਕੋਈ ਵੀ ਪੈਸਾ ਨਹੀਂ ਰੱਖਿਆ।

# ਬੈਂਜਾਮਿਨ ਨੇਤਨਯਾਹੂ ਨੇ ਮੁਆਫ਼ੀ ਮੰਗੀ

**ਯੋਰੋਸ਼ਲਮ:** ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਇਜ਼ਰਾਈਲ ਦੇ ਅਰਬ ਨਾਗਰਿਕਾਂ ਬਾਰੇ ਪਿਛਲੇ ਹਫਤੇ ਪਾਰਲੀਮਾਨੀ ਚੋਣਾਂ ਦੌਰਾਨ ਨਸਲੀ ਟਿੱਪਣੀ ਕਰਨ ਬਦਲੇ ਮੁਆਫੀ ਮੰਗੀ ਹੈ, ਪਰ ਭਾਈਚਾਰੇ ਦੇ ਆਗੂਆਂ ਨੇ ਮੁਆਫੀ ਰੱਦ ਕਰ ਦਿੱਤੀ ਹੈ। ਸ੍ਰੀ ਨੇਤਨਯਾਹੂ ਨੇ ਕਿਹਾ, "ਮੈਂ ਜਾਣਦਾ ਹਾਂ ਕਿ ਕੁਝ ਦਿਨ ਪਹਿਲਾਂ ਆਖੀਆਂ ਗੱਲਾਂ ਨਾਲ ਇਜ਼ਰਾਈਲ ਦੇ ਕੁਝ ਅਰਬ ਨਾਗਰਿਕਾਂ ਦਾ ਦਿਲ ਦੁਖਿਆ ਸੀ। ਮੇਰਾ ਇਹ ਇਰਾਦਾ ਨਹੀਂ ਸੀ ਅਤੇ ਮੈਨੂੰ ਇਸ ਦਾ ਅਫਸੋਸ ਹੈ।" ਚੋਣਾਂ ਵਾਲੇ ਦਿਨ ਨੇਤਨਯਾਹੂ ਵੱਲੋਂ ਕੀਤੀਆਂ ਟਿੱਪਣੀਆਂ ਦੀ ਦੁਨੀਆਂ ਭਰ ਵਿਚ ਥੂਹ-ਥੂਹ ਹੋਈ ਸੀ ਅਤੇ ਇਹ ਕਿਹਾ ਗਿਆ ਸੀ ਕਿ ਉਨ੍ਹਾਂ ਚੁਣਾਵੀ ਲਾਹਾ ਲੈਣ ਲਈ ਅਜਿਹਾ ਕੀਤਾ ਸੀ। ਸ੍ਰੀ ਨੇਤਨਯਾਹੂ ਨੇ ਆਪਣੇ ਫੇਸਬੁੱਕ ਪੰਨੇ 'ਤੇ ਚੋਣਾਂ ਵਾਲੇ ਦਿਨ ਇਹ ਸੰਦੇਸ਼ ਛੱਡਿਆ ਸੀ ਕਿ ਸੱਜੇ ਪੱਖੀ ਸਰਕਾਰ ਖਤਰੇ ਵਿਚ ਹੈ, ਅਰਬ ਵੋਟਰ ਹੁੰਮ-ਹੁਮਾ ਕੇ ਵੋਟਾਂ ਪਾਉਣ ਜਾ ਰਹੇ ਹਨ, ਖੱਬੇ-ਪੱਖੀ ਗੈਰ-ਸਰਕਾਰੀ ਜਥੇਬੰਦੀਆਂ ਉਨ੍ਹਾਂ ਨੂੰ ਬੱਸਾਂ ਭਰ ਕੇ ਲਿਆ ਰਹੇ ਹਨ। ਸ੍ਰੀ ਨੇਤਨਯਾਹੂ ਨੇ ਹੁਣ ਆਖਿਆ ਹੈ ਕਿ ਪ੍ਰਧਾਨ ਮੰਤਰੀ ਦੇ ਤੌਰ 'ਤੇ ਉਨ੍ਹਾਂ ਨੂੰ ਘੱਟ-ਗਿਣਤੀ ਭਾਈਚਾਰਿਆਂ 'ਤੇ ਬਹੁਤ ਜ਼ਿਆਦਾ ਭਰੋਸਾ ਹੈ ਹਾਲਾਂਕਿ ਪਿਛਲੇ ਹਫਤੇ ਉਨ੍ਹਾਂ ਇਸ ਤੋਂ ਬਿਲਕੁਲ ਉਲਟ ਗੱਲ ਕੀਤੀ ਸੀ। ਉਨ੍ਹਾਂ ਇਹ ਗੱਲ ਜ਼ੋਰ ਦੇ ਕੇ ਆਖੀ ਕਿ ਵਿਦੇਸ਼ੀ ਸ਼ਕਤੀਆਂ ਨੂੰ ਇਜ਼ਰਾਇਲੀ ਲੋਕਤੰਤਰ ਵਿਚ ਦਖਲਅੰਦਾਜ਼ੀ ਦੀ ਆਗਿਆ ਨਹੀਂ ਦਿੱਤੀ ਜਾਣੀ ਚਾਹੀਦੀ। ਉਧਰ ਜੁਆਇੰਟ (ਅਰਬ) ਲਿਸਟ ਦੇ ਮੁਖੀ ਆਇਮਨ ਉਦੈ ਨੇ ਨੇਤਨਯਾਹੂ ਦਾ ਬਿਆਨ ਅਪ੍ਰਵਾਨ ਕਰਦਿਆਂ ਕਿਹਾ ਕਿ ਜੇ ਪ੍ਰਧਾਨ ਮੰਤਰੀ ਨੂੰ ਵਾਕਈ ਅਫਸੋਸ ਹੈ ਤਾਂ ਉਨ੍ਹਾਂ ਨੂੰ ਸੱਚੇ ਮਨ ਨਾਲ ਮੁਆਫੀ ਮੰਗਣੀ ਚਾਹੀਦੀ ਹੈ ਅਤੇ ਨਾਲ ਹੀ ਚੋਣ ਸੁਧਾਰਾਂ ਲਈ ਕਾਨੂੰਨ ਬਣਾਉਣਾ ਚਾਹੀਦਾ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

# ਢੀਂਡਸਾ ਦੇ ਬਜਟ ਨੂੰ ਆਰਥਿਕ ਮੰਦਹਾਲੀ ਨੇ ਘੇਰਿਆ

**ਚੰਡੀਗੜ੍ਹ:** ਪੰਜਾਬ ਦੇ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਵੱਲੋਂ ਵਿਧਾਨ ਸਭਾ ਵਿਚ ਪੇਸ਼ ਕੀਤੇ ਗਏ ਬਜਟ 'ਤੇ ਸਰਕਾਰ ਦੀ ਗਰੀਬੀ ਪਰਛਾਵਾਂ ਪੈ ਗਿਆ। ਬਜਟ ਵਿਚ ਸਰਕਾਰ ਦੀ ਆਮਦਨ ਤੇ ਖਰਚ ਵਿਚ ਵੱਡਾ ਪਾੜਾ ਹੈ। ਇਸੇ ਲਈ 11895.15 ਕਰੋੜ ਰੁਪਏ ਦਾ ਘਾਟਾ ਅਣਪੂਰਿਆ ਛੱਡ ਦਿੱਤਾ ਗਿਆ। ਬਜਟ ਅਨੁਸਾਰ ਸਰਕਾਰ ਸਿਰ ਕਰਜ਼ੇ ਦਾ ਭਾਰ ਅਗਲੇ ਮਾਲੀ ਸਾਲ ਦੇ ਅੰਤ ਤੱਕ 1 ਲੱਖ 25 ਹਜ਼ਾਰ ਕਰੋੜ ਰੁਪਏ ਹੋ ਜਾਵੇਗਾ। ਬਜਟ ਵਿਚੋਂ ਸੂਬੇ ਦੀ ਲੀਹੋਂ ਲੱਥੀ ਅਰਥ ਵਿਵਸਥਾ ਨੂੰ ਪੈਰਾਂ ਸਿਰ ਕਰਨ ਲਈ ਮਾਲੀ ਸਾਧਨ ਜੁਟਾਉਣ ਦੀ ਕੋਈ ਰੂਪ ਰੇਖਾ ਨਜ਼ਰ ਨਹੀਂ ਆਈ। ਨਵਾਂ ਟੈਕਸ ਨਹੀਂ ਲਾਇਆ ਗਿਆ ਤੇ ਕੇਂਦਰੀ ਸਕੀਮਾਂ ਬਾਰੇ ਵੀ ਸਥਿਤੀ ਅਸਪਸ਼ਟ ਹੀ ਬਣੀ ਹੋਈ ਹੈ।



ਪੰਜਾਬ ਸਰਕਾਰ ਦੀ ਮਾਲੀ ਹਾਲਤ ਦੀ ਦਸ਼ਾ ਇਸ ਤੱਥ ਤੋਂ ਬਿਆਨ ਹੁੰਦੀ ਹੈ ਕਿ ਕੁੱਲ ਆਮਦਨ ਦਾ ਵੱਡਾ ਹਿੱਸਾ ਬੱਝਵੇਂ ਖਰਚਿਆਂ ਦੀ ਭੇਂਟ ਚੜ੍ਹ ਜਾਣਾ ਹੈ। ਸਰਕਾਰ ਦੇ ਬੱਝਵੇਂ ਖਰਚਿਆਂ ਵਿਚ ਵਿਆਜ ਦੀਆਂ ਅਦਾਇਗੀਆਂ 9900.14 ਕਰੋੜ ਰੁਪਏ, ਤਨਖਾਹਾਂ 18354.24 ਕਰੋੜ ਰੁਪਏ, ਪੈਨਸ਼ਨਾਂ 7182.11 ਕਰੋੜ ਰੁਪਏ, ਬਿਜਲੀ ਸਬਸਿਡੀ 5484 ਕਰੋੜ ਰੁਪਏ, ਮਿਉਂਸਪਲ ਕਮੇਟੀਆਂ ਦਾ ਵੈਟ ਹਿੱਸਾ 881.60 ਕਰੋੜ ਰੁਪਏ ਸ਼ਾਮਲ ਹੈ। ਆਮਦਨ ਦੇ ਖਾਤੇ ਵਿਚ ਸਰਕਾਰ ਨੂੰ ਕਰਾਂ ਤੋਂ 29351.93 ਕਰੋੜ ਰੁਪਏ, ਗੈਰ ਕਰਾਂ ਤੋਂ 3803.51 ਕਰੋੜ ਰੁਪਏ ਕੇਂਦਰੀ ਕਰਾਂ ਤੋਂ 7998.35 ਕਰੋੜ ਰੁਪਏ ਗਰਾਂਟਾਂ ਦੇ ਰੂਪ ਵਿਚ 5075.45 ਕਰੋੜ ਰੁਪਏ ਆਉਣ ਦਾ ਅੰਦਾਜ਼ਾ ਲਗਾਇਆ ਹੈ। ਸਰਕਾਰ ਨੂੰ ਚਲੰਤ ਮਾਲੀ ਸਾਲ ਦੌਰਾਨ ਕੇਂਦਰ ਤੋਂ ਆਉਣ ਵਾਲੀਆਂ ਗਰਾਂਟਾਂ ਦੇ ਮਾਮਲੇ ਵਿਚ ਜ਼ੋਰ ਦਾ ਝਟਕਾ ਲੱਗਿਆ ਹੈ। ਰਾਜ ਸਰਕਾਰ ਨੂੰ ਇਸ ਸਾਲ ਦੌਰਾਨ 8230.36 ਕਰੋੜ ਰੁਪਏ ਮਿਲਣ ਦੀ ਆਸ ਸੀ ਜਦੋਂ ਕਿ 5808.42 ਕਰੋੜ ਰੁਪਏ ਹੀ ਪ੍ਰਾਪਤ ਹੋਏ।

ਪੰਜਾਬ ਵਿਚ ਕਿਸਾਨਾਂ ਵੱਲੋਂ ਕੀਤੀਆਂ ਜਾਂਦੀਆਂ ਖੁਦਕੁਸ਼ੀਆਂ ਦੇ ਮਾਮਲੇ ਵਿਚ ਸਰਕਾਰ ਨੇ ਰਾਹਤ ਦੇਣ ਲਈ 20 ਕਰੋੜ ਰੁਪਏ ਦੇ ਫੰਡ ਦੀ ਵਿਵਸਥਾ ਕੀਤੀ ਹੈ। ਵਿੱਤ ਮੰਤਰੀ ਨੇ ਸੂਬਾਈ ਬਜਟ ਵਿਚੋਂ ਕੁਝ ਵਿਭਾਗਾਂ ਨੂੰ ਮਾਲੀ ਮਦਦ ਦੇਣ ਦਾ ਐਲਾਨ ਕਰਦਿਆਂ ਪਿੰਡਾਂ ਦੇ ਵਿਕਾਸ ਲਈ 'ਮੁੱਖ ਮੰਤਰੀ ਦਿਹਾਤੀ ਵਿਕਾਸ ਯੋਜਨਾ' ਤਹਿਤ 600 ਕਰੋੜ ਰੁਪਏ ਦੀ ਵਿਵਸਥਾ ਬਜਟ ਵਿਚ ਕਰਦਿਆਂ ਕੁਝ ਨਵੀਆਂ ਯੋਜਨਾਵਾਂ ਦਾ ਐਲਾਨ ਵੀ ਕੀਤਾ ਹੈ।

ਸਰਕਾਰ ਵੱਲੋਂ ਅਗਲੇ ਮਾਲੀ ਸਾਲ ਦੌਰਾਨ ਕੰਮ ਚਲਾਉਣ ਲਈ 14125 ਕਰੋੜ ਰੁਪਏ ਦਾ ਕਰਜ਼ਾ ਲਿਆ ਜਾਵੇਗਾ। ਮਹੱਤਵਪੂਰਨ ਤੱਥ ਇਹ ਹੈ ਕਿ ਸਰਕਾਰ ਨੂੰ ਅਗਲੇ ਮਾਲੀ ਸਾਲ ਦੌਰਾਨ ਕਰਾਂ ਤੋਂ ਮਹਿਜ਼ ਤਿੰਨ ਫੀਸਦੀ ਦਾ ਇਜ਼ਾਫਾ ਹੋਣ ਦੀ ਉਮੀਦ ਹੈ ਜੋ ਮਾਲੀ ਹਾਲਤ ਹੋਰ ਵੀ ਨਿੱਘਰਨ ਦੇ ਸੰਕੇਤ ਹਨ। ਇਸੇ ਤਰ੍ਹਾਂ ਹੋਰਨਾਂ ਸਾਧਨਾਂ ਤੋਂ ਵੀ ਸਰਕਾਰ ਨੂੰ ਚਲੰਤ ਮਾਲੀ ਸਾਲ ਜਿੰਨੀ ਆਮਦਨ ਦੀ ਆਸ ਹੈ। ਕੇਂਦਰੀ ਕਰਾਂ ਵਿਚ ਹਿੱਸਾ ਵਧਾਏ ਜਾਣ ਦੀ ਸੂਰਤ ਵਿਚ 7998.35 ਕਰੋੜ ਤੇ ਗਰਾਂਟਾਂ ਦੇ ਰੂਪ ਵਿਚ ਰਾਜ ਸਰਕਾਰ ਨੂੰ 5075.45 ਕਰੋੜ ਰੁਪਏ ਮਿਲਣ ਦੀ ਸੰਭਾਵਨਾ ਹੈ।

## ਹੁਣ ਸ਼ਰਾਬ ਸੁਧਾਰੇਗੀ ਸੂਬੇ ਦੀ ਆਰਥਿਕ ਸਿਹਤ!

ਸਰਕਾਰ ਨੇ ਆਮਦਨ ਸਰੋਤਾਂ ਵਿਚ ਵਾਧਾ ਸਿਰਫ ਸ਼ਰਾਬ ਦਾ ਕਾਰੋਬਾਰ ਵਧਾ ਕੇ ਹੀ ਕੀਤਾ ਜਾ ਰਿਹਾ ਹੈ। ਬਜਟ ਅਨੁਮਾਨਾਂ ਅਨੁਸਾਰ ਸੂਬੇ ਦੀ ਆਰਥਿਕ ਸਿਹਤ ਸ਼ਰਾਬ ਹੀ ਸੁਧਾਰੇਗੀ ਜਿਸ ਤੋਂ ਟੈਕਸ ਵਸੂਲੀ 8.96 ਫ਼ੀਸਦੀ ਵਧਣ ਦਾ ਅਨੁਮਾਨ ਹੈ। ਜ਼ਿਕਰਯੋਗ ਹੈ ਕਿ ਚਲੰਤ ਮਾਲੀ ਸਾਲ ਦੌਰਾਨ ਸ਼ਰਾਬ ਦੀ ਵਿਕਰੀ ਤੋਂ ਹੋਈ 4680 ਕਰੋੜ ਦੀ ਟੈਕਸ ਵਸੂਲੀ ਵਧਾ ਕੇ ਅਗਲੇ ਸਾਲ 5100 ਕਰੋੜ ਕਰਨ ਦੀ ਤਜਵੀਜ਼ ਹੈ। ਪਿਛਲੇ ਸਾਲ ਦੇ ਮੁਕਾਬਲੇ ਚਾਲੂ ਵਿੱਤੀ ਵਰ੍ਹੇ ਦੌਰਾਨ ਸ਼ਰਾਬ ਤੋਂ ਆਮਦਨ ਵਿਚ ਵਾਧਾ 22 ਫ਼ੀਸਦੀ ਹੋਇਆ ਹੈ ਜੋ ਅਗਲੇ ਸਾਲ 30 ਫ਼ੀਸਦੀ ਤੱਕ ਜਾ ਪਹੁੰਚੇਗਾ।ਇਹ ਵੀ ਵਿਡੰਬਨਾ ਹੈ ਕਿ ਸਰਕਾਰ ਇਕ ਪਾਸੇ ਬਜਟ ਵਿਚ ਨਸ਼ਾ ਛੁਡਾਊ ਕਾਰਜਾਂ ਲਈ 100 ਕਰੋੜ ਰੁਪਏ ਦਾ ਉਪਬੰਧ ਕਰ ਰਹੀ ਹੈ ਪਰ ਦੂਜੇ ਪਾਸੇ ਸ਼ਰਾਬ ਦੀ ਵਿਕਰੀ ਨੂੰ ਸੂਬੇ ਦੀ ਆਮਦਨ ਦਾ ਮੁੱਖ ਸਾਧਨ ਬਣਾ ਰਹੀ ਹੈ।

## ਖੇਤੀ ਸੈਕਟਰ ਕੇਂਦਰੀ ਸਕੀਮਾਂ ਉਤੇ ਨਿਰਭਰ

ਪੰਜਾਬ ਸਰਕਾਰ ਵੱਲੋਂ ਆਗਾਮੀ ਵਿੱਤੀ ਵਰ੍ਹੇ ਦੇ ਬਜਟ ਵਿਚ ਤਰਜੀਹੀ ਖੇਤਰਾਂ ਨੂੰ ਨੁੱਕਰੇ ਲਾ ਦਿੱਤਾ ਗਿਆ ਹੈ। ਵਿੱਤ ਮੰਤਰੀ ਵੱਲੋਂ ਐਲਾਨੇ ਬਜਟ ਵਿਚ ਖੇਤੀ ਖੇਤਰ ਲਈ ਗੰਨਾ ਉਤਪਾਦਕਾਂ ਨੂੰ ਬਕਾਇਆ ਰਾਸ਼ੀ ਦੇਣ ਲਈ 600 ਕਰੋੜ ਰੁਪਏ ਤੇ ਆਤਮ ਹੱਤਿਆਵਾਂ ਤੋਂ ਪ੍ਰਭਾਵਿਤ ਪਰਿਵਾਰਾਂ ਨੂੰ ਮਾਲੀ ਰਾਹਤ ਦੇਣ ਲਈ 20 ਕਰੋੜ ਰੁਪਏ ਦੀ ਵਿਵਸਥਾ ਕੀਤੇ ਜਾਣ ਤੋਂ ਬਿਨਾਂ ਰਾਜ ਸਰਕਾਰ ਨੇ ਆਪਣੇ ਤੌਰ 'ਤੇ ਕੁਝ ਵੀ ਨਹੀਂ ਕੀਤਾ। ਖੇਤੀ ਖੇਤਰ ਦਾ ਸਾਰਾ ਦਾਰੋਮਦਾਰ ਕੇਂਦਰੀ ਸਕੀਮਾਂ 'ਤੇ ਹੀ ਨਿਰਭਰ ਹੈ।

# ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੈਨੇਜਰ 'ਤੇ ਘਪਲੇ ਦੇ ਦੋਸ਼

**ਸ੍ਰੀ ਆਨੰਦਪੁਰ ਸਾਹਿਬ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਨੇੜੇ ਖ਼ਰੀਦੀ ਗਈ ਕੋਠੀ ਵਿਵਾਦਾਂ ਵਿਚ ਘਿਰਦੀ ਨਜ਼ਰ ਆ ਰਹੀ ਹੈ। ਇਸ ਮਾਮਲੇ ਵਿਚ ਇਕ ਅਕਾਲੀ ਆਗੂ ਨੇ ਪ੍ਰੈਸ ਕਾਨਫਰੰਸ ਕਰਕੇ ਕੋਠੀ ਦੀ ਖਰੀਦ ਵਿਚ ਇਥੇ ਤਾਇਨਾਤ ਮੈਨੇਜਰ ਉਤੇ ਘਪਲੇ ਦੇ ਦੋਸ਼ ਲਾਏ ਹਨ। ਪ੍ਰੈਸ ਕਾਨਫਰੰਸ ਦੌਰਾਨ ਜਥੇਦਾਰ ਜਗਤਾਰ ਸਿੰਘ ਭੈਣੀ ਨੇ ਕਿਹਾ ਕਿ ਇਕ ਸਾਲ ਪਹਿਲਾਂ 70 ਲੱਖ ਰੁਪਏ ਵਿਚ ਖਰੀਦੀ ਕੋਠੀ ਨੂੰ ਸ਼੍ਰੋਮਣੀ ਕਮੇਟੀ ਵੱਲੋਂ 2 ਕਰੋੜ 70 ਲੱਖ ਰੁਪਏ ਵਿਚ ਖਰੀਦਿਆ ਗਿਆ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਵੱਲੋਂ ਜਾਇਦਾਦਾਂ ਦੀ ਖ਼ਰੀਦੋ ਫਰੋਖਤ ਲਈ ਬਣਾਈ ਗਈ ਕਮੇਟੀ ਵੱਲੋਂ ਲਏ ਗਏ ਫੈਸਲੇ ਤੋਂ ਬਾਅਦ ਤਖ਼ਤ ਕੇਸਗੜ੍ਹ ਸਾਹਿਬ ਦੇ ਮੈਨੇਜਰ ਨੇ ਕਮੇਟੀ ਦੇ ਹੁਕਮਾਂ ਅਨੁਸਾਰ 24 ਸਤੰਬਰ 2014 ਨੂੰ ਦੋ ਕਰੋੜ 70 ਲੱਖ ਰੁਪਏ ਵਿਚ ਤਖ਼ਤ ਕੇਸਗੜ੍ਹ ਸਾਹਿਬ ਲਈ ਇਕ ਕੋਠੀ ਖਰੀਦੀ ਸੀ ਜਦੋਂ ਕਿ 26 ਜੂਨ 2013 ਨੂੰ ਇਸੇ ਕੋਠੀ ਦੀ ਰਜਿਸਟਰੀ ਛੇ ਵਿਅਕਤੀਆਂ ਦੇ ਨਾਂ 'ਤੇ 70 ਲੱਖ ਰੁਪਏ ਵਿਚ ਹੋਈ ਸੀ। ਬਾਜ਼ਾਰ ਵਿਚ ਮੰਦੀ ਹੋਣ ਦੇ ਬਾਵਜੂਦ ਇਸ ਕੋਠੀ ਨੂੰ ਕਈ ਗੁਣਾ ਜ਼ਿਆਦਾ ਕੀਮਤ 'ਤੇ ਖਰੀਦਿਆ ਗਿਆ ਹੈ।

ਉਨ੍ਹਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ. ਮੱਕੜ ਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਇਸ ਕੋਠੀ ਦੀ ਖਰੀਦ ਬਾਰੇ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕਰਵਾਈ ਜਾਵੇ। ਖ਼ਰੀਦ ਕਰਨ ਵਾਲੀ ਕਮੇਟੀ ਦੇ ਮੈਂਬਰ ਜਥੇਦਾਰ ਸੁਖਦੇਵ ਸਿੰਘ ਭੌਰ ਦਾ ਕਹਿਣਾ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਹਰੇਕ ਜਾਇਦਾਦ ਨਿਯਮਾਂ ਅਨੁਸਾਰ ਹੀ ਖ਼ਰੀਦੀ ਜਾਂਦੀ ਹੈ।


ਤੰਦੂਰੀਏ ਅਤੇ ਹੈਲਪਰ ਦੀ ਫੌਰੀ ਲੋੜ

ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ ਅਤੇ ਹੈਲਪਰ ਦੀ ਫੌਰੀ ਲੋੜ ਹੈ

ਮੁਫਤ ਖਾਣਾ, ਮੁਫਤ ਰਿਹਾਇਸ਼ ਅਤੇ ਚੰਗੀ ਤਨਖਾਹ

ਪਤੀ-ਪਤਨੀ ਨੂੰ ਪਹਿਲ

ਮਿਸਟਰ ਸਿੰਘ, ਫੋਨ: 515-291-1961

ਤੰਦੂਰੀਏ ਕੁੱਕ ਦੀ ਲੋੜ ਹੈ

ਸੈਂਟਾ ਕਲੈਰੀਟਾ, ਐਲ ਏ ਏਰੀਆ, ਕੈਲੀਫੋਰਨੀਆ ਵਿਚ ਭਾਰਤੀ ਰੈਸਟੋਰੈਂਟ ਲਈ ਕੁੱਕ ਦੀ ਲੋੜ ਹੈ ਜੋ ਵੱਖ ਵੱਖ ਪੰਜਾਬੀ ਤੇ ਭਾਰਤੀ ਖਾਣੇ ਤਿਆਰ ਕਰ ਸਕਦਾ ਹੋਵੇ।

ਚੰਗੀ ਤਨਖਾਹ, ਸਿਰਫ ਲੀਗਲ ਵਰਕਰ

Cook needed for Indian restaurant at Santa Clarita, LA area CA.

Good Salary.
Only legal workers.



Please call
661-644-3430 or 661-263-2300

12-14

SUPER TRAVEL

847-676-9090, 773-465-5566

E-mail: supertravel2003@yahoo.com

Lowest Fares With Excellent Service

United Airlines
British Airways



Jet Airways, Air India, KLM, Lufthansa, Delta, Qatar Airlines.

For Emergency Call anytime at 847-673-3825

EARLY BIRD SALE!!!!

Domestic fares available

Matrimonial

ਵਰ ਦੀ ਲੋੜ

Match sought for US citizen divorce Khatri Arora girl 32, high school pass, working in a salon. Boy should be US citizen, Green Card holder or with any legal US status, clean shave, Sikh or Hindu Punjabi. Can be single or divorce with no kids. Contact, Ph: 917-796-4788

10-13

ਕੰਨਿਆ ਦੀ ਲੋੜ

Looking suitable match for Jat Sikh, Dhillon, 26, 5'-11" handsome, athlete, very sober, clean shaven, boy running a gas station business with father in USA. Contact, Cell: 812-664-4021, Email: Dhillonzfamily@gmail.com

11-14

Bedi Rug Store & Indian Fashion

5401 South Madison Ave., Indianapolis, IN 46227

Sale! Sale! Sale!

15% of Indian Clothes: Anarkali Suites, Girls Lehngas & Lehnga Saris
10% of: Rugs, Blankets and Chairs!
Home: Crockery, Microwave, Oven, Vacuums & Electric Fans.
Other: Jewelry, Punjabi Juti, Rumala Sahib and Suitcases.

New Open

Call: 317-657-9914 or 317-791-0744

ਕੱਰੀ ਕੁਕ ਅਤੇ ਤੰਦੂਰੀਏ ਦੀ ਲੋੜ ਹੈ

ਬੇ-ਏਰੀਏ (ਕੈਲੀਫੋਰਨੀਆ) ਵਿਚ ਵਧੀਆ ਚਲਦੇ ਉਤਰ-ਭਾਰਤੀ ਰੈਸਟੋਰੈਂਟ ਲਈ ਤੰਦੂਰੀਏ ਅਤੇ ਕੱਰੀ ਕੁਕ ਦੀ ਲੋੜ ਹੈ।

ਘੱਟੋ-ਘੱਟ 5 ਸਾਲ ਦਾ ਤਜਰਬਾ ਜਰੂਰੀ। ਚੰਗੀ ਤਨਖਾਹ ਤੇ ਹੋਰ ਸਹੂਲਤਾਂ

ਸੰਪਰਕ ਕਰੋ: 510-421-3849

Wanted Tandoori & Curry Chef

Northern Indian restaurant in Bay Area (CA) need curry chef, tandoori chef and helper. Minimum 5 years work experience must Good salary and other benefits.

Contact: 510-421-3849

13

# ਬੇਇਮਾਨੀ ਨਿਗਲ ਗਈ ਇਕ ਹੋਰ ਇਮਾਨਦਾਰ ਅਫਸਰ ਨੂੰ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਡੋਡਾਕਪਾਲੂ ਕ੍ਰਿਆਪਾ ਰਵੀ, ਜਿਸ ਨੂੰ ਡੀ ਕੇ ਰਵੀ ਕਿਹਾ ਜਾਂਦਾ ਹੈ, ਮਾਰ ਦਿੱਤਾ ਗਿਆ ਹੈ। ਉਹ ਭਾਰਤ ਦੀ ਸਭ ਤੋਂ ਉਚੇ ਪੱਧਰ ਦੀ ਗਿਣੀ ਜਾਂਦੀ ਇੰਡੀਅਨ ਐਡਮਨਿਸਟਰੇਟਿਵ ਸਰਵਿਸ (ਆਈ ਏ ਐਸ) ਦਾ ਅਧਿਕਾਰੀ ਸੀ ਤੇ ਕਰਨਾਟਕਾ ਵਿਚ ਜਿੱਥੇ ਕਿਤੇ ਵੀ ਲਾਇਆ ਗਿਆ, ਇਮਾਨਦਾਰੀ ਦੇ ਅਸੂਲਾਂ ਉਤੇ ਪਹਿਰਾ ਦੇਣ ਦਾ ਯਤਨ ਕਰਦਾ ਰਿਹਾ ਸੀ। ਰਵੀ ਦੇ ਕਤਲ ਤੋਂ ਰਾਜਨੀਤਕ ਅਖਾੜਾ ਮਘ ਪਿਆ ਹੈ। ਕੇਂਦਰ ਵਿਚ ਰਾਜ ਕਰਨ ਵਾਲੀ ਭਾਰਤੀ ਜਨਤਾ ਪਾਰਟੀ ਵਲੋਂ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਫੁਰਤੀ ਨਾਲ ਕਹਿ ਦਿੱਤਾ ਹੈ ਕਿ ਕਰਨਾਟਕਾ ਸਰਕਾਰ ਰਾਜ਼ੀ ਹੋਵੇ ਤਾਂ ਅਸੀਂ ਕੇਂਦਰੀ ਜਾਂਚ ਏਜੰਸੀ ਸੀ ਬੀ ਆਈ ਤੋਂ ਇਸ ਕਤਲ ਦੀ ਜਾਂਚ ਕਰਵਾਉਣ ਲਈ ਤਿਆਰ ਹਾਂ। ਕਰਨਾਟਕਾ ਦੇ ਆਈ ਏ ਐਸ ਅਫਸਰਾਂ ਦੀ ਐਸੋਸੀਏਸ਼ਨ ਵੀ ਇਹੋ ਮੰਗ ਕਰ ਰਹੀ ਹੈ। ਕਰਨਾਟਕਾ ਦੀ ਕਾਂਗਰਸ ਸਰਕਾਰ ਕਹਿੰਦੀ ਹੈ ਕਿ ਜਦੋਂ ਇਥੇ ਭਾਜਪਾ ਸਰਕਾਰ ਸੀ, ਉਦੋਂ ਜੰਗਲਾਤ ਮਹਿਕਮੇ ਦਾ ਮਦਨ ਨਾਇਕ ਨਾਂ ਦਾ ਅਫਸਰ ਮਾਰ ਦਿੱਤਾ ਗਿਆ ਸੀ, ਪਰ ਭਾਜਪਾ ਸਰਕਾਰ ਨੇ ਸੀ ਬੀ ਆਈ ਦੀ ਜਾਂਚ ਕਰਵਾਉਣੀ ਨਹੀਂ ਸੀ ਮੰਨੀ। ਭਾਜਪਾ ਦੇ ਮੁੱਖ ਮੰਤਰੀ ਯੇਦੀਯੁਰੱਪਾ ਦੀ ਪਤਨੀ ਦੀ ਮੌਤ ਭੇਦ ਭਰੇ ਹਾਲਾਤ ਵਿਚ ਹੋਈ ਸੀ ਤਾਂ ਸੀ ਬੀ ਆਈ ਜਾਂਚ ਨਹੀਂ ਸੀ ਕਰਵਾਈ ਗਈ। ਉਹ ਇਹ ਕਹਿੰਦੇ ਹਨ ਕਿ ਕਰਨਾਟਕ ਦੀ ਸਰਕਾਰ ਬਦਲੀ ਹੈ, ਪੁਲਿਸ ਤੇ ਪੁਲਿਸ ਦੇ ਅਧਿਕਾਰੀ ਨਹੀਂ ਬਦਲ ਗਏ, ਸਾਰੇ ਭਾਜਪਾ ਰਾਜ ਵਾਲੇ ਹੀ ਹਨ, ਜੇ ਇਹ ਉਦੋਂ ਜਾਂਚ ਕਰ ਸਕਦੇ ਸਨ ਤਾਂ ਹੁਣ ਵੀ ਕਰ ਸਕਦੇ ਹਨ। ਰਾਜਨੀਤਕ ਖਿੱਚੋਤਾਣ ਪਾਸੇ ਰੱਖ ਕੇ ਸੋਚਿਆ ਜਾਵੇ ਤਾਂ ਸੀ ਬੀ ਆਈ ਜਾਂਚ ਦਾ ਬਹੁਤਾ ਰਿਕਾਰਡ ਇਹ ਹੈ ਕਿ ਉਹ ਪਹਿਲੇ ਕਦਮ ਭਾਜੜਾਂ ਪਾਉਣ ਵਾਲੇ ਚੁੱਕਦੀ ਹੈ, ਪਰ ਅਗਲੇ ਕਦਮ ਚੁੱਕਣ ਤੋਂ ਪਹਿਲਾਂ ਰਾਜਸੀ ਮਾਲਕਾਂ ਵੱਲ ਵੇਖਦੀ ਹੈ। ਇਸ ਦੇ ਕੋਲ ਗਏ ਕੇਸਾਂ ਵਿਚ ਸਜ਼ਾ ਕਿੰਨੇ ਲੋਕਾਂ ਨੂੰ ਹੋਈ, ਇਹ ਅੰਕੜਾ ਬਹੁਤੀ ਫੀਸਦੀ ਦਾ ਨਹੀਂ। ਬੜੀ ਨਾਮਣੇ ਵਾਲੀ ਕਹੀ ਜਾਂਦੀ ਇਸ ਏਜੰਸੀ ਦਾ ਪਿਛਲਾ ਮੁਖੀ ਰਣਜੀਤ ਕੁਮਾਰ ਉਨ੍ਹਾਂ ਲੋਕਾਂ ਨੂੰ ਵੇਲੇ-ਕੁਵੇਲੇ ਮਿਲਦਾ ਸਾਬਤ ਹੋ ਗਿਆ ਹੈ, ਜਿਨ੍ਹਾਂ ਦੇ ਖਿਲਾਫ ਉਹ ਜਾਂਚ ਕਰ ਰਿਹਾ ਸੀ। ਫਿਰ ਇਸ ਏਜੰਸੀ ਤੋਂ ਆਸ ਕੀ ਰੱਖੀਏ?

ਜਾਂਚ ਕਰਨਾਟਕਾ ਦੀ ਪੁਲਿਸ ਕਰ ਲਵੇ ਜਾਂ ਕੇਂਦਰ ਸਰਕਾਰ ਦੇ ਕੰਟਰੋਲ ਵਾਲੀ ਸੀ ਬੀ ਆਈ ਕਰਦੀ ਰਹੇ, ਦੋਵਾਂ ਨੇ ਲੰਘ ਗਏ ਸੱਪ ਦੀ ਲਕੀਰ ਉਤੇ ਸੋਟੇ ਹੀ ਮਾਰਨੇ ਹਨ, ਡੀ ਕੇ ਰਵੀ ਨੇ ਵਾਪਸ ਨਹੀਂ ਆਉਣਾ। ਭਾਰਤ ਵਿਚ ਇਹ ਰੁਝਾਨ ਜਿਹਾ ਬਣੀ ਜਾ ਰਿਹਾ ਹੈ ਕਿ ਜਿਹੜਾ ਕੋਈ ਭ੍ਰਿਸ਼ਟਾਚਾਰ ਦੇ ਖਿਲਾਫ ਖੜਾ ਹੋਵੇ, ਉਸ ਨੂੰ ਬਹੁਤੀ ਦੇਰ ਬੋਲਣ ਜੋਗਾ ਨਹੀਂ ਰਹਿਣ ਦਿੱਤਾ ਜਾਂਦਾ। ਜ਼ਬਾਨ ਸਦਾ ਲਈ ਬੰਦ ਕਰ ਦਿੱਤੀ ਜਾਂਦੀ ਹੈ। ਗੱਲ ਸਹੇ ਦੀ ਨਹੀਂ, ਪਹੇ ਦੀ ਕਰਨੀ ਬਣਦੀ ਹੈ। ਭਾਰਤ ਵਿਚ ਭ੍ਰਿਸ਼ਟਾਚਾਰੀਆਂ ਨੇ ਇਮਾਨਦਾਰੀ ਦੇ ਝੰਡੇ ਚੁੱਕਣ ਵਾਲਿਆਂ ਨਾਲ ਨਜਿੱਠਣ ਵਾਸਤੇ ਜਿਹੜੀ ਖੂਨੀ ਲੀਹ ਪਾ ਲਈ ਹੈ, ਉਹ ਹੁਣ ਲੋਕਤੰਤਰ ਵਿਚ 'ਰਘੂ ਕੁਲ ਰੀਤ' ਬਣਦੀ ਜਾ ਰਹੀ ਹੈ।

ਇਸ ਲੀਹ ਦੀ ਗੱਲ ਕਰਦੇ ਸਮੇਂ ਪੁਰਾਣੇ



*ਮਰਹੂਮ ਡੀ ਕੇ ਰਵੀ*

ਕੇਸ ਛੱਡ ਦੇਈਏ ਤਾਂ ਬਹੁ-ਚਰਚਿਤ ਕੇਸਾਂ ਵਿਚ ਪਹਿਲਾ ਉਭਰਵਾਂ ਨਾਂ ਸਤੇਂਦਰ ਨਾਥ ਦੂਬੇ ਦਾ ਆਉਂਦਾ ਹੈ। ਭਾਜਪਾ ਆਗੂ ਅਟਲ ਬਿਹਾਰੀ ਵਾਜਪਾਈ ਜਦੋਂ ਪ੍ਰਧਾਨ ਮੰਤਰੀ ਬਣਿਆ ਤਾਂ ਸੰਸਾਰ ਪੱਧਰ ਦੇ ਰਾਜ-ਮਾਰਗਾਂ (ਹਾਈਵੇਜ਼) ਦੀ ਉਸਾਰੀ ਦੇ ਪਹਿਲੇ ਬਣੇ ਪਏ ਪ੍ਰਾਜੈਕਟ ਨੂੰ ਅੱਗੇ ਵਧਾਉਣ ਵੇਲੇ ਕਹਿੰਦਾ ਸੀ ਕਿ ਇਹ ਉਸ ਦਾ ਸੁਫਨਾ ਹੈ। ਹਜ਼ਾਰਾਂ ਕਰੋੜ ਰੁਪਏ ਦੇ ਉਸ ਪ੍ਰਾਜੈਕਟ ਨਾਲ ਕੰਮ ਕਰਦੇ ਸਤੇਂਦਰ ਨਾਥ ਦੂਬੇ ਨਾਂ ਦੇ ਇੰਜੀਨੀਅਰ ਨੇ ਇੱਕ ਵਾਰ ਇੱਕ ਚਿੱਠੀ ਪ੍ਰਧਾਨ ਮੰਤਰੀ ਵਾਜਪਾਈ ਦੇ ਨਿੱਜੀ ਨਾਂ ਲਿਖ ਕੇ ਧਿਆਨ ਦਿਵਾਇਆ ਕਿ ਤੁਹਾਡਾ ਪ੍ਰਾਜੈਕਟ ਬੜਾ ਵਧੀਆ ਹੈ, ਪਰ ਇਸ ਨੂੰ ਭ੍ਰਿਸ਼ਟਾਚਾਰ ਕਰਦੇ ਲੋਕਾਂ ਤੋਂ ਬਚਾਉਣ ਦੀ ਲੋੜ ਹੈ। ਉਸ ਨੇ ਕਈ ਲੋਕਾਂ ਦੇ ਨਾਂ ਵੀ ਲਿਖ ਦਿੱਤੇ ਅਤੇ ਨਾਲ ਇਹ ਬੇਨਤੀ ਵੀ ਕੀਤੀ ਕਿ ਸਾਰੀ ਜਾਂਚ ਕਰਦੇ ਸਮੇਂ ਉਸ ਦਾ ਨਾਂ ਗੁਪਤ ਰੱਖਿਆ ਜਾਵੇ, ਵਰਨਾ ਉਸ ਦੀ ਜਾਨ ਖਤਰੇ ਵਿਚ ਪੈ ਸਕਦੀ ਹੈ। ਪ੍ਰਧਾਨ ਮੰਤਰੀ ਵਾਜਪਾਈ ਨੇ ਉਹ ਚਿੱਠੀ ਹਾਈਵੇ ਅਥਾਰਟੀ ਆਫ ਇੰਡੀਆ ਨੂੰ ਪੜਤਾਲ ਲਈ ਭੇਜ ਦਿੱਤੀ। ਉਥੋਂ ਵਾਲਿਆਂ ਨੇ ਇਹ ਚਿੱਠੀ ਹੇਠਾਂ ਭੇਜ ਕੇ ਇਸ ਬਾਰੇ ਟਿੱਪਣੀ ਮੰਗ ਲਈ। ਟਿੱਪਣੀ ਕਰਨ ਲਈ ਇਹ ਚਿੱਠੀ ਉਨ੍ਹਾਂ ਲੋਕਾਂ ਕੋਲ ਚਲੀ ਗਈ, ਜਿਨ੍ਹਾਂ ਬੇਈਮਾਨਾਂ ਦੇ ਨਾਂ ਇਸ ਵਿਚ ਲਿਖੇ ਹੋਏ ਸਨ। ਨਤੀਜੇ ਵਜੋਂ ਉਸ ਚਿੱਠੀ ਦੀ ਵਰ੍ਹੇਗੰਢ ਮਨਾਉਣ ਤੋਂ ਸੋਲਾਂ ਦਿਨ ਪਹਿਲਾਂ ਇੰਜੀਨੀਅਰ ਸਤੇਂਦਰ ਕੁਮਾਰ ਕਤਲ ਕਰ ਦਿੱਤਾ ਗਿਆ। ਇਹ ਕਤਲ ਪ੍ਰਧਾਨ ਮੰਤਰੀ ਵਾਜਪਾਈ ਦੀ ਇਸ ਗਲਤੀ ਦਾ ਨਤੀਜਾ ਸੀ ਕਿ ਉਸ ਨੇ ਇਮਾਨਦਾਰੀ ਦਾ ਹੋਕਾ ਦੇਣ ਵਾਲੇ ਨੌਜਵਾਨ ਦਾ ਨਾਂ ਗੁਪਤ ਰੱਖਣ ਦੀ ਥਾਂ ਉਨ੍ਹਾਂ ਚੋਰਾਂ ਨੂੰ ਦੱਸ ਦਿੱਤਾ, ਜਿਹੜੇ ਫਸ ਸਕਦੇ ਸਨ ਤੇ ਉਨ੍ਹਾਂ ਨੇ ਉਸ ਨੌਜਵਾਨ ਦਾ ਕਤਲ ਕਰਵਾ ਦਿੱਤਾ ਸੀ।

ਇਮਾਨਦਾਰੀ ਉਤੇ ਪਹਿਰਾ ਦੇਣ 'ਤੇ ਨਤੀਜਾ ਭੁਗਤਣ ਵਾਲਾ ਦੂਸਰਾ ਬੰਦਾ ਵੀ ਇੰਜੀਨੀਅਰ ਸੀ। ਸ਼ਨਮੁਗਮ ਮੰਜੂ ਨਾਥ ਨਾਂ ਦਾ ਉਹ ਨੌਜਵਾਨ ਪੈਟਰੋਲੀਅਮ ਮੰਤਰਾਲੇ ਨਾਲ ਸਬੰਧਤ ਸੀ ਤੇ ਇਸ ਵਿਭਾਗ ਵਿਚ ਤੇਲ ਦੀ ਚੋਰੀ ਦੇ ਬਦਨਾਮ ਧੰਦੇ ਨੂੰ ਰੋਕਣ ਦਾ ਮਨ ਬਣਾ ਬੈਠਾ ਸੀ। ਇੱਕ ਦਿਨ ਉਸ ਨੂੰ ਕਤਲ ਕਰ ਦਿੱਤਾ ਗਿਆ। ਸਾਲ 2005 ਦੇ 19 ਨਵੰਬਰ ਨੂੰ ਇੰਦਰਾ ਗਾਂਧੀ ਦੇ ਜਨਮ ਦਿਨ ਮੌਕੇ ਉਹ ਉਦੋਂ ਮਾਰਿਆ ਗਿਆ, ਜਦੋਂ ਇੰਦਰਾ ਗਾਂਧੀ ਦੀ ਨੂੰਹ ਬੀਬੀ ਸੋਨੀਆ ਗਾਂਧੀ ਦੇ ਹੱਥਾਂ ਵਿਚ ਭਾਰਤ ਦੀ ਸਰਕਾਰ ਦਾ ਰਿਮੋਟ ਕੰਟਰੋਲ ਸੀ, ਪਰ ਕੇਸ ਦਾ ਅਦਾਲਤੀ ਫੈਸਲਾ ਪਿਛਲੇ ਹਫਤੇ ਉਦੋਂ ਆਇਆ ਹੈ, ਜਿਸ ਤੋਂ ਇੱਕ ਦਿਨ ਬਾਅਦ ਕਰਨਾਟਕਾ ਵਿਚ ਰਵੀ ਕੁਮਾਰ ਮਾਰਿਆ ਜਾਣ ਵਾਲਾ ਸੀ।

ਸ਼ਨਮੁਗਮ ਮੰਜੂ ਨਾਥ ਇੰਦਰਾ ਗਾਂਧੀ ਦੇ ਜਨਮ ਦਿਨ ਮੌਕੇ ਮਾਰਿਆ ਗਿਆ ਸੀ ਤਾਂ ਮਹਾਰਾਸ਼ਟਰ ਦੇ ਅਫਸਰ ਯਸ਼ਵੰਤ ਸੋਨਵਾਣੇ ਨੂੰ ਚਿੱਟੇ ਦਿਨ ਤੇਲ ਪਾ ਕੇ ਜਿੰਦਾ ਸਾੜਨ ਦੀ ਘਟਨਾ ਇਸ ਤੋਂ ਛੇ ਸਾਲ ਪਿੱਛੋਂ ਉਦੋਂ ਵਾਪਰੀ, ਜਦੋਂ 26 ਜਨਵਰੀ ਨੂੰ ਭਾਰਤ ਦੇ ਲੋਕਤੰਤਰ ਦਾ ਜਨਮ ਦਿਨ ਮਨਾਇਆ ਜਾ ਰਿਹਾ ਸੀ। ਦੋਵਾਂ ਦੀ ਇੱਕ ਗੱਲ ਸਾਂਝੀ ਸੀ ਕਿ ਦੋਵਾਂ ਨੇ ਤੇਲ ਦੀ ਚੋਰੀ ਵਾਲੇ ਮਾਫੀਏ ਦਾ ਰਾਹ ਰੋਕਣ ਦਾ ਯਤਨ ਕੀਤਾ ਸੀ। ਮਹਾਰਾਸ਼ਟਰ ਵਿਚ ਮਾਲੇਗਾਓਂ ਜ਼ਿਲ੍ਹੇ ਦਾ ਐਡੀਸ਼ਨਲ ਡਿਪਟੀ ਕਮਿਸ਼ਨਰ ਯਸ਼ਵੰਤ ਸੋਨਵਣੇ ਉਸ ਵਕਤ ਨੇੜਲੇ ਮਨਮਾਡ ਕਸਬੇ ਵਿਚ ਤੇਲ ਚੋਰਾਂ ਦਾ ਪਿੱਛਾ ਕਰਦਾ ਉਨ੍ਹਾਂ ਦੇ ਘੇਰੇ ਵਿਚ ਆ ਗਿਆ ਸੀ ਤੇ ਉਸ ਵਲੋਂ ਕਈ ਟੈਲੀਫੋਨ ਕੀਤੇ ਜਾਣ ਦੇ ਬਾਵਜੂਦ ਪੁਲਿਸ ਜਾਂ ਸਿਵਲ ਦਾ ਕੋਈ ਅਧਿਕਾਰੀ ਉਸ ਦੀ ਮਦਦ ਲਈ ਨਹੀਂ ਸੀ ਬਹੁੜਿਆ। 'ਰੱਬ ਨੇੜੇ ਕਿ ਘਸੁੰਨ'' ਦੀ ਕਹਾਵਤ ਉਨ੍ਹਾਂ ਅਫਸਰਾਂ ਨੂੰ ਪਤਾ ਹੋਵੇ ਜਾਂ ਨਾ, ਪਰ ਆਪਣੇ ਰਾਜ ਵਿਚ ਜ਼ੋਰਾਵਰਾਂ ਦਾ 'ਸੱਤੀਂ ਵੀਹੀਂ ਸੌ' ਹੋਣ ਬਾਰੇ ਸਾਰੇ ਜਾਣਦੇ ਸਨ।

ਰਵੀ ਕੁਮਾਰ ਤੇ ਸੋਨਵਣੇ ਕਾਂਗਰਸੀ ਰਾਜ ਵਿਚ ਮਾਰੇ ਗਏ ਤੇ ਭਾਜਪਾ ਨੇ ਇਨ੍ਹਾਂ ਕਤਲਾਂ ਦੀ ਦੁਹਾਈ ਪਾਉਣ ਵਿਚ ਕਸਰ ਨਹੀਂ ਸੀ ਛੱਡੀ, ਲੋਕ ਵੀ ਇਸ ਦੁਹਾਈ ਵਿਚ ਸ਼ਾਮਲ ਸਨ, ਪਰ ਇੱਕ ਕਤਲ ਮੱਧ ਪ੍ਰਦੇਸ਼ ਵਿਚ ਭਾਜਪਾ ਦੀ ਸਰਕਾਰ ਤੇ ਮੁੱਖ ਮੰਤਰੀ ਸ਼ਿਵਰਾਜ ਚੌਹਾਨ ਦੇ ਅਧੀਨ ਹੋਇਆ ਸੀ। ਸਾਲ 2012 ਦੀ ਅੱਠ ਮਾਰਚ ਦੇ ਇਸਤਰੀ ਦਿਵਸ ਦੇ ਅਗਲੇ ਦਿਨ ਨੌਂ ਮਾਰਚ ਨੂੰ ਉਥੇ ਇੱਕ ਹੋਣਹਾਰ ਆਈ ਏ ਐਸ ਅਫਸਰ ਬੀਬੀ ਮਧੂ ਰਾਣੀ ਦੇ ਸਿਰ ਦਾ ਸਾਈਂ ਨਰੇਂਦਰ ਕੁਮਾਰ ਖੋਹ ਲਿਆ ਗਿਆ। ਬਿਹਾਰ ਦਾ ਜੰਮਪਲ ਨਰੇਂਦਰ ਕੁਮਾਰ ਇੰਡੀਅਨ ਪੁਲਿਸ ਸਰਵਿਸ ਵਿਚ ਚੁਣੇ ਜਾਣ ਪਿੱਛੋਂ ਮੱਧ ਪ੍ਰਦੇਸ਼ ਦੇ ਮੁਰੈਣਾ ਵਿਚ ਇੱਕ ਤਾਰੇ ਵਾਲਾ ਪੁਲਿਸ ਅਫਸਰ, ਏ ਐਸ ਪੀ ਲਾਇਆ ਗਿਆ ਸੀ। ਉਹ ਉਥੇ ਰੇਤ ਦੀ ਨਾਜਾਇਜ਼ ਖੁਦਾਈ ਦਾ ਧੰਦਾ ਕਰਦੇ ਉਸ ਗੈਂਗ ਦਾ ਰਾਹ ਰੋਕਣ ਦਾ ਇਰਾਦਾ ਕਰ ਕੇ ਤੁਰ ਪਿਆ ਸੀ, ਜਿਸ ਦੀ ਕਮਾਨ ਸ਼ਿਵਰਾਜ ਸਿੰਘ ਚੌਹਾਨ ਦੇ ਇੱਕ ਮੰਤਰੀ ਦੇ ਭਤੀਜੇ ਦੇ ਹੱਥ ਸੀ ਤੇ ਅਸਲ ਵਿਚ ਉਸ ਦੇ ਪਿੱਛੇ ਕਾਲੇ ਧੰਦੇ ਦਾ ਰਿਮੋਟ ਕੰਟਰੋਲ ਉਸ ਮੰਤਰੀ ਕੋਲ ਸੀ। ਨਤੀਜਾ ਇਹ ਨਿਕਲਿਆ ਕਿ ਨਰੇਂਦਰ ਕੁਮਾਰ ਨੇ ਰੇਤ ਨਾਲ ਭਰਿਆ ਟਰੈਕਟਰ ਜਾਂਦਾ ਰੋਕਣ ਦੀ ਕੋਸ਼ਿਸ਼ ਕੀਤੀ ਤੇ ਦੂਰ ਖੜੇ ਗੈਂਗ ਲੀਡਰ ਦਾ ਇਸ਼ਾਰਾ ਸਮਝ ਕੇ ਡਰਾਈਵਰ ਨੇ ਉਸ ਦੇ ਉਤੇ ਟਰੈਕਟਰ ਚਾੜ੍ਹ ਕੇ ਉਸ ਨੂੰ ਕੁਚਲ ਦਿੱਤਾ ਸੀ। ਜਾਂਚ ਸੀ ਬੀ ਆਈ ਤੱਕ ਵੀ ਗਈ, ਪਰ ਕੁਝ ਨਹੀਂ ਹੋਇਆ। ਰਿਪੋਰਟ ਇਹ ਆਈ ਕਿ ਰੇਤ ਵਾਲੇ ਟਰੈਕਟਰ ਦੇ ਡਰਾਈਵਰ ਦਾ ਉਸ ਨੂੰ ਮਾਰਨ ਦਾ ਇਰਾਦਾ ਨਹੀਂ ਸੀ, ਭੱਜਣ ਦੇ ਚੱਕਰ ਵਿਚ ਉਸ ਨੇ ਟਰੈਕਟਰ ਤੋਰਿਆ ਤੇ ਨਰੇਂਦਰ ਕੁਮਾਰ ਹੇਠਾਂ ਆ ਕੇ ਮਾਰਿਆ ਗਿਆ। ਏਦਾਂ ਦੀਆਂ ਰਿਪੋਰਟਾਂ ਆਉਣ ਦੇ ਪਿੱਛੇ ਕਿਸ ਦੀ ਕੀ ਭੂਮਿਕਾ ਹੁੰਦੀ ਹੈ, ਲੋਕ ਆਰਾਮ ਨਾਲ ਸਮਝ ਸਕਦੇ ਹਨ।

ਜਿਹੜੇ ਲੋਕ ਨਹੀਂ ਸਮਝ ਸਕਦੇ, ਉਹ ਦਿੱਲੀ ਦੀਆਂ ਜੜ੍ਹਾਂ ਕੋਲ ਵੱਸਦੇ ਸ਼ਹਿਰ ਨੋਇਡਾ ਵਿਚ ਸਾਲ 2013 ਵਿਚ ਹੋਏ ਇੰਜੀਨੀਅਰ ਸ਼ਸ਼ਾਂਕ ਯਾਦਵ ਦੇ ਕਤਲ ਦੀ ਕਹਾਣੀ ਯਾਦ ਕਰ ਲੈਣ। ਇੰਜੀਨੀਅਰਜ਼ ਇੰਡੀਆ ਲਿਮਟਿਡ ਦੇ ਨਾਲ ਸਬੰਧਤ ਸ਼ਸ਼ਾਂਕ ਯਾਦਵ ਨੇ ਇੱਕ ਸਕੈਂਡਲ ਲੱਭ ਲਿਆ ਸੀ ਕਿ ਕਈ ਸੌ ਕਰੋੜ ਰੁਪਏ ਦੇ ਪ੍ਰਾਜੈਕਟ ਲੈਣ ਲਈ ਕੁਝ ਕੰਪਨੀਆਂ ਜਾਲ੍ਹੀ ਦਸਤਾਵੇਜ਼ ਪੇਸ਼ ਕਰ ਕੇ ਦਾਅ ਮਾਰ ਰਹੀਆਂ ਹਨ। ਤੁਰਕੀ ਨਾਲ ਜੁੜਦੀ ਇੱਕ ਕੰਪਨੀ ਜਦੋਂ ਦੋ ਹਜ਼ਾਰ ਕਰੋੜ ਰੁਪਏ ਦਾ ਪ੍ਰਾਜੈਕਟ ਇਥੋਂ ਦੇ ਦਲਾਲਾਂ ਦੇ ਰਾਹੀਂ ਸਾਰੇ ਜਾਲ੍ਹੀ ਕਾਗਜ਼ ਪੇਸ਼ ਕਰ ਕੇ ਆਪਣੇ ਵਾਸਤੇ ਲੈਣ ਦੇ ਬਿਲਕੁਲ ਨੇੜੇ ਜਾ ਪੁੱਜੀ, ਉਦੋਂ ਸ਼ਸ਼ਾਂਕ ਨੇ ਰਾਹ ਰੋਕਣ ਦਾ ਹੌਸਲਾ ਕਰ ਲਿਆ। ਸਿੱਟੇ ਵਜੋਂ ਉਸ ਦੀ ਲਾਸ਼ ਇੱਕ ਦਿਨ ਆਮ ਲੋਕਾਂ ਲਈ ਬਣਾਏ ਗਏ ਬਾਥਰੂਮ, ਅਤੇ ਉਹ ਵੀ ਔਰਤਾਂ ਵਾਲੇ ਬਾਥਰੂਮ, ਦੇ ਵਿਚ ਲਟਕਦੀ ਮਿਲੀ ਸੀ। ਪੁਲਿਸ ਤੇ ਪ੍ਰਸ਼ਾਸਨ ਦੇ ਪੁਰਜ਼ੇ ਕਹਿੰਦੇ ਸਨ ਕਿ ਉਸ ਨੇ ਖੁਦਕੁਸ਼ੀ ਕੀਤੀ ਹੈ। ਜੇ ਸ਼ਸ਼ਾਂਕ ਯਾਦਵ ਨੇ ਉਸ ਦਿਨ ਖੁਦਕੁਸ਼ੀ ਹੀ ਕਰਨੀ ਸੀ ਤਾਂ ਜਨਤਕ ਬਾਥਰੂਮ ਵਿਚ ਜਾ ਕੇ ਕਿਉਂ ਕੀਤੀ ਤੇ ਇਸ ਕੰਮ ਵਾਸਤੇ ਉਸ ਨੇ ਔਰਤਾਂ ਦਾ ਬਾਥਰੂਮ ਕਿਉਂ ਚੁਣਿਆ, ਇਸ ਦਾ ਜਵਾਬ ਕਦੇ ਵੀ ਨਹੀਂ ਦਿੱਤਾ ਜਾ ਸਕਿਆ।

ਜਵਾਬ ਦੇਣਾ ਵੀ ਕਿਸੇ ਨਹੀਂ। ਇਸ ਦਾ ਜਵਾਬ ਉਨ੍ਹਾਂ ਕੋਲ ਹੈ, ਜਿਹੜੇ ਚੁੱਪ ਵਿਚ ਸੁੱਖ ਸਮਝਦੇ ਹਨ। ਸਾਰਾ ਕੁਝ ਹੇਠੋਂ ਉਪਰ ਤੱਕ ਅੱਖ ਮਿਲਾ ਕੇ ਕੀਤਾ ਜਾਂਦਾ ਹੈ ਤੇ ਫਿਰ ਇਹ ਕਿਹਾ ਜਾਂਦਾ ਹੈ ਕਿ ਸਾਨੂੰ ਪਤਾ ਨਹੀਂ। ਕਾਂਗਰਸ ਦੇ ਰਾਜ ਵਿਚ ਕੋਈ ਇਮਾਨਦਾਰ ਅਫਸਰ ਰਗੜਿਆ ਜਾਵੇ ਤਾਂ ਭਾਜਪਾ ਦੁਹਾਈ ਪਾਉਂਦੀ ਹੈ ਅਤੇ ਭਾਜਪਾ ਰਾਜ ਵਿਚ ਇਹੋ ਕਹਿਰ ਵਾਪਰ ਜਾਵੇ ਤਾਂ ਕਾਂਗਰਸੀਆਂ ਵਲੋਂ ਵਿਖਾਵੇ ਦੇ ਹੰਝੂ ਵਗਾਏ ਜਾਂਦੇ ਹਨ। ਭਾਰਤ ਦੇ ਰਾਜਕੀ ਚਿੰਨ੍ਹ ਵਿਚ ਸਾਨੂੰ ਤਿੰਨ ਸ਼ੇਰ ਦਿਖਾਈ ਦੇਂਦੇ ਹਨ, ਜਿਹੜੇ ਮਾਇਆ ਦੇ ਨੋਟਾਂ ਤੋਂ ਲੈ ਕੇ ਇਨਸਾਫ ਦੀਆਂ ਅਦਾਲਤਾਂ ਦੀ ਹਰ ਚੀਜ਼ ਤੱਕ ਝਲਕਦੇ ਹਨ। ਕਿਸੇ ਵੀ ਬੁਰਜੀ ਨੂੰ ਵੇਖੀਏ ਤਾਂ ਉਸ ਦੀਆਂ ਚਹੁੰ ਵਿਚੋਂ ਤਿੰਨ ਦਿਸ਼ਾਵਾਂ ਦਿਸ ਸਕਦੀਆਂ ਹਨ, ਚੌਥੀ ਨਹੀਂ। ਜੇ ਕਿਧਰੇ ਚੌਥੀ ਦਿਸ ਸਕਦੀ ਤਾਂ ਇਹ ਤਿੰਨਾਂ ਦੀ ਥਾਂ ਚਾਰ ਸ਼ੇਰ ਹੋਣੇ ਸਨ। ਚਾਰ ਸ਼ੇਰ ਹੋਣ ਦਾ ਮਤਲਬ ਇਹ ਹੈ ਕਿ ਚਾਰ ਪਾਸੇ ਉਨ੍ਹਾਂ ਸ਼ੇਰਾਂ ਦਾ ਬੋਲ-ਬਾਲਾ ਦਿੱਸ ਪੈਣਾ ਸੀ, ਜਿਹੜੇ ਜੰਗਲ ਦੇ ਹੋਰ ਜੀਵਾਂ ਨੂੰ ਜੀਵ ਨਹੀਂ, ਆਪਣੀ ਖੁਰਾਕ ਮੰਨਦੇ ਹਨ। ਸ਼ੇਰਾਂ ਦੇ ਵੱਸ ਪਏ ਕਹੋ ਜਾਂ ਬਘਿਆੜਾਂ ਦੇ, ਭਾਰਤੀ ਲੋਕਾਂ ਦੇ ਇਸ ਹਾਲ ਉਤੇ ਜਿਹੜਾ ਕੋਈ ਹਾਅ ਦਾ ਨਾਅਰਾ ਮਾਰਨਾ ਚਾਹੁੰਦਾ ਹੈ, ਉਸ ਨੂੰ ਇਸ ਹਸ਼ਰ ਲਈ ਤਿਆਰ ਹੋਣਾ ਚਾਹੀਦਾ ਹੈ। ਸਮੁੰਦਰ ਵਿਚ ਰਹਿ ਕੇ ਮਗਰਮੱਛਾਂ ਨਾਲ ਵੈਰ ਪਾਉਣਾ ਸੌਖਾ ਨਹੀਂ ਹੁੰਦਾ। ਜਿਨ੍ਹਾਂ ਇਮਾਨਦਾਰਾਂ ਨੇ ਏਡੀ ਹਿੰਮਤ ਕੀਤੀ, ਭਾਵੇਂ ਜਾਨਾਂ ਹੀ ਗਵਾ ਗਏ, ਉਨ੍ਹਾਂ ਨੂੰ ਸਲਾਮ ਹੈ, ਪਰ ਕੀ ਅਸੀਂ ਆਪ ਸਿਰਫ ਸਲਾਮ ਕਰਨ ਤੱਕ ਹੀ ਸੀਮਤ ਰਹਾਂਗੇ?

# ਕੇਂਦਰੀ ਸਕੀਮਾਂ ਨੇ ਉਲਝਾਈ ਬਾਦਲ ਸਰਕਾਰ ਦੀ ਤਾਣੀ

**ਚੰਡੀਗੜ੍ਹ:** ਪੰਜਾਬ ਲਈ ਕੇਂਦਰੀ ਸਕੀਮਾਂ ਵਿਚ ਲੱਗੇ ਮੋਟੇ ਕੱਟ ਨੇ ਸੂਬਾ ਸਰਕਾਰ ਦੀ ਹਾਲਤ ਹੋਰ ਵੀ ਪਤਲੀ ਕਰ ਦਿੱਤੀ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਭਾਵੇਂ ਸਹਿਕਾਰੀ ਸੰਘਵਾਦ ਦੇ ਨਾਂ ਉਤੇ 14ਵੇਂ ਵਿੱਤ ਕਮਿਸ਼ਨ ਦੀਆਂ ਸਿਫਾਰਿਸ਼ਾਂ ਦਾ ਜ਼ੋਰਦਾਰ ਸਵਾਗਤ ਕਰ ਰਹੇ ਹਨ ਪਰ ਪੰਜਾਬ ਨੂੰ ਲੋੜਵੰਦ ਰਾਜਾਂ ਦੀ ਸੂਚੀ ਵਿਚੋਂ ਬਾਹਰ ਕੱਢਣ ਨਾਲ ਸੂਬੇ ਨੂੰ ਵੱਡਾ ਰਗੜਾ ਲੱਗੇਗਾ। ਸੂਬੇ ਨੂੰ ਹਰ ਸਾਲ ਮਿਲਣ ਵਾਲੀ ਤਿੰਨ ਹਜ਼ਾਰ ਕਰੋੜ ਰੁਪਏ ਦੀ ਮਾਲੀ ਘਾਟਾ ਗ੍ਰਾਂਟ ਬੰਦ ਹੋ ਜਾਵੇਗੀ ਤੇ ਕੇਂਦਰੀ ਗ੍ਰਾਂਟ ਵਿਚੋਂ 732.97 ਕਰੋੜ ਰੁਪਏ ਦੀ ਹਿੱਸੇਦਾਰੀ ਘਟ ਹੋ ਗਈ ਹੈ ਕਿਉਂਕਿ ਕੇਂਦਰੀ ਯੋਜਨਾਵਾਂ ਨੂੰ ਮੁੜ ਤੋਂ ਪ੍ਰੀਭਾਸ਼ਤ ਕੀਤਾ ਗਿਆ ਹੈ। ਜਦੋਂ ਕਿ ਕੇਂਦਰੀ ਟੈਕਸਾਂ ਵਿਚੋਂ ਸੂਬਿਆਂ ਨੂੰ 32 ਤੋਂ ਵਧਾ ਕੇ 42 ਫ਼ੀਸਦੀ ਟੈਕਸ ਦੇਣ ਨਾਲ ਸੂਬਾ ਸਰਕਾਰ ਨੂੰ 2014-15 ਦੇ ਮੁਕਾਬਲੇ 2598.03 ਕਰੋੜ ਰੁਪਏ ਵਾਧੂ ਮਿਲਣ ਦੀ ਉਮੀਦ ਹੈ।

ਕੇਂਦਰ ਸਰਕਾਰ ਵੱਲੋਂ ਵੱਖ-ਵੱਖ ਲੋਕ ਭਲਾਈ ਵਾਲੀਆਂ ਯੋਜਨਾਵਾਂ ਨੂੰ ਮੁੜ-ਪ੍ਰਭਾਸ਼ਿਤ ਕਰਨ ਸਮੇਂ ਪੰਜਾਬ ਨੂੰ ਵੱਡੀ ਆਰਥਿਕ ਸੱਟ ਮਾਰੀ ਗਈ ਹੈ ਤੇ ਇਨ੍ਹਾਂ ਯੋਜਨਾਵਾਂ ਦੇ ਫੰਡਾਂ ਦੀ ਕਟੌਤੀ ਕਰਕੇ 50 ਫ਼ੀਸਦੀ ਤੋਂ ਵੀ ਘੱਟ ਕਰ ਦਿੱਤੇ ਗਏ ਹਨ। ਇਥੋਂ ਤੱਕ ਕਿ ਬੈਕਵਰਡ ਰਿਜਨ ਗਰਾਂਟ ਫੰਡ, ਅਰਬਨ ਇਨਫਰਾਸਟਕਚਰ ਐਂਡ



## ਹੁਣ ਗਿਲਾ ਕਰਨ ਜੋਗੇ ਵੀ ਨਾ ਰਹੇ ਬਾਦਲ...

**ਜਲੰਧਰ (ਬਿਊਰੋ):** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਭਾਵੇਂ ਕੇਂਦਰੀ ਟੈਕਸਾਂ ਵਿਚ ਰਾਜਾਂ ਦਾ ਹਿੱਸਾ ਵਧਾਏ ਜਾਣ ਨੂੰ ਮੋਦੀ ਸਰਕਾਰ ਦੇ ਸਹਿਕਾਰੀ ਸੰਘਵਾਦ ਵੱਲ ਵੱਡੇ ਕਦਮ ਕਹਿਕੇ ਵਡਿਆ ਰਹੇ ਹਨ, ਪਰ ਕੇਂਦਰ ਸਰਕਾਰ ਵੱਲੋਂ ਲੋਕ ਭਲਾਈ ਵਾਲੀਆਂ ਸਕੀਮਾਂ ਲਈ ਪੰਜਾਬ ਦੇ ਫੰਡ ਅੱਧ ਤੋਂ ਵੀ ਘਟਾ ਦਿੱਤੇ ਗਏ ਹਨ। ਅਜਿਹੇ ਮਸਲਿਆਂ ਨੂੰ ਕਾਂਗਰਸ ਸਰਕਾਰਾਂ ਵੇਲੇ ਪੰਜਾਬ ਨਾਲ ਮਤਰੇਈ ਮਾਂ ਵਾਲਾ ਵਤੀਰਾ ਗਰਦਾਨਣ ਵਾਲੀ ਅਕਾਲੀ ਲੀਡਰਸ਼ਿਪ ਸਿਆਸੀ ਮਜ਼ਬੂਰੀ ਕਾਰਨ ਮੂੰਹ ਖੋਲ੍ਹਣ ਤੋਂ ਵੀ ਗੁਰੇਜ਼ ਕਰ ਰਹੀ ਹੈ।

ਗਵਰਨੈਂਸ, ਈ ਗਵਰਨੈਂਸ ਐਕਸ਼ਨ ਪਲੈਨ ਤੇ ਰਾਜੀਵ ਆਵਾਸ ਯੋਜਨਾ ਦਾ ਤਾਂ ਭੋਗ ਹੀ ਪਾ ਦਿੱਤਾ ਗਿਆ ਹੈ। ਸੂਬੇ ਦੀ ਸਾਲਾਨਾ ਯੋਜਨਾ ਮੁਤਾਬਕ ਕੇਂਦਰ ਸਰਕਾਰ ਵੱਲੋਂ ਸਪਾਂਸਰ ਸਕੀਮਾਂ ਵਿਚ ਕੇਂਦਰ ਸਰਕਾਰ ਦਾ ਹਿੱਸਾ 2014-15 ਵਿਚ 6181 ਕਰੋੜ ਰੁਪਏ ਸੀ, ਪਰ 2015-16 ਲਈ ਇਹ ਘਟਾ ਕੇ 3740 ਕਰੋੜ ਰੁਪਏ ਕਰ ਦਿੱਤਾ ਹੈ। ਬਜਟ ਪੇਸ਼ ਕਰਦਿਆਂ ਪੰਜਾਬ ਦੇ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਭਾਵੇਂ ਕੇਂਦਰ ਸਰਕਾਰ ਦੇ ਹਿੱਸੇ ਬਾਰੇ 'ਹਾਲੇ ਅਸਪੱਸ਼ਟਤਾ' ਕਹਿਕੇ ਗੱਲ ਟਾਲ ਗਏ ਪਰ ਸਾਲਾਨਾ ਯੋਜਨਾ ਇਸ ਗੱਲ ਉੱਪਰ ਚਾਨਣਾ ਪਾਉਂਦੀ ਹੈ ਕਿ ਜਵਾਹਰ ਲਾਲ ਨਹਿਰੂ ਅਰਬਨ ਰਿਨਿਊਲ ਮਿਸ਼ਨ ਜਿਸ ਦਾ ਨਾਂ ਹੁਣ ਅਰਬਨ ਇਨਫਰਾਸਟਕਚਰ ਐਂਡ ਗਵਰਨੈਂਸ ਸਕੀਮ ਰੱਖ ਦਿੱਤਾ ਗਿਆ ਹੈ, ਲਈ ਸਿਰਫ਼ ਪੰਜ ਕਰੋੜ ਰੁਪਏ ਰੱਖੇ ਗਏ ਹਨ ਜਦ ਕਿ ਪਿਛਲੇ ਵਿੱਤੀ ਵਰ੍ਹੇ ਇਸ ਯੋਜਨਾ ਤਹਿਤ 728 ਕਰੋੜ ਰੁਪਏ ਅਲਾਟ ਹੋਏ ਸਨ। ਇਸੇ ਤਰ੍ਹਾਂ ਸੌ ਫ਼ੀਸਦੀ ਕੇਂਦਰ ਸਰਕਾਰ ਵੱਲੋਂ ਸਪਾਂਸਰ ਰਾਸ਼ਟਰੀ ਕ੍ਰਿਸ਼ੀ ਵਿਕਾਸ ਯੋਜਨਾ ਅੱਧ ਤੋਂ ਵੀ ਘੱਟ 2014-15 ਵਿਚ 500 ਕਰੋੜ ਤੋਂ ਘਟਾ ਕੇ ਹੁਣ 230 ਕਰੋੜ ਰੁਪਏ ਕਰ ਦਿੱਤੀ ਹੈ ਜਦ ਕਿ ਕੌਮੀ ਪੇਂਡੂ ਪੀਣ ਵਾਲੇ ਪਾਣੀ ਦੀ ਸਕੀਮ 100 ਕਰੋੜ ਤੋਂ ਕੱਟ ਕੇ ਸਿਰਫ 25 ਕਰੋੜ ਕਰ ਦਿੱਤੀ ਹੈ। ਇਸੇ ਤਰ੍ਹਾਂ ਨੈਸ਼ਨਲ ਹੈਲਥ ਮਿਸ਼ਨ ਲਈ ਫੰਡ ਵੀ ਪਿਛਲੇ ਵਰ੍ਹੇ 450 ਕਰੋੜ ਰੁਪਏ ਤੋਂ ਘਟਾ ਕੇ 375 ਕਰੋੜ ਰੁਪਏ ਘੱਟ ਕਰ ਦਿੱਤੇ ਹਨ। ਸਰਬ ਸਿੱਖਿਆ ਅਭਿਆਨ ਦੇ ਫੰਡ 550 ਕਰੋੜ ਤੋਂ ਘਟਾ ਕੇ ਇਸ ਵਰ੍ਹੇ 445 ਕਰੋੜ ਕਰ ਦਿੱਤੇ ਗਏ ਹਨ।

ਹੈਰਾਨੀ ਵਾਲੀ ਗੱਲ ਇਹ ਹੈ ਕਿ ਇਸ ਯੋਜਨਾ ਵਿਚ ਫੰਡ ਤਾਂ ਘਟਾਏ ਹੀ ਹਨ, ਹੁਣ ਪੰਜਾਬ ਸਰਕਾਰ ਵੱਲੋਂ 50 ਫ਼ੀਸਦੀ ਹਿੱਸਾ ਪਾਉਣ ਦੀ ਸ਼ਰਤ ਲਗਾ ਦਿੱਤੀ ਹੈ ਜਦ ਕਿ ਪਹਿਲਾਂ ਇਹ ਹਿੱਸਾ 35 ਫ਼ੀਸਦੀ ਸੀ। ਕੇਂਦਰੀ ਖੁਰਾਕ ਸੁਰੱਖਿਆ ਮਿਸ਼ਨ ਵਿਚ ਵੀ ਪੰਜਾਬ ਨੂੰ 70 ਕਰੋੜ ਦੀ ਥਾਂ 50 ਕਰੋੜ ਰੁਪਏ ਹੀ ਮਿਲਣਗੇ। ਬੈਕਵਰਡ ਰਿਜਨ ਗਰਾਂਟ ਫੰਡ ਯੋਜਨਾ ਸੌ ਫ਼ੀਸਦੀ ਕੇਂਦਰ ਵੱਲੋਂ ਸਪਾਂਸਰ ਸੀ, ਉਹ ਹੁਣ ਖ਼ਤਮ ਕਰ ਦਿੱਤੀ ਹੈ। ਕੇਂਦਰ ਰਾਜ ਵੱਲੋਂ 75: 25 ਅਨੁਪਾਤ ਨਾਲ ਚਲਾਇਆ ਜਾਣ ਵਾਲਾ ਕੌਮੀ ਦਰਿਆਈ ਸੰਭਾਲ ਪ੍ਰੋਗਰਾਮ ਤਹਿਤ ਪੰਜਾਬ ਨੂੰ 270 ਕਰੋੜ ਰੁਪਏ ਪ੍ਰਵਾਨ ਹੋਏ ਸਨ, ਦਾ ਵੀ ਬਿਸਤਰਾ ਗੋਲ ਕਰ ਦਿੱਤਾ ਹੈ ਤੇ ਪ੍ਰਧਾਨ ਮੰਤਰੀ ਆਦਰਸ਼ ਗ੍ਰਾਮ ਯੋਜਨਾ 50 ਕਰੋੜ ਤੋਂ ਘਟਾ ਕੇ 25 ਕਰੋੜ ਰੁਪਏ ਕਰ ਦਿੱਤੀ ਹੈ। ਪੇਂਡੂ ਖੇਤਰ ਵਿਚ ਰੁਜ਼ਗਾਰ ਦੇ ਮੌਕੇ ਵਧਾਉਣ ਲਈ ਲਾਗੂ ਕੀਤੀ ਮਨਰੇਗਾ ਯੋਜਨਾ 225 ਕਰੋੜ ਤੋਂ ਘਟਾ ਕੇ 212 ਕਰੋੜ ਰੁਪਏ ਕਰ ਦਿੱਤੀ ਗਈ ਹੈ।

# ਹਰਿਆਣਾ 'ਚ ਕਿਸਾਨਾਂ ਦੇ ਬਿਜਲੀ ਬਿਲ ਮੁਆਫ

**ਚੰਡੀਗੜ੍ਹ:** ਹਰਿਆਣਾ ਸਰਕਾਰ ਨੇ ਬੇਮੌਸਮੇ ਮੀਂਹ ਅਤੇ ਗੜੇਮਾਰੀ ਨਾਲ ਫਸਲਾਂ ਦੇ ਹੋਏ ਨੁਕਸਾਨ ਦੀ ਪੂਰਤੀ ਲਈ ਸੂਬੇ ਦੇ ਕਿਸਾਨਾਂ ਨੂੰ ਰਾਹਤ ਦੇਣ ਦਾ ਫੈਸਲਾ ਕੀਤਾ ਹੈ। ਪੀੜਤ ਕਿਸਾਨਾਂ ਦੇ ਬਿਜਲੀ ਬਿਲ ਮੁਆਫ ਕਰਨ, ਫਸਲੀ ਕਰਜ਼ਿਆਂ ਦੀ ਅਦਾਇਗੀ ਅੱਗੇ ਪਾਉਣ ਅਤੇ ਅਗਲੀ ਫਸਲ ਤੋਂ ਸਾਰੇ ਕਿਸਾਨਾਂ ਨੂੰ ਫਸਲੀ ਕਰਜ਼ਾ ਵਿਆਜ ਰਹਿਤ ਦੇਣ ਦਾ ਐਲਾਨ ਕੀਤਾ ਹੈ। ਰਾਜ ਸਰਕਾਰ ਨੇ ਕਿਸਾਨਾਂ ਨੂੰ ਰਾਹਤ ਦੇਣ ਲਈ ਕੇਂਦਰ ਸਰਕਾਰ ਕੋਲੋਂ 500 ਕਰੋੜ ਰੁਪਏ ਦੀ ਮੰਗ ਕੀਤੀ ਹੈ।

ਹਰਿਆਣਾ ਵਿਧਾਨ ਸਭਾ ਵਿਚ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਐਲਾਨ ਕੀਤਾ ਹੈ ਕਿ ਰਾਜ ਸਰਕਾਰ ਨੇ ਕਿਸਾਨਾਂ ਨੂੰ ਵੱਡੀ ਰਾਹਤ ਦੇਣ ਦਾ ਫੈਸਲਾ ਕੀਤਾ ਹੈ ਤੇ ਸੂਬੇ ਦੇ ਸਾਰੇ ਕਿਸਾਨਾਂ ਨੂੰ ਅਗਲੀ ਫਸਲ ਤੋਂ ਫਸਲੀ ਕਰਜ਼ਾ ਬਿਨਾਂ ਵਿਆਜ ਦਿਤਾ ਜਾਵੇਗਾ। ਭਾਜਪਾ ਦੀ ਮੱਧ ਪ੍ਰਦੇਸ਼ ਸਰਕਾਰ ਪਹਿਲਾਂ ਹੀ ਕਿਸਾਨਾਂ ਨੂੰ ਫਸਲੀ ਕਰਜ਼ਾ ਸਿਫਰ ਫੀਸਦੀ ਵਿਆਜ 'ਤੇ ਦੇ ਰਹੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਵਿਚ ਕਿਸਾਨਾਂ ਦੀਆਂ ਫਸਲਾਂ ਦੀ ਗਿਰਦਾਵਰੀ ਕਰਵਾਉਣ ਦਾ ਕੰਮ ਚਲ ਰਿਹਾ ਹੈ ਅਤੇ 31 ਮਾਰਚ ਤਕ ਮੁਕੰਮਲ ਕਰ ਲਿਆ ਜਾਵੇਗਾ। ਜਿਹੜੇ ਕਿਸਾਨਾਂ ਦਾ 25 ਤੋਂ 50 ਫੀਸਦੀ ਤਕ ਨੁਕਸਾਨ ਹੋਇਆ ਹੈ, ਉਨ੍ਹਾਂ ਦੇ ਪਿਛਲੇ ਅਤੇ ਅਗਲੇ ਛੇ ਮਹੀਨਿਆਂ ਦੇ ਪੰਜਾਹ ਫੀਸਦੀ ਬਿਲ ਮੁਆਫ ਕੀਤੇ ਜਾਣਗੇ ਤੇ ਜਿਨ੍ਹਾਂ ਦਾ 50 ਤੋਂ 100 ਫੀਸਦੀ ਖਰਾਬਾ ਹੋਇਆ ਹੈ, ਉਨ੍ਹਾਂ ਦੇ ਸੌ ਫੀਸਦੀ ਬਿਲ ਮੁਆਫ ਹੋਣਗੇ। ਮੁੱਖ ਮੰਤਰੀ ਨੇ ਸਦਨ ਨੂੰ ਦੱਸਿਆ ਕਿ ਜਿਹੜੇ ਕਿਸਾਨਾਂ ਦੀਆਂ ਫਸਲਾਂ ਦਾ ਪੰਜਾਹ ਫੀਸਦੀ ਤੋਂ ਵੱਧ ਨੁਕਸਾਨ ਹੋਇਆ ਹੈ, ਉਨ੍ਹਾਂ ਦੇ ਸਹਿਕਾਰੀ ਬੈਂਕਾਂ ਦੇ ਫਸਲੀ ਕਰਜ਼ਿਆਂ ਦੀ ਅਦਾਇਗੀ ਦਾ ਸਮਾਂ ਮੁੜ ਤੈਅ ਕੀਤਾ ਜਾਵੇਗਾ ਤੇ ਕਰਜ਼ਾ ਤਿੰਨ ਸਾਲ ਵਿਚ ਅਦਾ ਕਰਨਾ ਹੋਵੇਗਾ। ਨਾਲ ਹੀ ਉਨ੍ਹਾਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਪੱਤਰ ਲਿਖ ਕੇ ਮੰਗ ਕੀਤੀ ਕਿ ਕਿਸਾਨਾਂ ਨੂੰ ਰਾਹਤ ਦੇਣ ਲਈ ਕੇਂਦਰ 500 ਕਰੋੜ ਰੁਪਏ ਅੰਤਰਿਮ ਰਾਹਤ ਵਜੋਂ ਦੇਵੇ।

## ਜਰਮਨ ਹਵਾਈ ਜਹਾਜ਼ ਨੂੰ ਹਾਦਸਾ, 148 ਹਲਾਕ

**ਪੈਰਿਸ:** ਫਰਾਂਸ ਵਿਚ ਇਕ ਸਕੀਅ ਰਿਜ਼ੋਰਟ ਦੇ ਨੇੜੇ ਜਰਮਨੀ ਦਾ ਹਵਾਈ ਜਹਾਜ਼ ਹਾਦਸੇ ਦਾ ਸ਼ਿਕਾਰ ਹੋ ਗਿਆ ਜਿਸ ਵਿਚ 148 ਵਿਅਕਤੀ ਸਵਾਰ ਸਨ। ਸਰਕਾਰੀ ਅਫ਼ਸਰਾਂ ਨੇ ਕਿਹਾ ਕਿ ਇਸ ਦੀਆਂ ਸਾਰੀਆਂ ਸਵਾਰੀਆਂ ਦੇ ਮਾਰੇ ਜਾਣ ਦਾ ਖ਼ਦਸ਼ਾ ਹੈ।

ਇਹ ਜਹਾਜ਼ ਸਪੇਨ ਦੇ ਸਾਹਿਲੀ ਸ਼ਹਿਰ ਬਾਰਸੀਲੋਨਾ ਤੋਂ ਜਰਮਨ ਸ਼ਹਿਰ ਡਿਊਸਲਰਫ਼ ਜਾ ਰਿਹਾ ਸੀ ਅਤੇ ਜੋ ਦੱਖਣ-ਪੂਰਬੀ ਫਰਾਂਸ ਦੇ ਬਾਰਸੇਲੋਨੈਟ ਇਲਾਕੇ ਵਿਚ ਡਿੱਗ ਪਿਆ।

# ਗਿਆਨੀ ਮੱਲ ਸਿੰਘ ਨੂੰ ਰਵਨੀਤ ਬਿੱਟੂ ਦੇ ਬਿਆਨ 'ਤੇ ਇਤਰਾਜ਼

**ਸ੍ਰੀ ਅਨੰਦਪੁਰ ਸਾਹਿਬ:** ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਮੱਲ ਸਿੰਘ ਨੇ ਕਿਹਾ ਹੈ ਕਿ ਆਪਣੇ ਸਿਆਸੀ ਆਕਾਵਾਂ ਨੂੰ ਖੁਸ਼ ਕਰਨ ਲਈ ਲੋਕ ਸਭਾ ਮੈਂਬਰ ਰਵਨੀਤ ਬਿੱਟੂ ਨੇ ਪਾਰਲੀਮੈਂਟ ਵਿਚ ਨਾਨਕਸ਼ਾਹੀ ਕੈਲੰਡਰ ਦਾ ਵਿਰੋਧ ਕਰ ਕੇ ਅਕਾਲ ਤਖਤ ਸਾਹਿਬ ਨੂੰ ਚੁਣੌਤੀ ਦੇਣ ਦੀ ਕੋਸ਼ਿਸ਼ ਕੀਤੀ ਹੈ। ਇਤਿਹਾਸ ਗਵਾਹ ਹੈ ਕਿ ਜਿਸ ਕਿਸੇ ਨੇ ਵੀ ਸਿੱਖ ਕੌਮ ਦੀ ਸਰਵਉੱਚ ਸੰਸਥਾ ਦੇ ਨਾਲ ਮੱਥਾ ਲਗਾਉਣ ਦੀ ਕੋਸ਼ਿਸ਼ ਕੀਤੀ ਹੈ, ਉਸ ਨੂੰ ਮੂੰਹ ਦੀ ਖਾਣੀ ਪਈ ਹੈ।

ਗਿਆਨੀ ਮੱਲ ਸਿੰਘ ਨੇ ਕਿਹਾ ਕਿ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਜਾਰੀ ਕੀਤਾ ਗਿਆ ਕੈਲੰਡਰ ਹੀ ਸਮੁੱਚੀ ਸਿੱਖ ਕੌਮ ਵੱਲੋਂ ਮੰਨਿਆ ਜਾਂਦਾ ਹੈ। ਰਵਨੀਤ ਬਿੱਟੂ ਵੱਲੋਂ ਪਾਰਲੀਮੈਂਟ ਵਿਚ ਇਹ ਬਿਆਨ ਦੇਣਾ ਕਿ ਉਕਤ ਕੈਲੰਡਰ ਵਿਚ ਜਿਨ੍ਹਾਂ ਸ਼ਹੀਦਾਂ ਦੇ ਦਿਨ ਮਨਾਉਣ ਦੀ ਗੱਲ ਕਹੀ ਗਈ ਹੈ, ਉਹ ਸ਼ਹੀਦ ਨਹੀਂ ਬਲਕਿ ਕਾਤਲ ਹਨ, ਬਹੁਤ ਹੀ ਮੰਦਭਾਗੀ ਗੱਲ ਹੈ। ਜਿਨ੍ਹਾਂ ਵੀ ਆਗੂਆਂ ਨੇ ਆਪਣੀ ਕੌਮ ਦੇ ਹਿੱਤਾਂ ਲਈ ਕੁਰਬਾਨੀ ਦਿੱਤੀ ਹੁੰਦੀ ਹੈ, ਉਨ੍ਹਾਂ ਨੂੰ ਸ਼ਹੀਦ ਨਹੀਂ ਤਾਂ ਹੋਰ ਕੀ ਆਖਿਆ ਜਾਂਦਾ ਹੈ? ਉਨ੍ਹਾਂ ਸ਼ਹੀਦਾਂ ਨੂੰ ਕਾਤਲ ਕਹਿਣ 'ਤੇ ਇਤਰਾਜ਼ ਕਰਦੇ ਹੋਏ ਕਿਹਾ ਕਿ ਰਵਨੀਤ ਬਿੱਟੂ ਖੁਦ ਇੰਦਰਾ ਗਾਂਧੀ ਅਤੇ ਬੇਅੰਤ ਸਿੰਘ ਨੂੰ ਸ਼ਹੀਦ ਮੰਨ ਕੇ ਉਨ੍ਹਾਂ ਦੇ ਦਿਨ ਮਨਾਉਂਦੇ ਹਨ ਪਰ ਅਸੀਂ ਤਾਂ ਕਦੇ ਉਨ੍ਹਾਂ ਦੇ ਨਿੱਜੀ ਮਾਮਲੇ ਵਿਚ ਦਖਲ ਨਹੀਂ ਦਿੱਤਾ। ਇਸ ਲਈ ਜੇ ਅਸੀਂ ਆਪਣੇ ਸ਼ਹੀਦਾਂ ਨੂੰ ਸ਼ਹੀਦ ਮੰਨਿਆ ਤਾਂ ਉਨ੍ਹਾਂ ਨੂੰ ਇਤਰਾਜ਼ ਨਹੀਂ ਹੋਣਾ ਚਾਹੀਦਾ ਹੈ।


ਖੁਸ਼ਖਬਰੀ ! ਖੁਸ਼ਖਬਰੀ ! ! ਖੁਸ਼ਖਬਰੀ ! !

ਇੰਡੀਅਨਐਪੋਲਿਸ (ਇੰਡੀਆਨਾ) ਵਿਚ

ਨਵਾਂ ਟਰੱਕ ਡਰਾਈਵਿੰਗ ਸਕੂਲ

ਖੁਲ੍ਹ ਗਿਆ ਹੈ



Truck Driving School

Lic. # 0027

A-One Truck Driving School

2302 South West Street, Indianapolis, IN 46225

Gurinder Nagra, Ben Singh Bashal, Gurnam Dhaliwal

Ph: 317-653-6666

10-13



# ਸਿੱਖ ਰਿਲੀਜੀਅਸ ਸੁਸਾਇਟੀ ਦੇ ਸੰਵਿਧਾਨ ਵਿਚ ਸੋਧਾਂ ਲਈ ਰੈਫਰੈਂਡਮ

## ਰੈਫਰੈਂਡਮ ਲਈ ਵੋਟ ਪਾਉਣ ਤੋਂ ਪਹਿਲਾਂ ਜਰਾ ਇਨ੍ਹਾਂ ਨੁਕਤਿਆਂ ਬਾਰੇ ਧਿਆਨ ਨਾਲ ਸੋਚੋ

1. ਸੀ. ਏ. ਸੀ. ਨੇ ਸੋਧਿਆ ਹੋਇਆ ਸੰਵਿਧਾਨ ਤਿਆਰ ਕੀਤਾ ਸੀ ਜਿਸ ਉਪਰ ਮਾਰਚ 2014 ਵਿਚ ਵੋਟਾਂ ਪਈਆਂ ਅਤੇ ਇਸ ਨੂੰ ਸਿੱਖ ਰਿਲੀਜੀਅਸ ਸੁਸਾਇਟੀ ਦੇ ਮੈਂਬਰਾਂ ਨੇ ਰੱਦ ਕਰ ਦਿਤਾ ਸੀ। ਸੀ. ਏ. ਸੀ. ਅਦਾਲਤੀ ਕੇਸ ਵਿਚ ਰਾਜ਼ੀਨਾਮੇ ਅਧੀਨ ਬਣਾਈ ਗਈ ਸੀ। ਉਸ ਰਾਜ਼ੀਨਾਮੇ ਅਨੁਸਾਰ ਇਹ ਕਮੇਟੀ ਭੰਗ ਹੋ ਚੁਕੀ ਹੈ। ਐਮ. ਏ. ਸੀ. ਦੀ ਚੋਣ ਭਲਾ ਅਜਿਹੀ ਕਮੇਟੀ ਕਿਵੇਂ ਕਰ ਸਕਦੀ ਹੈ?

2. ਇਸ ਫੇਲ੍ਹ ਹੋਏ ਅਤੇ ਸਮਾਂ ਵਿਹਾ ਚੁਕੇ ਦਸਤਾਵੇਜ਼ ਉਪਰ ਇਸ ਸਾਲ ਨਾ ਤਾਂ ਵੱਖ ਵੱਖ ਗਰੁਪਾਂ ਅਤੇ ਸੰਗਤ ਦੇ ਮੈਂਬਰਾਂ ਵਲੋਂ ਮੁੜ ਵਿਚਾਰ ਹੋਈ ਅਤੇ ਨਾ ਹੀ ਸਹਿਮਤੀ ਹੋਈ। ਇਥੋਂ ਤਕ ਕਿ ਟਰੱਸਟੀ ਬੋਰਡ ਅਤੇ ਸੀ. ਆਈ. ਸੀ. (ਸੰਵਿਧਾਨ ਅਮਲ ਕਮੇਟੀ) ਵਲੋਂ ਵੀ ਨਹੀਂ।

3. ਵੋਟਾਂ ਖਤਮ ਹੋ ਜਾਣਗੀਆਂ ਗੁਮਰਾਹਕੁੰਨ ਪ੍ਰਚਾਰ: ਸੰਗਤ ਨੂੰ ਬੁਰੀ ਤਰ੍ਹਾਂ ਗੁਮਰਾਹ ਕੀਤਾ ਜਾ ਰਿਹਾ ਹੈ। ਟਰੱਸਟੀ ਬੋਰਡ/ਸੀ. ਆਈ. ਸੀ. ਦੀ ਚੋਣ ਤਾਂ ਹੁਣ ਵੀ ਹੋਵੇਗੀ। ਜੇ "ਇਕ ਮੈਂਬਰ ਇਕ ਵੋਟ" ਵਾਲੀ ਸੋਧ ਪਾਸ ਹੋ ਜਾਂਦੀ ਹੈ ਤਾਂ ਤੁਸੀਂ ਜਿੰਨੀਆਂ ਸੀਟਾਂ, ਉਨੀਆਂ ਵੋਟਾਂ ਪਾਉਣ ਦੇ ਹੱਕ ਤੋਂ ਵਿਰਵੇ ਹੋ ਜਾਓਗੇ।

4. ਅਖੀਰ ਐਮ. ਏ. ਸੀ. ਤਾਕਤ ਦੇ ਚਾਹਵਾਨਾਂ ਦੀ ਕਮੇਟੀ ਬਣ ਕੇ ਰਹਿ ਜਾਵੇਗੀ ਜੋ ਕਿ ਸਾਰੀਆਂ ਕਮੇਟੀਆਂ ਦੇ ਅਧਿਕਾਰਾਂ ਉਪਰ ਆਪਣਾ ਕੰਟਰੋਲ ਜਮਾ ਲਵੇਗੀ।

5. ਇਹ ਸੋਧ ਵਿਤਕਰਾ ਭਰਪੂਰ ਹੈ ਅਤੇ ਨਿਸ਼ਠਾਵਾਨ, ਅਨੁਭਵੀ, ਯੋਗ ਤੇ ਨਿਰਮਾਣ ਐਸ ਆਰ ਐਸ ਮੈਂਬਰਾਂ ਨੂੰ ਸੇਵਾ ਦਾ ਮੌਕਾ ਦੇਣ ਤੋਂ ਰੋਕਦੀ ਹੈ ਪਰ ਉਨ੍ਹਾਂ ਲੋਕਾਂ ਲਈ ਇਸ ਕਮੇਟੀ ਵਿਚ ਸ਼ਾਮਲ ਹੋਣ ਲਈ ਚੋਰ-ਮੋਰੀ ਰੱਖਦੀ ਹੈ ਜਿਹੜੇ ਭੂਤਕਾਲ ਵਿਚ 12 ਸਾਲ ਪਹਿਲਾਂ ਕੰਮ ਕਰ ਚੁਕੇ ਹਨ।

6. ਅਯੋਗ ਕਰਾਰ ਦਿਤੇ ਗਏ ਉਮੀਦਵਾਰਾਂ ਨੂੰ ਆਪਣੀ ਯੋਗਤਾ ਸਿੱਧ ਕਰਨ ਲਈ ਅਪੀਲ ਦਾ ਕੋਈ ਸਮਾਂ ਨਹੀਂ ਦਿਤਾ ਗਿਆ।

7. ਐਮ. ਏ. ਸੀ. ਦਾ ਚੇਅਰਮੈਨ ਜਾਂ ਸਕੱਤਰ ਸਾਰੇ ਉਮੀਦਵਾਰਾਂ ਨੂੰ ਦੋ ਐਤਵਾਰ ਲਗਾਤਾਰ 8-8 ਘੰਟੇ ਕੈਦ ਕਰਕੇ ਉਨ੍ਹਾਂ 'ਤੇ ਆਪਣਾ ਹੁਕਮ ਚਲਾਉਣਗੇ। ਅਜਿਹੇ ਸਮੇਂ ਨਰਮ ਅਤੇ ਸ਼ਰੀਫ ਸੁਭਾਅ ਦੇ ਉਮੀਦਵਾਰ ਆਪਣੇ-ਆਪ ਨੂੰ ਧਮਕੀ ਅਤੇ ਦਬਾਓ ਹੇਠ ਸਮਝਣਗੇ। ਅਜਿਹੇ ਮਾਨਸਿਕ ਸੰਤਾਪ ਵਾਲੇ ਮਾਹੌਲ ਵਿਚ ਧੱਕੇਸ਼ਾਹ ਮੈਂਬਰ ਉਨ੍ਹਾਂ ਨੂੰ ਇਸ ਗੱਲ ਲਈ ਮਜਬੂਰ ਕਰ ਸਕਣਗੇ ਕਿ ਉਹ ਬੋਰਡ ਦੇ ਟਰੱਸਟੀ/ਸੀ. ਆਈ. ਸੀ. ਦਾ ਮੈਂਬਰ ਬਣਨ ਦਾ ਆਪਣਾ ਮੌਕਾ ਛੱਡ ਦੇਣ।

8. ਬੋਰਡ ਮੈਂਬਰਾਂ ਨੂੰ ਕੋਈ ਸੀਟ ਨੰਬਰ ਨਹੀਂ ਦਿਤਾ ਜਾਂਦਾ। ਉਹ ਗੋਲ-ਮੇਜ਼ ਮੈਂਬਰ ਹਨ। ਫਿਰ ਤੁਸੀਂ ਇਹ ਕਿਵੇਂ ਫੈਸਲਾ ਕਰ ਸਕਦੇ ਹੋ ਕਿ ਕਿਹੜੀ ਸੀਟ ਖਾਲੀ ਹੈ ਅਤੇ ਕਿਹੜੀ ਭਰੀ ਜਾਣੀ ਹੈ? ਇਹ ਬਹੁਤ ਹੀ ਭੰਬਲਭੂਸੇ ਵਾਲਾ ਤਰੀਕਾ ਹੈ। ਭਾਵੇਂ ਸਾਰੇ ਮੈਂਬਰ ਇਲੈਕਟ ਕੀਤੇ ਜਾਣ ਜਾਂ ਸਿਲੈਕਟ ਪਰ ਕੀਤੇ ਜਾਣ ਇਕੋ ਸਮੇਂ।

9. ਵਧੀਕ ਮੈਂਬਰ: ਬੋਰਡ ਦਾ ਟਰੱਸਟੀ/ਸੀ. ਆਈ. ਸੀ. ਦਾ ਕੋਈ ਮੈਂਬਰ ਜੇ ਆਪਣੀ ਮਿਆਦ ਤਕ ਕੰਮ ਕਰਨ ਦੇ ਅਸਮਰਥ ਹੈ ਤਾਂ ਉਸ ਦੀ ਥਾਂ ਕੌਣ ਲਵੇਗਾ, ਇਸ ਬਾਰੇ ਬੋਰਡ ਦੇ ਟਰੱਸਟੀ/ਸੀ. ਆਈ. ਸੀ. ਦੇ ਵਧੀਕ ਮੈਂਬਰਾਂ ਦੀ ਕਿਸੇ ਖਾਸ ਤਰਤੀਬ ਦੀ ਕੋਈ ਵਿਵਸਥਾ ਨਹੀਂ।

10. ਕੋਰਮ ਦੀ ਤਬਦੀਲੀ: ਇਸ ਤਬਦੀਲੀ ਨਾਲ ਨਵਾਂ ਸੋਧਿਆ ਹੋਇਆ ਸੰਵਿਧਾਨ ਬੱਚਿਆਂ ਦੀ ਇਕ ਖੇਡ ਬਣ ਜਾਵੇਗਾ ਕਿ ਇਕ ਹੱਥ ਨਾਲ ਬਣਾਓ, ਦੂਜੇ ਨਾਲ ਢਾਹ ਦਿਓ। ਇਸ ਤਰ੍ਹਾਂ ਤਾਂ ਭਵਿੱਖ ਵਿਚ ਬਣਨ ਵਾਲਾ ਕੋਈ ਵੀ ਬੋਰਡ, ਜਦੋਂ ਜੀਅ ਚਾਹਿਆ, ਸੰਵਿਧਾਨ ਵਿਚ ਸੋਧਾਂ ਕਰਨ ਤੁਰ ਪਵੇਗਾ।

11. ਸੋਧ 'ਤੇ ਅਮਲ: ਇਸ ਦਾ ਮੂਲੋਂ ਹੀ ਕੋਈ ਅਰਥ ਨਹੀਂ। ਕੋਈ ਅਦਾਲਤੀ ਕੇਸ ਨਹੀਂ ਚਲ ਰਿਹਾ ਅਤੇ ਨਾ ਹੀ ਹੁਣ ਕੋਈ ਨਵੀਂ ਚੀਜ਼ ਲਾਗੂ ਕਰਨ ਬਾਰੇ ਕਿਸੇ ਜੱਜ ਦਾ ਹੁਕਮ ਹੀ ਹੈ। ਸਾਰੀਆਂ ਤਾਰੀਖਾਂ ਪਿਛਲੇ ਸਾਲ ਦੀਆਂ ਹਨ ਅਤੇ ਉਨ੍ਹਾਂ ਦਾ ਸਮਾਂ ਖਤਮ ਹੋ ਚੁਕਾ ਹੈ। ਇਸ ਲਈ ਇਸ ਸਮਾਂ ਵਿਹਾ ਚੁਕੀ ਸੋਧ ਵਾਸਤੇ ਵੋਟਾਂ ਪੁਆਉਣ ਦੀ ਕੋਈ ਲੋੜ ਨਹੀਂ।

12. ਇਸ ਸੋਧ ਨੂੰ ਪਾਸ ਕਰਵਾਉਣ ਦਾ ਕੇਵਲ ਤੇ ਕੇਵਲ ਇਕ ਹੀ ਮੰਤਵ ਹੈ ਕਿ ਕਿਵੇਂ ਐਮ ਏ ਸੀ ਰਾਹੀਂ ਰਿਮੋਟ ਕੰਟਰੋਲ ਤਰੀਕੇ ਨਾਲ ਗੁਰਦੁਆਰਾ ਸਾਹਿਬ ਦੇ ਭਵਿੱਖ ਦੇ ਪ੍ਰਬੰਧ 'ਤੇ ਕਬਜ਼ਾ ਕੀਤਾ ਜਾ ਸਕੇ। ਇਥੇ ਇਹ ਦੱਸਣਾ ਜ਼ਰੂਰੀ ਹੈ ਕਿ ਅਜੋਕੀ ਮੈਂਬਰਸ਼ਿਪ ਇਲੈਕਸ਼ਨ ਕਮੇਟੀ ਨੂੰ ਖਤਮ ਕਰਕੇ ਇਸ ਕਮੇਟੀ ਨੂੰ ਲਿਆਂਦਾ ਜਾ ਰਿਹਾ ਹੈ। ਹੋਰ ਦਿਲਚਸਪ ਗੱਲ ਇਹ ਹੈ ਕਿ ਕੀ ਐਮ ਏ ਸੀ ਦੇ ਮੈਂਬਰ ਸਿਰਫ ਪਰਚੀਆਂ ਨਾਲ ਆਉਣਗੇ? ਪਰ ਟਰੱਸਟੀ ਬੋਰਡ/ ਸੀ. ਆਈ. ਸੀ. ਲਈ ਵੋਟਾਂ! ਇਹ ਦੂਹਰੀ ਨੀਤੀ ਕਿਉਂ?

13. ਐਮ ਏ ਸੀ ਦੀ ਹੋਂਦ ਨਾਲ ਗੁਰਦੁਆਰਾ ਸਾਹਿਬ ਕਿਤੇ ਇਸ ਕਮੇਟੀ ਦੇ ਪੰਜ ਮੈਂਬਰਾਂ ਦਾ ਡੇਰਾ ਬਣ ਕੇ ਹੀ ਨਾ ਰਹਿ ਜਾਵੇ। ਫੈਸਲਾ ਸੰਗਤ ਦੇ ਹੱਥ ਹੈ।

**ਸਾਡੀ ਸੰਗਤਾਂ ਨੂੰ ਬੇਨਤੀ ਹੈ ਕਿ ਗੁਰੂਘਰ ਵਿਚੋਂ ਇਲੈਕਸ਼ਨ ਖਤਮ ਹੋਣੀ ਚਾਹੀਦੀ ਹੈ ਅਤੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਪਰਚੀ ਪਾ ਕੇ ਸੇਵਾਦਾਰਾਂ ਨੂੰ ਸੇਵਾ ਦੇਣੀ ਚਾਹੀਦੀ ਹੈ।**

**ਬੇਨਤੀ ਕਰਤਾ: ਪੰਥਕ ਗਰੁਪ**

Advt.

ਪੰਜਾਬ ਟਾਈਮਜ਼

*ਸਨਿਚਰਵਾਰ, 28 ਮਾਰਚ 2015*

# ਸਿਦਕ ਤੇ ਸਿਰੜ ਨੂੰ ਸਲਾਮੀ

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਚਰਚਿਤ 'ਮੋਦੀ ਲਹਿਰ' ਦੇ ਉਤਰਾਅ ਦੀ ਇਕ ਹੋਰ ਝਾਕੀ ਪੰਜਾਬ ਵਿਚ ਦੇਖਣ ਨੂੰ ਮਿਲ ਗਈ। ਉਹ 23 ਮਾਰਚ ਦੇ ਸ਼ਹੀਦਾਂ- ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ, ਨੂੰ ਸ਼ਰਧਾਂਜਲੀ ਦੇਣ ਹੁਸੈਨੀਵਾਲਾ ਅੱਪੜਿਆ ਸੀ ਅਤੇ ਉਥੇ ਉਹਦਾ ਸਵਾਗਤ ਪੰਡਾਲ ਵਿਚ ਖਾਲੀ ਪਈਆਂ ਕੁਰਸੀਆਂ ਨਾਲ ਹੋਇਆ। ਭਾਸ਼ਣਕਾਰ ਵਜੋਂ ਮਸ਼ਹੂਰ ਮੋਦੀ ਇਸ ਸਮਾਗਮ ਦੌਰਾਨ ਠੁੱਕਦਾਰ ਭਾਸ਼ਣ ਵੀ ਨਾ ਦੇ ਸਕਿਆ। ਇਸ ਤੋਂ ਪਹਿਲਾਂ ਮੀਡੀਆ ਵਿਚ ਅਤੇ ਫੇਸਬੁੱਕ ਆਦਿ ਉਤੇ ਵੀ ਉਹਦੇ ਖਿਲਾਫ ਟਿੱਪਣੀਆਂ ਦਾ ਹੜ੍ਹ ਆਇਆ ਰਿਹਾ। ਦਿੱਲੀ ਵਿਧਾਨ ਸਭਾ ਚੋਣਾਂ ਤੋਂ ਬਾਅਦ ਪਹਿਲੀ ਵਾਰ 'ਮੋਦੀ ਲਹਿਰ' ਦੀ ਫੂਕ ਹੁਣ ਨਿਕਲੀ ਸੀ। ਸਭ ਨੂੰ ਚੇਤੇ ਹੋਵੇਗਾ ਕਿ ਮੋਦੀ ਨੇ ਆਪਣੀ ਲੋਕ ਸਭਾ ਚੋਣ ਮੁਹਿੰਮ ਦਾ ਆਗਾਜ਼ ਪੰਜਾਬ ਤੋਂ ਕੀਤਾ ਸੀ। ਉਦੋਂ ਕਿਸੇ ਨੂੰ ਚਿਤ-ਚੇਤਾ ਵੀ ਨਹੀਂ ਸੀ ਕਿ ਇਹ ਬੰਦਾ ਪ੍ਰਧਾਨ ਮੰਤਰੀ ਦੀ ਹੈਸੀਅਤ ਵਿਚ 23 ਮਾਰਚ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਪੰਜਾਬ ਪੁੱਜੇਗਾ। ਸਿਆਸੀ ਮਾਹਿਰਾਂ ਅਤੇ ਪੱਤਰਕਾਰਾਂ ਦੀਆਂ ਗਿਣਤੀਆਂ-ਮਿਣਤੀਆਂ ਮੁਤਾਬਕ, ਕਿਸੇ ਵੀ ਸੂਰਤ ਵਿਚ ਭਾਜਪਾ ਦੀ ਅਗਵਾਈ ਵਾਲੇ ਐਨ.ਡੀ.ਏ. ਨੂੰ ਬਹੁਮਤ ਜੋਗੀਆਂ ਸੀਟਾਂ ਉਤੇ ਜਿੱਤ ਹਾਸਲ ਨਹੀਂ ਹੋਵੇਗੀ, ਪਰ ਜਿਉਂ-ਜਿਉਂ ਲੋਕ ਸਭਾ ਚੋਣਾਂ ਵਾਲੀਆਂ ਤਰੀਕਾਂ ਨੇੜੇ ਆਉਂਦੀਆਂ ਗਈਆਂ, ਹਾਲਾਤ ਬਦਲਦੇ ਰਹੇ। ਕਾਂਗਰਸ ਦੀ ਬੇਹੱਦ ਮਾੜੀ ਕਾਰਗੁਜ਼ਾਰੀ ਅਤੇ ਕਿਸੇ ਹੋਰ ਨਰੋਈ ਧਿਰ ਦੀ ਗੈਰ-ਹਾਜ਼ਰੀ ਵਿਚ ਐਨ.ਡੀ.ਏ. ਦੀ ਸਰਕਾਰ ਡੰਕੇ ਦੀ ਚੋਟ ਉਤੇ ਬਣ ਗਈ ਅਤੇ ਸਭ ਦੇ ਦੇਖਦਿਆਂ-ਦੇਖਦਿਆਂ ਤੇ ਬਹੁਤਿਆਂ ਦੇ ਨਾ ਚਾਹੁੰਦਿਆਂ ਵੀ ਨਰੇਂਦਰ ਮੋਦੀ ਨੇ ਭਾਰਤ ਦੀ ਵਾਗਡੋਰ ਸੰਭਾਲ ਲਈ। ਨਰੇਂਦਰ ਮੋਦੀ, ਭਾਰਤੀ ਜਨਤਾ ਪਾਰਟੀ ਅਤੇ ਆਰ.ਐਸ.ਐਸ. ਦੀ ਜੋ ਸਿਆਸਤ ਹੈ, ਉਸ ਬਾਰੇ ਤਾਂ ਕਿਸੇ ਨੂੰ ਕੋਈ ਭੁਲੇਖਾ ਨਹੀਂ ਹੈ। ਇਹ ਲੋਕ ਭਾਰਤ ਉਤੇ ਆਪਣੀ ਵਿਸ਼ੇਸ਼ ਵਿਚਾਰਧਾਰਾ ਥੋਪਣ ਲੱਗੇ ਹੋਏ ਹਨ। ਇਹ ਉਹੀ ਵਿਚਾਰਧਾਰਾ ਹੈ ਜਿਸ ਨੂੰ ਪਛਾੜਨ ਲਈ ਭਗਤ ਸਿੰਘ ਅਤੇ ਉਹਦੇ ਸੰਗੀ-ਸਾਥੀ ਸਾਰੀ ਉਮਰ ਲੱਗੇ ਰਹੇ। ਹਾਲਾਤ ਦਾ ਇਹ ਕੇਹਾ ਮੋੜ ਹੈ ਕਿ ਮੋਦੀ ਵਰਗਾ ਲੀਡਰ, ਇਨ੍ਹਾਂ ਉਚ ਦਮਾਲੜੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਭੇਟ ਕਰ ਰਿਹਾ ਹੈ! ਇਸ ਤੋਂ ਹੀ ਭਾਰਤੀ ਆਵਾਮ ਦੀ ਹੋਣੀ ਦਾ ਪਤਾ ਲੱਗ ਜਾਂਦਾ ਹੈ।

23 ਮਾਰਚ ਦੇ ਸ਼ਹੀਦਾਂ ਅਤੇ ਇਨ੍ਹਾਂ ਦੇ ਸਾਥੀਆਂ ਦਾ ਭਾਰਤ ਦੀ ਆਜ਼ਾਦੀ ਦੇ ਘੋਲ ਵਿਚ ਵੱਖਰਾ ਅਤੇ ਵਿਲੱਖਣ ਸਥਾਨ ਹੈ। ਜਿਸ ਦੌਰ ਵਿਚ ਇਹ ਨੌਜਵਾਨ ਸਰਗਰਮ ਹੋਏ ਸਨ, ਉਸ ਸਮੇਂ ਭਾਰਤ 'ਚ ਸਿਆਸੀ, ਸਮਾਜਕ, ਕਲਾ ਤੇ ਧਾਰਮਿਕ ਖੇਤਰਾਂ 'ਚ ਵੱਡੀ ਉਥਲ-ਪੁਥਲ ਹੋ ਰਹੀ ਸੀ। ਇਨ੍ਹਾਂ ਨੌਜਵਾਨਾਂ ਨੇ ਮਹਾਤਮਾ ਗਾਂਧੀ ਦੀ ਸਿਆਸਤ ਨੂੰ ਮੁੱਢੋਂ-ਸੁੱਢੋਂ ਤਾਂ ਰੱਦ ਕੀਤਾ ਹੀ ਸੀ, ਇਸ ਦੇ ਐਨ ਬਰਾਬਰ ਬਦਲਵੀਂ ਸਿਆਸਤ ਦਾ ਨਗਾਰਾ ਵੀ ਵਜਾਇਆ ਸੀ। ਇਸ ਬਦਲਵੀਂ ਸਿਆਸਤ ਦੀ ਸੁਰ ਇੰਨੀ ਤੀਖਣ ਅਤੇ ਤੀਬਰ ਸੀ ਕਿ ਇਸ ਦੀ ਆਮਦ ਨੇ ਆਕਾਸ਼ ਗੂੰਜਾ ਦਿੱਤਾ। ਇਨ੍ਹਾਂ ਨੌਜਵਾਨਾਂ ਦੀਆਂ ਸਰਗਰਮੀਆਂ ਨੂੰ ਭਾਵੇਂ ਆਮ ਕਰ ਕੇ ਦਹਿਸ਼ਤਪਸੰਦੀ ਨਾਲ ਜੋੜ ਕੇ ਹੀ ਦੇਖਿਆ ਜਾਂਦਾ ਹੈ ਪਰ ਉਸ ਦੌਰ ਅਤੇ ਇਨ੍ਹਾਂ ਨੌਜਵਾਨਾਂ ਦੀ ਸਿਆਸਤ ਨੂੰ ਜੇ ਰਤਾ ਕੁ ਗਹੁ ਨਾਲ ਵਾਚਿਆ ਜਾਵੇ ਤਾਂ ਪਤਾ ਲਗਦਾ ਹੈ ਕਿ ਉਹ ਸਿਆਸੀ ਪਿੜ ਵਿਚ ਕਿੰਨਾ ਵੱਡਾ ਦਖਲ ਦੇ ਰਹੇ ਸਨ। ਇਨ੍ਹਾਂ ਨੌਜਵਾਨਾਂ ਵਿਚੋਂ ਹੁਣ ਤੱਕ ਸਭ ਤੋਂ ਵੱਧ ਚਰਚਾ ਭਗਤ ਸਿੰਘ ਦੀ ਹੀ ਹੋਈ ਹੈ। ਇਸ ਦੇ ਬਹੁਤ ਸਾਰੇ ਕਾਰਨ ਹਨ। ਉਂਜ ਇਨ੍ਹਾਂ ਨੌਜਵਾਨਾਂ ਦੀ ਸਿਆਸਤ ਨੂੰ ਸਮਝਣ ਲਈ ਜੇ ਇਕੱਲੇ ਭਗਤ ਸਿੰਘ 'ਤੇ ਹੀ ਧਿਆਨ ਕੇਂਦਰਤ ਕੀਤਾ ਜਾਵੇ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਬੌਧਿਕ ਬੁਲੰਦੀ ਅਤੇ ਸਿਆਸਤ ਦੀ ਸਰਗਰਮੀ ਨੂੰ ਉਹ ਕਿਸ ਪੱਧਰ 'ਤੇ ਲਿਜਾਣ ਬਾਰੇ ਸੋਚ ਰਹੇ ਸਨ। ਭਗਤ ਸਿੰਘ ਅਤੇ ਉਹਦੇ ਸਾਥੀਆਂ ਦੀਆਂ ਲਿਖਤਾਂ ਉਤੇ ਸਰਸਰੀ ਜਿਹੀ ਨਿਗ੍ਹਾ ਮਾਰਿਆਂ ਹੀ ਪਤਾ ਲੱਗ ਜਾਂਦਾ ਹੈ ਕਿ ਇਨ੍ਹਾਂ ਦੇ ਦਾਈਏ ਕਿੰਨੇ ਵੱਡੇ ਸਨ ਅਤੇ ਇਨ੍ਹਾਂ ਨੇ ਆਪਣੇ ਰਾਹਾਂ 'ਚ ਆਈਆਂ ਔਕੜਾਂ ਅਤੇ ਦੁਸ਼ਵਾਰੀਆਂ ਨਾਲ ਨਜਿੱਠਣ ਲਈ ਕੀ-ਕੀ ਤਰੱਦਦ ਕੀਤੇ। ਇਹ ਰਾਹ ਸੁਖਾਲੇ ਨਹੀਂ ਸਨ ਸਗੋਂ ਇਨ੍ਹਾਂ ਨੌਜਵਾਨਾਂ ਨੇ ਪੈਰ-ਪੈਰ 'ਤੇ ਸਿਆਸਤ ਦਾ ਨਵਾਂ ਰਾਹ ਬਣਾਉਣ ਦੇ ਯਤਨ ਕੀਤੇ। ਇਸੇ ਕਰ ਕੇ ਇਨ੍ਹਾਂ ਨੇ ਪ੍ਰੇਰਨਾ ਦਾ ਸਰੋਤ ਬਣਨ ਦੀ ਮੰਜ਼ਲ ਤੱਕ ਦਾ ਸਫਰ ਤੈਅ ਕੀਤਾ।

ਸੰਜੀਦਾ ਲੋਕਾਂ ਦੀ ਵਿਚਾਰ-ਚਰਚਾ ਵਿਚ ਇਹ ਨੁਕਤਾ ਸਦਾ ਹੀ ਮੁੱਖ ਰਿਹਾ ਹੈ ਕਿ ਸ਼ਹੀਦਾਂ ਅਤੇ ਜੁਝਾਰੂਆਂ ਨੇ ਆਜ਼ਾਦੀ ਦਾ ਜੋ ਸੁਪਨਾ ਲਿਆ ਸੀ, ਉਹ ਅਜੇ ਤੱਕ ਪੂਰਾ ਨਹੀਂ ਹੋ ਸਕਿਆ। ਅਸਲ ਵਿਚ ਇਨ੍ਹਾਂ ਜੁਝਾਰੂਆਂ ਦਾ ਸੁਪਨਾ ਪੂਰਾ ਕਰਨ ਲਈ ਭਾਰਤੀ ਹਾਕਮ ਤੁਰੇ ਹੀ ਨਹੀਂ। ਭਾਰਤ ਵਰਗੇ ਬਹੁ-ਧਰਮੀ, ਬਹੁ-ਭਾਸ਼ਾਈ, ਬਹੁ-ਸਭਿਆਚਾਰਕ ਦੇਸ ਵਿਚ ਇਕ ਲੀਹ-ਪਾੜੂ ਸਿਆਸਤ ਦੀ ਜ਼ਰੂਰਤ ਸੀ ਜਿਸ ਲਈ ਆਜ਼ਾਦੀ ਦੇ ਪ੍ਰਵਾਨੇ ਜੂਝਦੇ ਰਹੇ ਅਤੇ ਅੱਜ ਤੱਕ ਜੂਝ ਰਹੇ ਹਨ। ਇਹੀ ਕਾਰਨ ਹੈ ਕਿ ਜਦੋਂ ਨਰੇਂਦਰ ਮੋਦੀ ਵਰਗਾ ਚੁਣਿਆ ਹੋਇਆ ਸ਼ਾਸਕ ਇਨ੍ਹਾਂ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਾ ਹੈ ਤਾਂ ਸਹਿਵਨ ਹੀ ਆਮ ਲੋਕ, ਤਿੱਖੀਆਂ ਟਿੱਪਣੀਆਂ ਦੀ ਝੜੀ ਲਾਉਂਦਾ ਹੈ। ਇਹ ਟਿੱਪਣੀਆਂ ਅਸਲ ਵਿਚ ਉਸ ਜੁਰਅਤ ਦਾ ਹੀ ਹਿੱਸਾ ਹਨ ਜੋ ਗਾਹੇ-ਬਗਾਹੇ ਵੱਖ-ਵੱਖ ਸੰਘਰਸ਼ਾਂ ਦੇ ਰੂਪ ਵਿਚ ਦੇਖਣ ਨੂੰ ਮਿਲ ਜਾਂਦੀ ਹੈ। ਇਹ ਸਿਲਸਿਲਾ ਅਮੁੱਕ ਹੈ ਅਤੇ ਨਾਲੋ-ਨਾਲ ਚੱਲਦਾ ਹੈ। ਫਿਲਹਾਲ ਮੋਦੀ ਮਾਰਕਾ ਸਿਆਸਤ ਦਾ ਦੌਰ-ਦੌਰਾ ਹੈ, ਪਰ ਲੋਕ-ਟਿੱਪਣੀਆਂ ਦੀ ਤੀਖਣਤਾ ਦੱਸਦੀ ਹੈ ਕਿ ਚੰਗਿਆੜੀ ਬੁਝੀ ਨਹੀਂ ਹੈ। ਜਿਸ ਰੋਜ਼ ਕੁਰਬਾਨੀ ਨਾਲ ਲੈਸ ਨੌਜਵਾਨ ਸਿਆਸੀ ਪਿੜ ਵਿਚ ਡਟੇ, ਉਸੇ ਤਰ੍ਹਾਂ ਦਾ ਮਾਹੌਲ ਇਕ ਵਾਰ ਫਿਰ ਸਿਰਜਿਆ ਜਾਵੇਗਾ ਜਿਸ ਤਰ੍ਹਾਂ ਕਈ ਦਹਾਕੇ ਪਹਿਲਾਂ ਆਜ਼ਾਦੀ ਦੇ ਇਨ੍ਹਾਂ ਪ੍ਰਵਾਨਿਆਂ ਨੇ ਸਿਰਜਿਆ ਸੀ। ਇਸ ਮਾਹੌਲ ਦੇ ਆਪਣੇ ਅਤੇ ਵੱਖ-ਵੱਖ ਪੜਾਅ ਹਨ, ਪਰ ਇਨ੍ਹਾਂ ਦਾ ਮਕਸਦ ਇਕ ਹੀ ਹੈ। ਇਸ ਮਕਸਦ ਦਾ ਨਾੜੂਆ, ਆਵਾਮ ਦੀ ਹਰ ਪੱਧਰ ਦੀ ਆਜ਼ਾਦੀ ਨਾਲ ਜੁੜਿਆ ਹੋਇਆ ਹੈ। 23 ਮਾਰਚ ਦੇ ਸ਼ਹੀਦਾਂ ਨੇ ਇਹ ਮਾਹੌਲ ਸਿਰਜਣ ਲਈ ਆਪਣੇ ਪ੍ਰਾਣਾਂ ਦੀ ਆਹੂਤੀ ਦਿੱਤੀ, ਇਸੇ ਕਰ ਕੇ ਅਜਿਹਾ ਮਾਹੌਲ ਸਿਰਜਣ ਵਾਲਿਆਂ ਦਾ ਸਿਦਕ ਤੇ ਸਿਰੜ ਬਰਕਰਾਰ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਯਾਰੀ ਫਿਰ ਖੁਆਰੀ?*

ਪਹਿਲਾਂ ਮਿੱਠੀਆਂ ਗੱਲਾਂ ਦੇ ਢੇਰ ਲਾਉਂਦੇ, ਫਿਰ ਬੋਲਦੇ ਜੀਭ ਨੂੰ ਟੁੱਕਦੇ ਨੇ।
ਪਲਕਾਂ ਰਾਹ ਦੇ ਵਿਚ ਵਿਛਾਉਣ ਵਾਲੇ, ਮੁੜ ਕੇ ਸਾਹਮਣੇ ਹੋਣ ਤੋਂ ਲੁਕਦੇ ਨੇ।
ਸੁਣ ਇਕ, ਹੁੰਗਾਰੇ ਸੀ ਚਾਰ ਭਰਦੇ, ਮਗਰੋਂ 'ਹੂੰਅ' ਵੀ ਕਹਿਣ ਤੋਂ ਉਕਦੇ ਨੇ।
ਫਹਿਆ ਮੋਹ ਦਾ ਜ਼ਖਮ 'ਤੇ ਰੱਖਣਾ ਕੀ, ਆ ਕੇ ਗੁੱਸੇ 'ਚ ਲੂਣ ਹੀ ਭੁੱਕਦੇ ਨੇ।
ਅੱਖਾਂ ਮੀਟ ਇਤਬਾਰ ਕਰ ਲੈਣ ਵਾਲੇ, ਗਲਤੀ ਕੀਤਿਆਂ ਬਿਨਾਂ ਹੀ ਠੁੱਕਦੇ ਨੇ।
ਮਿਲਦਾ ਹੋਊ ਕੀ ਇਨ੍ਹਾਂ ਨੂੰ ਰੱਬ ਜਾਣੇ, ਕੋਠੇ ਚਾੜ੍ਹ ਕੇ ਪੌੜੀ ਜੋ ਚੁੱਕਦੇ ਨੇ।

# ਮਨੁੱਖ ਦੀ ਰੂਹ ਨੂੰ ਕਿਸ ਖ਼ੌਫ਼ ਨੇ ਹੈ ਡੰਗਿਆ?

## *ਸਿਆਸੀ ਕੈਦੀਆਂ ਦੇ ਮਸਲਿਆਂ ਬਾਰੇ ਕੁਝ ਸੁਆਲ*

ਦਲਜੀਤ ਅਮੀ
ਫੋਨ: 91-97811-21873



ਕਸ਼ਮੀਰ ਦੇ ਹਵਾਲੇ ਨਾਲ ਸਿਆਸੀ ਕੈਦੀਆਂ ਦਾ ਸੁਆਲ ਆਇਆ ਤਾਂ ਤਕਰੀਬਨ ਸਾਰੀਆਂ ਧਿਰਾਂ ਉਨ੍ਹਾਂ ਦੀ 'ਸਰਕਾਰ ਦੇ ਅਖਤਿਆਰੀ ਘੇਰੇ' ਵਿਚ ਹੋਂਦ ਨੂੰ ਪ੍ਰਵਾਨ ਕਰਦੀਆਂ ਨਜ਼ਰ ਆਈਆਂ। ਕਸ਼ਮੀਰ ਇਸ ਤਰ੍ਹਾਂ ਦੀ ਸਿਆਸੀ ਸਹਿਮਤੀ ਦਰਜ ਕਰਨ ਦਾ ਸਬੱਬ ਪਹਿਲਾਂ ਵੀ ਬਣਿਆ ਹੈ। ਮੌਜੂਦਾ ਬਹਿਸ ਜ਼ਿਆਦਾਤਰ ਜੰਮੂ ਕਸ਼ਮੀਰ ਦੇ ਹੁਕਮਰਾਨ ਸਿਆਸੀ ਗਠਜੋੜ ਦੀ ਮੌਕਾਪ੍ਰਸਤੀ ਅਤੇ ਮਜਬੂਰੀਆਂ ਤੱਕ ਸੀਮਤ ਰਹੀ ਹੈ। ਇਸ ਤੋਂ ਇਲਾਵਾ ਦੋਵੇਂ ਹੁਕਮਰਾਨ ਧਿਰਾਂ ਦਾ ਪਿਛੋਕੜ ਅਤੇ ਵਿਚਾਰਧਾਰਕ ਪੈਂਤੜੇ ਚਰਚਾ ਦਾ ਵਿਸ਼ਾ ਬਣੇ ਹਨ। ਇਹ ਮਾਮਲੇ ਆਪਣੇ ਆਪ ਵਿਚ ਦਿਲਚਸਪ ਅਤੇ ਅਹਿਮ ਹਨ, ਪਰ ਸੁਆਲ ਦੋਵਾਂ ਧਿਰਾਂ ਦੀ ਸਿਆਸੀ ਸਹਿਮਤੀ ਰਾਹੀਂ ਪੇਸ਼ ਹੋਏ ਵੱਡੇ ਰੁਝਾਨ ਦਾ ਹੈ। ਸੁਆਲ ਇਨ੍ਹਾਂ ਕਾਰਨ ਜ਼ਰੂਰ ਆਇਆ ਹੈ, ਪਰ ਇਨ੍ਹਾਂ ਤੱਕ ਮਹਿਦੂਦ ਨਹੀਂ ਹੈ। ਹੁਕਮਰਾਨ ਧਿਰਾਂ ਸਮੇਤ ਸਮੁੱਚੀ ਵਿਰੋਧੀ ਧਿਰ ਇਸ ਨੁਕਤੇ ਉਤੇ ਸਹਿਮਤ ਹਨ ਕਿ ਮਸੱਰਤ ਆਲਮ ਦੀ ਰਿਹਾਈ ਕੋਈ ਅਦਾਲਤੀ, ਕਾਨੂੰਨੀ ਜਾਂ ਸ਼ਹਿਰੀ ਹਕੂਕ ਜਾਂ ਜਮਹੂਰੀ ਹਕੂਕ ਦਾ ਮਸਲਾ ਨਹੀਂ ਹੈ। ਸਭ ਧਿਰਾਂ ਇਸ ਨੂੰ ਸੁਰੱਖਿਆ ਦੇ ਨਾਮ ਉਤੇ ਸਰਕਾਰ ਦੇ ਅਖ਼ਤਿਆਰੀ ਖ਼ਾਤੇ ਵਿਚ ਰੱਖਦੀਆਂ ਹਨ।

ਸਿਆਸੀ ਕੈਦੀਆਂ ਅਤੇ ਸਰਕਾਰ ਦੇ ਅਖ਼ਤਿਆਰੀ ਘੇਰੇ ਦੇ ਮਾਮਲੇ ਵਿਚ ਚਰਚਾ ਕਰਨ ਤੋਂ ਪਹਿਲਾਂ ਕਸ਼ਮੀਰ ਦੀ ਇੱਕ ਹੋਰ ਮਿਸਾਲ ਯਾਦ ਕਰਨੀ ਲੋੜੀਂਦੀ ਹੈ। ਫੌਜ ਦੇ ਸਾਬਕਾ ਮੁਖੀ ਅਤੇ ਮੌਜੂਦਾ ਕੇਂਦਰੀ ਮੰਤਰੀ ਵੀ.ਕੇ. ਸਿੰਘ ਨੇ ਲੋਕ ਸਭਾ ਚੋਣਾਂ ਤੋਂ ਪਹਿਲਾਂ ਬਿਆਨ ਦਿੱਤਾ ਸੀ ਕਿ ਭਾਰਤੀ ਫੌਜ ਕਸ਼ਮੀਰੀ ਸਿਆਸਤਦਾਨਾਂ ਨੂੰ ਖਰੀਦਣ ਦਾ ਕੰਮ ਕਰਦੀ ਹੈ। ਕਸ਼ਮੀਰੀ ਸਿਆਸਤ ਵਿਚ ਤੂਫਾਨ ਆ ਜਾਣਾ ਸੁਭਾਵਿਕ ਸੀ। ਆਖਰ ਬਹੁਤ ਸਾਰੇ ਸਿਆਸਤਦਾਨਾਂ ਦੀ ਭਰੋਸੇਯੋਗਤਾ ਦਾਅ ਉਤੇ ਲੱਗ ਗਈ ਸੀ, ਜਾਂ ਉਨ੍ਹਾਂ ਉਤੇ ਲੱਗਦੇ ਆਏ ਸਿਆਸੀ ਇਲਜ਼ਾਮਾਂ ਨੂੰ ਪੁਖਤਾ ਬੁਨਿਆਦ ਮਿਲ ਗਈ ਸੀ। ਇਸ ਮਾਮਲੇ ਵਿਚ ਭਾਜਪਾ ਦੀ ਤਤਕਾਲੀ ਸੁਰ ਸਭ ਤੋਂ ਅਹਿਮ ਸੀ। ਭਾਜਪਾ ਦੇ ਬੁਲਾਰੇ ਸਫਾਈ ਦੇ ਰਹੇ ਸਨ ਕਿ ਸੁਰੱਖਿਆ ਏਜੰਸੀਆਂ ਨੂੰ ਸੁਰੱਖਿਆ ਮਜ਼ਬੂਤ ਕਰਨ ਲਈ ਬਹੁਤ ਤਰ੍ਹਾਂ ਦੀਆਂ ਖੁਫੀਆ ਕਾਰਵਾਈਆਂ ਕਰਨੀਆਂ ਪੈਂਦੀਆਂ ਹਨ ਜਿਨ੍ਹਾਂ ਬਾਰੇ ਜਨਤਕ ਬਹਿਸ ਨਹੀਂ ਹੋ ਸਕਦੀ। ਤਤਕਾਲੀ ਕਾਂਗਰਸ ਸਰਕਾਰ ਦੇ ਨੁਮਾਇੰਦੇ ਇਹ ਦਲੀਲ ਦਿੰਦੇ ਰਹੇ ਸਨ ਕਿ ਸੁਰੱਖਿਆ ਕਾਰਨ ਸਾਰੀ ਤਫਸੀਲ ਬਿਆਨ ਨਹੀਂ ਕੀਤੀ ਜਾ ਸਕਦੀ। ਇਹ ਦਲੀਲ ਉਸ ਵੇਲੇ ਵੀ ਦਿੱਤੀ ਜਾਂਦੀ ਸੀ ਜਦੋਂ ਪਾਕਿਸਤਾਨ ਦੀ ਕਿਸੇ ਫੌਜੀ ਕਾਰਵਾਈ ਖਿਲਾਫ ਭਾਜਪਾ ਜੁਆਬੀ ਕਾਰਵਾਈ ਦੀ ਮੰਗ ਕਰਦੀ ਸੀ। ਇਸ ਤਰ੍ਹਾਂ ਕਸ਼ਮੀਰੀ ਸਿਆਸਤਦਾਨਾਂ ਦੀ ਔਖ ਵੀ 'ਫੌਜ ਦੀ ਰਿਸ਼ਵਤ' ਦੀ ਥਾਂ 'ਭੇਤ ਖੋਲ੍ਹਣ' ਦੇ ਮਾਮਲੇ ਨਾਲ ਜ਼ਿਆਦਾ ਜੁੜਦੀ ਜਾਪਦੀ ਹੈ।

ਇਨ੍ਹਾਂ ਦੋਵਾਂ ਮਿਸਾਲਾਂ ਤੋਂ ਸਾਫ ਹੈ ਕਿ ਸਰਕਾਰ ਕੋਲ ਸੁਰੱਖਿਆ ਦੇ ਨਾਮ ਉਤੇ ਅਖਤਿਆਰ ਹਨ ਜੋ 'ਗ਼ੈਰ-ਕਾਨੂੰਨੀ' ਸਰਕਾਰੀ ਕੰਮਾਂ ਲਈ ਵਰਤੇ ਜਾਂਦੇ ਹਨ। ਇਨ੍ਹਾਂ ਅਖਤਿਆਰਾਂ ਦੇ ਘੇਰੇ ਵਿਚ ਖੁਫੀਆ ਕਾਰਵਾਈਆਂ ਤੋਂ ਲੈ ਕੇ 'ਗ਼ੈਰ-ਕਾਨੂੰਨੀ' ਹਿਰਾਸਤਾਂ ਦੇ ਮਾਮਲੇ ਆਉਂਦੇ ਹਨ। ਕਸ਼ਮੀਰ ਵਿਚ ਰਿਹਾ ਕੀਤੇ ਬੰਦੀਆਂ ਦੇ ਮਾਮਲੇ ਵਿਚ ਸਰਕਾਰ ਅਤੇ ਬਾਕੀ ਧਿਰਾਂ ਸਿਆਸੀ ਬਿਆਨ ਹੀ ਤਾਂ ਦਿੰਦੀਆਂ ਹਨ। ਭਾਜਪਾ ਆਪਣੀ 'ਮੁਲਕ-ਪ੍ਰਸਤ ਅਖੰਡ-ਭਾਰਤੀ' ਸੋਚ ਦੀ ਰਾਖੀ ਲਈ ਨਵੀਂ ਬਣੀ ਗਠਜੋੜ ਸਰਕਾਰ ਦੇ ਭਵਿੱਖ ਉਤੇ ਤਾਂ ਸੁਆਲ ਕਰਦੀ ਹੈ, ਪਰ ਇਸ ਮਾਮਲੇ ਨੂੰ ਅਦਾਲਤ ਵਿਚ ਲਿਜਾਣ ਲਈ ਤਿਆਰ ਨਹੀਂ ਹੈ। ਦੂਜੇ ਪਾਸੇ ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਜਾਂ ਉਨ੍ਹਾਂ ਦੇ ਬੁਲਾਰੇ ਇਸ ਮਾਮਲੇ ਨੂੰ ਅਦਾਲਤੀ ਕਾਰਵਾਈ ਕਰਾਰ ਦਿੰਦੇ ਹਨ। ਤੀਜੀ ਦਲੀਲ ਇਹ ਆਉਂਦੀ ਹੈ ਕਿ ਰਿਹਾਈ ਦੀ ਕਾਰਵਾਈ ਤਾਂ ਪਹਿਲੀ ਸਰਕਾਰ ਵੇਲੇ ਸ਼ੁਰੂ ਕਰ ਦਿੱਤੀ ਗਈ ਸੀ। ਇਹ ਸਾਰੀਆਂ ਦਲੀਲਾਂ ਇੱਕੋ ਵੇਲੇ ਸੱਚ ਹੋ ਸਕਦੀਆਂ ਹਨ। ਇਸੇ ਵਿਚੋਂ ਤਾਂ ਇਹ ਸਹਿਮਤੀ ਸਾਹਮਣੇ ਆਉਂਦੀ ਹੈ ਕਿ ਸਰਕਾਰ ਸਿਆਸੀ ਸੁਆਲ ਨੂੰ ਆਪਣੇ ਅਖਤਿਆਰੀ ਖਾਤੇ ਵਿਚ ਅਮਨ-ਕਾਨੂੰਨ ਜਾਂ ਏਕਤਾ-ਅਖੰਡਤਾ ਦਾ ਮਸਲਾ ਬਣਾਉਂਦੀ ਹੈ। ਇਸ ਅਖਤਿਆਰੀ ਖਾਤੇ ਵਿਚ ਸਿਆਸੀ ਸ਼ਰੀਕਾਂ ਨੂੰ ਸੁਰੱਖਿਆ ਦੇ ਨਾਮ ਉਤੇ ਜੇਲ੍ਹਾਂ ਵਿਚ ਬੰਦ ਕੀਤਾ ਜਾ ਸਕਦਾ ਹੈ। ਬਿਨਾਂ ਕਿਸੇ ਠੋਸ ਇਲਜ਼ਾਮ ਤੋਂ ਉਨ੍ਹਾਂ ਨੂੰ ਜੇਲ੍ਹਾਂ ਵਿਚ ਬੰਦ ਰੱਖਿਆ ਜਾ ਸਕਦਾ ਹੈ। ਜ਼ਮਾਨਤ ਜਾਂ ਅਦਾਲਤੀ ਕਾਰਵਾਈ ਦੇ ਸੁਆਲ 'ਕਾਨੂੰਨੀ ਘੇਰੇ' ਤੋਂ ਬਾਹਰ ਕੀਤੇ ਜਾ ਸਕਦੇ ਹਨ। ਇਸ ਤੋਂ ਬਾਅਦ ਇੱਕ ਸੁਆਲ ਆਪਣੇ ਆਪ ਉਭਰ ਆਉਂਦਾ ਹੈ ਕਿ ਅਦਾਲਤ ਨੂੰ 'ਨਿਰਪੱਖਤਾ' ਦੇ ਘੇਰੇ ਵਿਚ ਕਿਵੇਂ ਰੱਖਿਆ ਜਾਵੇ?

ਹੁਣ ਸੁਆਲ ਇਹ ਪੈਦਾ ਹੁੰਦਾ ਹੈ ਕਿ ਸਰਕਾਰ ਦੇ ਅਖਤਿਆਰੀ ਘੇਰੇ ਨੂੰ ਸ਼ਹਿਰੀਆਂ ਦੇ ਸ਼ਹਿਰੀ ਅਤੇ ਜਮਹੂਰੀ ਹਕੂਕ ਤੋਂ ਇਲਾਵਾ ਸਿਆਸੀ ਮਸਲਿਆਂ ਨਾਲ ਜੋੜ ਕੇ ਕਿਵੇਂ ਸਮਝਿਆ ਜਾਵੇ? ਕੀ ਜਮਹੂਰੀ ਅਤੇ ਸ਼ਹਿਰੀ ਹਕੂਕ ਦੇ ਮਸਲੇ ਸਰਕਾਰ ਦੇ ਅਖਤਿਆਰੀ ਘੇਰੇ ਸਾਹਮਣੇ ਬੇਮਾਅਨੇ ਹਨ? ਜੇ ਇਹ ਬੇਮਾਅਨੇ ਹਨ ਤਾਂ ਸਰਕਾਰ ਦੇ ਸ਼ਹਿਰੀਆਂ ਉਤੇ ਗਲਬੇ ਨੂੰ ਜਮਹੂਰੀਅਤ ਅਤੇ ਇਨਸਾਫ ਦੀਆਂ ਧਾਰਨਾਵਾਂ ਨਾਲ ਜੋੜ ਕੇ ਕਿਵੇਂ ਸਮਝਿਆ ਜਾਵੇ? ਇਸ ਅਖਤਿਆਰੀ ਖਾਤੇ ਵਿਚੋਂ ਝਲਕਦੀ 'ਤਾਨਾਸ਼ਾਹੀ' ਨੂੰ ਕਿਵੇਂ ਵੇਖਿਆ ਜਾਵੇ? ਜਦੋਂ ਸਰਕਾਰ ਦੇ ਇਸ ਅਖਤਿਆਰੀ ਖਾਤੇ ਨੂੰ ਥਾਣਿਆਂ ਵਿਚ ਹੁੰਦੀ ਸਿਆਸੀ ਦਖ਼ਲਅੰਦਾਜ਼ੀ ਨਾਲ ਜੋੜ ਕੇ ਵੇਖਿਆ ਜਾਵੇਗਾ, ਤਾਂ ਇਹ 'ਦਲੀਲ' ਬੇਮਾਅਨੀ ਹੋ ਜਾਵੇਗੀ ਕਿ ਸੁਰੱਖਿਆ ਲਈ ਇਹ ਹੰਗਾਮੀ ਬੰਦੋਬਸਤ ਜ਼ਰੂਰੀ ਹੈ। ਸਰਕਾਰੀ ਗਵਾਹਾਂ ਅਤੇ ਸਬੂਤਾਂ ਦੀ ਬੁਨਿਆਦ ਉਤੇ ਜੇਲ੍ਹਾਂ ਵਿਚ ਬੰਦ ਲੋਕਾਂ ਦੇ ਮਾਮਲੇ ਇਸੇ ਖਾਤੇ ਦੀ ਮੂੰਹ-ਜ਼ੋਰੀ ਨਾਲ ਕਾਨੂੰਨ ਦੇ ਘੇਰੇ ਵਿਚ ਲਿਆਂਦੇ ਜਾਂਦੇ ਹਨ। ਇਹ ਅਖਤਿਆਰੀ ਖਾਤਾ ਕਾਨੂੰਨੀ ਘੇਰੇ ਵਿਚ ਮੁਲਜ਼ਮ ਜਾਂ ਦੋਸ਼ੀ ਕਰਾਰ ਦਿੱਤੇ ਗਏ ਲੋਕਾਂ ਦੀ ਰਾਹਤ ਦਾ ਸਬੱਬ ਵੀ ਬਣਦਾ ਹੈ। ਸਰਕਾਰਾਂ ਬਦਲਣ ਲਈ ਸਿਆਸਤਦਾਨਾਂ ਖਿਲਾਫ ਚੱਲਦੇ ਮੁਕੱਦਮਿਆਂ ਦੇ ਮੁਹਾਣ ਇਸੇ ਖਾਤੇ ਵਿਚੋਂ ਬਦਲਦੇ ਹਨ। ਗਵਾਹਾਂ ਦਾ ਮੁਕਰਨਾ, ਸਬੂਤਾਂ ਦਾ ਖੁਰਦ-ਬੁਰਦ ਹੋਣਾ ਅਤੇ ਦਲੀਲਾਂ ਦੇ ਕਮਜ਼ੋਰ ਪੈਣ ਦਾ ਰੁਝਾਨ ਜਮਹੂਰੀਅਤ ਦੇ ਸਾਰੇ ਅਦਾਰਿਆਂ ਉਤੇ ਭਾਰੂ ਪੈ ਜਾਂਦਾ ਹੈ। ਇਸੇ ਪੜਾਅ ਉਤੇ ਸਾਫ ਹੁੰਦਾ ਹੈ ਕਿ ਸਰਕਾਰ ਦਾ ਅਖਤਿਆਰੀ ਖਾਤਾ ਦਰਅਸਲ ਸਿਆਸੀ ਖਾਤਾ ਹੈ। ਇਸ ਖਾਤੇ ਵਿਚੋਂ ਸਿਆਸੀ ਧਿਰਾਂ ਅੰਦਰਲੀ ਪਾਲਾਬੰਦੀ, ਗਠਜੋੜ ਬਣਾਉਣ-ਤੋੜਨ, ਵਫਾਦਾਰੀਆਂ ਬਦਲਣ ਅਤੇ ਵੱਡਿਆਂ ਲਈ ਰਿਹਾਇਤਾਂ-ਛੋਟਾਂ ਦੀ ਸਿਆਸਤ ਚੱਲਦੀ ਹੈ।

ਸਭ ਤੋਂ ਅਹਿਮ ਸੁਆਲ ਇਹੋ ਹੈ ਕਿ ਜਮਹੂਰੀਅਤ ਅਤੇ ਸੰਵਿਧਾਨ ਦੇ ਘੇਰੇ ਵਾਲੇ ਮਾਮਲੇ ਇਸ ਅਖਤਿਆਰੀ ਖਾਤੇ ਦੇ ਸਾਹਮਣੇ ਕੀ ਮਾਅਨੇ ਰੱਖਦੇ ਹਨ? ਸੰਵਿਧਾਨ ਤਾਂ ਹਰ ਮੁਲਜ਼ਮ ਨੂੰ ਆਪਣਾ ਪੱਖ ਪੇਸ਼ ਕਰਨ ਦਾ ਹੱਕ ਦਿੰਦਾ ਹੈ। ਜੇ ਮੁਲਜ਼ਮ ਵਕੀਲ ਕਰਨ ਦੀ ਹਾਲਤ ਵਿਚ ਨਹੀਂ ਤਾਂ ਅਦਾਲਤ ਉਸ ਦੀ ਪੈਰਵੀ ਲਈ ਸਰਕਾਰੀ ਵਕੀਲ ਦੀ ਜ਼ਿੰਮੇਵਾਰੀ ਲਗਾਉਂਦੀ ਹੈ। ਇਹ ਵੱਖਰਾ ਮਸਲਾ ਹੈ ਕਿ ਸਿਆਸੀ ਮਾਮਲਿਆਂ ਵਿਚ ਸਰਕਾਰੀ ਵਕੀਲ ਮੁਲਜ਼ਮ ਦਾ ਕਿਹੋ ਜਿਹਾ ਪੱਖ ਪੇਸ਼ ਕਰਦੇ ਹਨ। ਇਹ ਆਪਣੀ ਥਾਂ ਅਹਿਮ ਹੈ ਕਿ ਜ਼ਿੰਦਗੀ ਵਿਚ ਮਹਿਰੂਮੀਅਤ ਦੀ ਮਾਰ ਹੇਠ ਆਏ ਸ਼ਹਿਰੀ ਮੁਲਜ਼ਮ ਤੋਂ ਦੋਸ਼ੀ ਕਰਾਰ ਦਿੱਤੇ ਜਾਣ ਦਾ ਸਫਰ ਜਲਦੀ ਤੈਅ ਕਰਦੇ ਹਨ। ਮਹਿਰੂਮੀਅਤ ਦਾ ਸਿਆਸੀ ਪਿਛੋਕੜ ਕਦੇ ਅਦਾਲਤੀ ਕਾਰਵਾਈ ਦਾ ਹਿੱਸਾ ਨਹੀਂ ਬਣਦਾ। ਨਤੀਜੇ ਵਜੋਂ ਜੇਲ੍ਹਾਂ ਗਰੀਬਾਂ ਅਤੇ ਘੱਟ-ਗਿਣਤੀ ਮੂਲ ਦੇ ਕੈਦੀਆਂ ਨਾਲ ਭਰੀਆਂ ਪਈਆਂ ਹਨ। ਜੇਲ੍ਹਾਂ ਵਿਚ ਆਪਣੀਆਂ ਸਜ਼ਾਵਾਂ ਕੱਟਣ ਤੋਂ ਬਾਅਦ ਬੰਦ ਕੈਦੀਆਂ ਦੀ ਗਿਣਤੀ ਲਗਾਤਾਰ ਸੁਆਲ ਬਣਦੀ ਰਹੀ ਹੈ। ਜੇਲ੍ਹਾਂ ਵਿਚ ਮਾਨਸਿਕ ਤਵਾਜ਼ਨ ਗੁਆ ਬੈਠੇ ਲਾਵਾਰਿਸ ਕੈਦੀਆਂ ਦੀ ਪੁੱਛ-ਪੜਤਾਲ ਕਦੇ-ਕਦਾਈਂ ਅਖਬਾਰ ਵਿਚ ਛਪੀਆਂ ਖ਼ਬਰਾਂ ਦੇ ਹਵਾਲੇ ਨਾਲ ਹੀ ਹੁੰਦੀ ਹੈ।

> ***ਜੇਲ੍ਹਾਂ ਗ਼ਰੀਬਾਂ ਅਤੇ ਘੱਟ-ਗਿਣਤੀ ਮੂਲ ਦੇ ਕੈਦੀਆਂ ਨਾਲ ਭਰੀਆਂ ਪਈਆਂ ਹਨ। ਜੇਲ੍ਹਾਂ ਵਿਚ ਆਪਣੀਆਂ ਸਜ਼ਾਵਾਂ ਕੱਟਣ ਤੋਂ ਬਾਅਦ ਬੰਦ ਕੈਦੀਆਂ ਦੀ ਗਿਣਤੀ ਲਗਾਤਾਰ ਸੁਆਲ ਬਣਦੀ ਰਹੀ ਹੈ। ਜੇਲ੍ਹਾਂ ਵਿਚ ਮਾਨਸਿਕ ਤਵਾਜ਼ਨ ਗੁਆ ਬੈਠੇ ਲਾਵਾਰਿਸ ਕੈਦੀਆਂ ਦੀ ਪੁੱਛ-ਪੜਤਾਲ ਕਦੇ-ਕਦਾਈਂ ਅਖ਼ਬਾਰ ਵਿਚ ਛਪੀਆਂ ਖ਼ਬਰਾਂ ਦੇ ਹਵਾਲੇ ਨਾਲ ਹੀ ਹੁੰਦੀ ਹੈ।***

ਜੇਲ੍ਹਾਂ ਵਿਚ ਬੰਦ ਸਿਆਸੀ ਕੈਦੀਆਂ ਦਾ ਮਸਲਾ ਸਮੇਂ ਨਾਲ ਪੇਚੀਦਾ ਹੋਇਆ ਹੈ ਅਤੇ ਇਹ ਮੁੱਖ ਧਾਰਾ ਦੀ ਸਿਆਸਤ ਵਿਚੋਂ ਤਕਰੀਬਨ ਮਨਫੀ ਵੀ ਹੋ ਗਿਆ ਹੈ। ਵੰਨ-ਸੁਵੰਨੀਆਂ ਸਿਆਸੀ ਧਿਰਾਂ ਨੇ ਸਿਆਸੀ ਕੈਦੀਆਂ ਬਾਬਤ ਸਹਿਮਤੀ ਕਾਇਮ ਕਰ ਲਈ ਹੈ ਜੋ ਕਦੇ ਮੌਕਾ-ਮੇਲ ਨਾਲ ਜ਼ਾਹਿਰ ਹੋ ਜਾਂਦੀ ਹੈ। ਕਿਸੇ ਖਾੜਕੂ ਦੀ ਰਿਹਾਈ ਅਤੇ ਕਿਸੇ ਖੋਰੀ ਸਿਆਸਤਦਾਨ ਦੀ ਦਖ਼ਲਅੰਦਾਜ਼ੀ ਨਾਲ ਦਰਜ ਹੋਏ 'ਸਿੱਕੇਬੰਦ' ਮੁਕੱਦਮਿਆਂ ਵਿਚਲੀਆਂ ਕੜੀਆਂ ਮਨੁੱਖੀ, ਜਮਹੂਰੀ ਅਤੇ ਸ਼ਹਿਰੀ ਹਕੂਕ ਦੇ ਸੁਆਲਾਂ ਨਾਲ ਜੋੜ ਕੇ ਹੀ ਜੁੜਦੀਆਂ ਨਜ਼ਰ ਆਉਂਦੀਆਂ ਹਨ। ਇਨ੍ਹਾਂ ਕੜੀਆਂ ਦੇ ਗ਼ੈਰ-ਮਨੁੱਖੀ ਅਤੇ ਗ਼ੈਰ-ਜਮਹੂਰੀ ਖਾਸੇ ਬਾਰੇ ਸੁਣਵਾਈ ਕਿਤੇ ਨਹੀਂ ਹੈ। ਇੰਟਰਨੈਟ ਦੇ ਪਸਾਰੇ ਕਾਰਨ ਫੇਸਬੁੱਕ ਦੇ ਖ਼ਾਤਿਆਂ ਦੀ ਗਿਣਤੀ ਦੇ ਹਵਾਲੇ ਨਾਲ ਇਹ ਚਰਚਾ ਹੁੰਦੀ ਹੈ ਕਿ ਫੇਸਬੁੱਕ ਆਪਣੇ ਆਪ ਵਿਚ ਕਿਸੇ ਮੁਲਕ ਦਾ ਰੁਤਬਾ ਰੱਖਦੀ ਹੈ ਜੋ ਮੁਲਕ ਦੀਆਂ ਭੂਗੋਲਿਕ ਹੱਦਾਂ-ਸਰਹੱਦਾਂ ਤੋਂ ਉਤੇ ਹੈ। ਇਹ ਦਲੀਲ ਜੇਲ੍ਹਾਂ ਬਾਰੇ ਵੀ ਦਿੱਤੀ ਜਾ ਸਕਦੀ ਹੈ ਕਿ ਦੁਨੀਆਂ ਭਰ ਦੀਆਂ ਜੇਲ੍ਹਾਂ ਗਿਣਤੀ ਪੱਖੋਂ ਕਿਸੇ ਮੁਲਕ ਦਾ ਰੁਤਬਾ ਰੱਖਦੀਆਂ ਹਨ। ਸੁਆਲ ਇੱਥੇ ਵੀ ਮਹਿਰੂਮੀਅਤ ਨਾਲ ਜੁੜ ਜਾਂਦਾ ਹੈ। ਫੇਸਬੁੱਕ ਦੇ ਮੁਕਾਬਲੇ ਜੇਲ੍ਹ ਹਮੇਸ਼ਾ ਮਹਿਰੂਮ ਜੀਆਂ ਦਾ ਮੁਲਕ ਹੈ ਜੋ ਮਹਿਰੂਮੀਅਤ ਨੂੰ ਪੱਕਾ ਕਰਨ ਦਾ ਕਾਰਖ਼ਾਨਾ ਜਾਪਦਾ ਹੈ।

ਕਿਸੇ ਵੇਲੇ ਇਹ ਤਰੱਕੀਪਸੰਦ ਅਤੇ ਇਨਸਾਫਪਸੰਦ ਮੁਹਿੰਮਾਂ ਦਾ ਸੁਫਨਾ ਹੁੰਦਾ ਸੀ ਕਿ ਦੁਨੀਆਂ ਜੇਲ੍ਹਾਂ ਤੋਂ ਬਿਨਾਂ ਜ਼ਿਆਦਾ ਮਹਿਫ਼ੂਜ਼ ਥਾਂ ਹੋਵੇਗੀ। ਦਾਅਵਾ ਕੀਤਾ ਜਾਂਦਾ ਸੀ ਕਿ ਜੇਲ੍ਹ ਵਰਗਾ ਗ਼ੈਰ-ਮਨੁੱਖੀ ਅਦਾਰਾ ਇਤਿਹਾਸ ਵਿਚ ਦਰਜ ਹੋ ਜਾਵੇਗਾ। ਪਿਛਲੇ ਦਹਾਕਿਆਂ ਦਾ ਰੁਝਾਨ ਦਰਸਾਉਂਦਾ ਹੈ ਕਿ ਜੇਲ੍ਹਾਂ ਤੇ ਕੈਦੀਆਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਜੇਲ੍ਹਾਂ ਦੀ ਨਿਗਰਾਨੀ ਉਤੇ ਹਰ ਮਨੁੱਖੀ ਅਤੇ ਮਸ਼ੀਨੀ ਪਹਿਰਾ ਲਗਾਇਆ ਜਾ ਰਿਹਾ ਹੈ। ਜੇਲ੍ਹਾਂ ਇਸੇ ਦੌਰਾਨ ਬੇਕਸੂਰਾਂ ਜਾਂ ਮਜਬੂਰੀ ਵੱਸ ਭਟਕੇ ਲੋਕਾਂ ਨੂੰ ਪੱਕੇ ਅਪਰਾਧੀ ਬਣਾਉਣ ਦੇ ਸਿਖਲਾਈ ਕੇਂਦਰ ਬਣ ਗਈਆਂ ਹਨ। ਮਹਿਰੂਮੀਅਤ ਕਾਰਨ ਬੇਆਸਰਾ ਹੋਇਆ ਬਚਪਨ ਜੇਲ੍ਹਾਂ ਦੇ ਰਾਹ ਪਿਆ ਹੈ। ਸਿਆਸਤਦਾਨ ਅਤੇ ਅਮੀਰ ਜੇਲ੍ਹਾਂ ਵਿਚੋਂ ਤੰਦਰੁਸਤ ਹੋ ਕੇ ਪਰਤਦੇ ਹਨ ਅਤੇ ਬਾਕੀ ਆਪਣਾ ਮਾਨਸਿਕ ਨਹੀਂ ਤਾਂ ਭਾਵੁਕ ਤਵਾਜ਼ਨ ਤਾਂ ਗੁਆ ਹੀ ਦਿੰਦੇ ਹਨ। ਸਿਆਸੀ ਝਿੜਕਣ ਨੂੰ ਤਾਂ ਜੇਲ੍ਹਾਂ ਦੀ ਪ੍ਰਾਪਤੀ ਮੰਨਿਆ ਜਾਂਦਾ ਹੈ। ਇਸ ਦੌਰ ਵਿਚ ਇਹ ਸੁਆਲ ਕਿੰਨਾ ਕੁ ਅਹਿਮ ਹੈ ਕਿ ਜੇਲ੍ਹ ਵਰਗਾ ਰੂਹ ਨੂੰ ਖੋਰਾ ਲਗਾਉਣਾ ਵਾਲਾ ਅਦਾਰਾ ਇਤਿਹਾਸ ਵਿਚ ਦਰਜ ਹੋਣਾ ਚਾਹੀਦਾ ਹੈ। ਇਤਿਹਾਸ ਵਿਚ ਇਹ ਵੀ ਦਰਜ ਹੋਣਾ ਚਾਹੀਦਾ ਹੈ ਕਿ ਮਨੁੱਖ ਦੀ ਰੂਹ ਨੂੰ ਕਿਸ ਖ਼ੌਫ਼ ਜਾਂ ਮਜਬੂਰੀ ਨੇ ਡੰਗਿਆ ਹੈ ਕਿ ਉਹ ਸੁਫਨੇ ਵੀ ਬੋਚ ਕੇ ਦੇਖਦਾ ਹੈ।

# ਭਾਰਤ ਵਿਚ ਅੰਨ੍ਹੇ ਰਾਸ਼ਟਰਵਾਦ ਦਾ ਖਤਰਾ

ਜੇ ਭਾਰਤ ਸਰਕਾਰ ਖੁਦ ਨੂੰ ਸੰਸਾਰ ਦੇ ਹਾਸੇ ਦਾ ਪਾਤਰ ਬਣਾਉਣਾ ਚਾਹੁੰਦੀ ਸੀ ਤਾਂ ਇਹ ਬੀ.ਬੀ.ਸੀ. ਦੀ ਦਸਤਾਵੇਜ਼ੀ ਫਿਲਮ 'ਇੰਡੀਆ'ਜ਼ ਡਾਟਰ' ਉਤੇ ਪਾਬੰਦੀ ਲਾਉਣ ਤੋਂ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਹੋਰ ਕੁਝ ਨਹੀਂ ਸੀ ਕਰ ਸਕਦੀ। ਇਹ ਫਿਲਮ ਦਸੰਬਰ 2012 ਵਿਚ ਦਿੱਲੀ 'ਚ ਵਾਪਰੀ ਸਮੂਹਿਕ ਜਬਰ ਜਨਾਹ ਦੀ ਘਟਨਾ ਬਾਰੇ ਬਣੀ ਹੈ। ਫਿਲਮ ਨੂੰ ਸੰਸਾਰ ਭਰ ਵਿਚ ਵੇਖਿਆ ਗਿਆ ਅਤੇ ਇਹ ਨਾਰੀਵਾਦੀ ਕਾਰਕੁਨਾਂ ਤੇ ਮੁਕਤ ਪ੍ਰਗਟਾਵੇ ਦੇ ਰਾਖਿਆਂ ਲਈ ਵੱਡੇ ਕਾਜ ਵਰਗੀ ਸਿੱਧ ਹੋਈ। ਫਿਲਮ ਵਿਚ ਮੁੱਖ ਤੌਰ 'ਤੇ

**ਪ੍ਰਫੁੱਲ ਬਿਦਵਈ**

ਲੜਕੀ ਦੇ ਮਾਪਿਆਂ ਦੇ ਬਿਰਤਾਂਤ ਰਾਹੀਂ 23 ਵਰ੍ਹਿਆਂ ਦੀ ਉਸ ਪੈਰਾਮੈਡੀਕਲ ਵਿਦਿਆਰਥਣ ਦੀ ਜ਼ਿੰਦਗੀ 'ਤੇ ਝਾਤ ਪਾਈ ਗਈ ਹੈ ਜਿਸ ਨਾਲ ਬੇਰਹਿਮੀ ਭਰੇ ਢੰਗ ਨਾਲ ਜਬਰ ਜਨਾਹ ਹੋਇਆ ਅਤੇ ਜਿਸ ਨੂੰ ਗੰਭੀਰ ਸੱਟਾਂ ਮਾਰੀਆਂ ਗਈਆਂ। ਇਸ ਵਿਚ ਘਟਨਾ ਤੋਂ ਬਾਅਦ ਹੋਏ ਜਬਰ ਜਨਾਹ ਵਿਰੋਧੀ ਵਿਖਾਵਿਆਂ ਦਾ ਵੀ ਸ਼ਲਾਘਾ ਭਰਪੂਰ ਜ਼ਿਕਰ ਹੈ। ਇਸ ਵਿਚ ਇਹ ਵੀ ਦਿਖਾਇਆ ਗਿਆ ਹੈ ਕਿ ਜਬਰ ਜਨਾਹ ਦੇ ਦੋਸ਼ੀ ਅਤੇ ਉਨ੍ਹਾਂ ਦੇ ਵਕੀਲ ਔਰਤਾਂ ਨਾਲ ਹੁੰਦੀ ਹਿੰਸਾ ਨੂੰ ਕਿਵੇਂ ਜਾਇਜ਼ ਠਹਿਰਾਉਂਦੇ ਹਨ।

'ਇੰਡੀਆ'ਜ਼ ਡਾਟਰ' ਉਸ ਭਾਰਤੀ ਸਮਾਜ ਵਿਚਲੇ ਰੋਗਾਂ ਨੂੰ ਵੀ ਪ੍ਰਤੀਬਿੰਬਤ ਕਰਦੀ ਹੈ ਜੋ ਔਰਤਾਂ ਖਿਲਾਫ ਭੇਦਭਾਵ ਵਰਤਦਾ ਹੈ ਅਤੇ ਅਜਿਹਾ ਕਰਨ ਦੇ ਹੱਕ 'ਚ ਸੈਂਕੜੇ ਦਲੀਲਾਂ ਦਿੰਦਾ ਹੈ। ਫਿਲਮ ਪ੍ਰਤੀ ਸਰਕਾਰੀ ਪ੍ਰਤੀਕਰਮ ਉਸੇ ਤਰ੍ਹਾਂ ਨਫਰਤ ਭਰਿਆ ਰਿਹਾ, ਜਿਵੇਂ ਇਹ ਦੋਸ਼ ਕਿ ਫਿਲਮ ਨਿਰਮਾਤਰੀ ਲੈਸਲੀ ਉਡਵਿਨ ਨੇ ਉਨ੍ਹਾਂ ਸ਼ਰਤਾਂ ਦੀ ਉਲੰਘਣਾ ਕੀਤੀ ਜੋ ਜਬਰ ਜਨਾਹ ਦੇ ਸਜ਼ਾ-ਯਾਫਤਾ ਦੋਸ਼ੀ ਮੁਕੇਸ਼ ਸਿੰਘ ਅਤੇ ਹੋਰ ਕੈਦੀਆਂ ਨਾਲ ਇੰਟਰਵਿਊ ਕਰਨ ਸਬੰਧੀ ਨਿਰਧਾਰਤ ਕੀਤੀਆਂ ਗਈਆਂ ਸਨ। ਸ਼ਹਿਰੀ ਵਿਕਾਸ ਮੰਤਰੀ ਐਮ. ਵੈਂਕਈਆ ਨਾਇਡੂ ਨੂੰ ਫਿਲਮ ਵਿਚੋਂ ਭਾਰਤ ਵਿਰੋਧੀ ਸਾਜ਼ਿਸ਼ ਦੀ ਬੂ ਆਈ ਅਤੇ ਗ੍ਰਿਹ ਮੰਤਰੀ ਰਾਜਨਾਥ ਸਿੰਘ ਨੇ ਐਲਾਨ ਕੀਤਾ ਕਿ ਉਹ ਕਿਸੇ ਨੂੰ ਇਹ ਆਗਿਆ ਨਹੀਂ ਦੇਣਗੇ ਕਿ ਇਸ ਤਰ੍ਹਾਂ ਭਾਰਤ ਨੂੰ ਇਕੱਲੇ ਤੌਰ 'ਤੇ ਨਿਸ਼ਾਨਾ ਬਣਾਇਆ ਜਾਵੇ; ਪਰ ਉਡਵਿਨ ਨੇ ਪੂਰਾ ਕੱਚਾ ਫਿਲਮਾਂਕਣ (ਫੁਟੇਜ) ਜੇਲ੍ਹ ਅਧਿਕਾਰੀਆਂ ਨੂੰ ਦਿਖਾਇਆ ਸੀ ਅਤੇ ਫਿਲਮ ਵਿਚ ਵਰਤੀ ਗਈ 15 ਮਿੰਟ ਲੰਮੀ ਸੰਪਾਦਿਤ ਸਮੱਗਰੀ ਵੀ ਉਨ੍ਹਾਂ ਨੂੰ ਦਿਖਾਈ ਸੀ। ਅਧਿਕਾਰੀਆਂ ਨੇ ਕੋਈ ਇਤਰਾਜ਼ ਨਹੀਂ ਸਨ ਪ੍ਰਗਟਾਏ। ਫਿਲਮ ਭਾਰਤ ਨੂੰ ਇਕੱਲੇ ਤੌਰ 'ਤੇ ਜਬਰ ਜਨਾਹ ਲਈ ਨਿਸ਼ਾਨਾ ਨਹੀਂ ਬਣਾਉਂਦੀ। ਪਤਨੀਆਂ ਨੂੰ ਕੁੱਟਣ ਵਾਂਗ ਜਬਰ ਜਨਾਹ ਦਾ ਵਰਤਾਰਾ ਵੀ ਸਾਰੇ ਦੇਸ਼ਾਂ ਵਿਚ ਪਸਰਿਆ ਹੋਇਆ ਹੈ ਜੋ ਮਰਦ ਪ੍ਰਧਾਨਤਾ ਵਾਲੀ ਤਾਕਤ ਦੀ ਪੁਸ਼ਟੀ ਕਰਦਾ ਹੈ। ਭਾਰਤ ਵਿਚ ਜਬਰ ਜਨਾਹ ਦੀਆਂ ਘਟਨਾਵਾਂ ਵੱਡੀ ਪੱਧਰ 'ਤੇ ਦਰਜ ਹੀ ਨਹੀਂ ਕਰਾਈਆਂ ਜਾਂਦੀਆਂ। ਭਾਰਤ ਵਿਚ ਹਾਲ ਹੀ ਦੌਰਾਨ ਅਨੇਕਾਂ ਹਿੰਸਕ ਸਮੂਹਿਕ ਜਬਰ ਜਨਾਹ ਹੋਏ ਹਨ। ਉਨ੍ਹਾਂ ਨੇ ਸੰਸਾਰ ਭਰ ਦਾ ਧਿਆਨ ਖਿੱਚਿਆ ਹੈ। ਧਿਆਨ ਖਿੱਚਣ ਦਾ ਇਕ ਕਾਰਨ ਇਹ ਵੀ ਬਣਿਆ ਕਿ ਅਧਿਕਾਰੀਆਂ ਵਲੋਂ ਅਜਿਹੀਆਂ ਘਟਨਾਵਾਂ ਨੂੰ ਕਾਬੂ ਕਰਨ ਲਈ ਔਰਤਾਂ ਨੂੰ 'ਸਾਦਗੀ ਭਰਿਆ' ਪਹਿਰਾਵਾ ਪਾਉਣ ਅਤੇ ਅਜਨਬੀਆਂ ਤੋਂ ਬਚਣ ਦੀ ਸਲਾਹ ਦਿੱਤੀ ਗਈ; ਪਰ ਜਬਰ ਜਨਾਹ ਦਾ ਔਰਤ ਦੀ ਦਿੱਖ ਜਾਂ ਉਸ ਦੇ 'ਭਵਕਾਊ' ਪਹਿਰਾਵੇ ਨਾਲ ਕੋਈ ਲੈਣਾ-ਦੇਣਾ ਨਹੀਂ ਹੁੰਦਾ। ਇਹੀ ਕਾਰਨ ਹੈ ਕਿ 82 ਵਰ੍ਹਿਆਂ ਦੀਆਂ ਬਜ਼ੁਰਗ ਅਤੇ 6 ਵਰ੍ਹਿਆਂ ਦੀਆਂ ਬੱਚੀਆਂ ਵੀ ਅਜਿਹੀਆਂ ਘਟਨਾਵਾਂ ਦੀਆਂ ਸ਼ਿਕਾਰ ਬਣਦੀਆਂ ਹਨ। ਜਬਰ ਜਨਾਹ ਕਰਨ ਵਾਲੇ ਜ਼ਿਆਦਾਤਰ ਅਜਨਬੀ ਨਹੀਂ ਹੁੰਦੇ, ਸਗੋਂ ਪੀੜਤਾਂ ਦੇ ਜਾਣੂ ਹੁੰਦੇ ਹਨ। ਜਬਰ ਜਨਾਹ ਦਾ ਲਿੰਗੀ ਆਕਰਸ਼ਣ ਨਾਲ ਕੋਈ ਸਬੰਧ ਨਹੀਂ। ਇਹ ਤਾਂ ਮਰਦ ਦੀ ਉਸ ਤਾਕਤ ਦੇ ਪ੍ਰਗਟਾਵੇ ਨਾਲ ਸਬੰਧਤ ਹੈ ਜੋ ਔਰਤ ਨੂੰ ਅਧੀਨ ਦਰਸਾਉਣ ਲਈ ਹਿੰਸਕ ਢੰਗ ਨਾਲ ਵਰਤੀ ਜਾਂਦੀ ਹੈ। ਭਾਰਤ ਵਿਚ ਵੱਡੀ ਪੱਧਰ 'ਤੇ ਹੁੰਦੀਆਂ ਭਰੂਣ ਹੱਤਿਆਵਾਂ ਤੋਂ ਲੈ ਕੇ ਜ਼ਿੰਦਗੀ ਦੇ ਅੰਤ ਤੱਕ ਇਕ ਔਰਤ ਨੂੰ ਉਮਰ ਭਰ ਲਿੰਗੀ ਭੇਦਭਾਵ ਦਾ ਸਾਹਮਣਾ ਕਰਨਾ ਪੈਂਦਾ ਹੈ। ਮਰਦ ਪ੍ਰਧਾਨ ਪ੍ਰਸੰਗ ਵਿਚ ਔਰਤਾਂ ਨੂੰ ਹੇਠਲੇ ਦਰਜੇ 'ਤੇ ਰੱਖ ਕੇ ਵੇਖਿਆ ਜਾਂਦਾ ਹੈ।

ਮੁਕੇਸ਼ ਦੇ ਵਕੀਲ ਐਮ.ਐਲ. ਸ਼ਰਮਾ ਨੇ ਉਡਵਿਨ ਨੂੰ ਦੱਸਿਆ, 'ਔਰਤ ਬਿਲਕੁਲ ਇਕ ਫੁੱਲ ਵਾਂਗ ਹੁੰਦੀ ਹੈ...ਮਰਦ ਕੰਡੇ ਵਾਂਗ ਹੈ...ਫੁੱਲ ਨੂੰ ਹਮੇਸ਼ਾ ਸੁਰੱਖਿਆ ਦੀ ਲੋੜ ਹੁੰਦੀ ਹੈ...।' ਉਸ ਨੇ ਕਿਹਾ, 'ਸਾਡੇ ਸਮਾਜ ਵਿਚ ਅਸੀਂ ਲੜਕੀਆਂ ਨੂੰ ਕਦੇ ਵੀ...ਰਾਤ ਵੇਲੇ...ਬਾਹਰ ਨਹੀਂ ਜਾਣ ਦਿੰਦੇ...ਸਾਡਾ ਸਭ ਤੋਂ ਬਿਹਤਰ ਸਭਿਆਚਾਰ ਹੈ। ਸਾਡੇ ਸਭਿਆਚਾਰ ਵਿਚ ਔਰਤਾਂ ਲਈ ਕੋਈ ਥਾਂ ਨਹੀਂ ਹੈ।' ਇਕ ਹੋਰ ਵਕੀਲ ਨੇ ਐਲਾਨ ਕੀਤਾ, 'ਜੇ ਮੇਰੀ ਲੜਕੀ ਜਾਂ ਭੈਣ, ਵਿਆਹ ਤੋਂ ਪਹਿਲਾਂ ਸਬੰਧਾਂ 'ਚ ਉਲਝੇਗੀ...ਤਾਂ ਯਕੀਨੀ ਤੌਰ 'ਤੇ ਮੈਂ ਉਸ ਨੂੰ ਆਪਣੇ ਫਾਰਮ ਹਾਊਸ ਵਿਖੇ




ਲਿਜਾਵਾਂਗਾ...ਤੇ ਜਿਉਂਦੀ ਸਾੜ ਦਿਆਂਗਾ।' ਮੁਕੇਸ਼ ਨੇ ਕਿਹਾ, 'ਤਾੜੀ ਵਜਾਉਣ ਲਈ ਦੋ ਹੱਥਾਂ ਦੀ ਲੋੜ ਪੈਂਦੀ ਹੈ। ਲੜਕੀ ਦੇਰ ਰਾਤ ਤੱਕ ਬਾਹਰ ਘੁੰਮ ਰਹੀ ਸੀ ਅਤੇ ਉਸ ਨੇ ਅਜਿਹਾ ਕਰਨ ਲਈ ਕਿਹਾ।' ਇਹ ਹੈਰਾਨ ਕਰਨ ਵਾਲੇ ਵਿਚਾਰ ਸਿਰਫ ਇਨ੍ਹਾਂ ਵਿਅਕਤੀਆਂ ਤੱਕ ਹੀ ਸੀਮਤ ਨਹੀਂ ਹਨ। ਇਹ ਖਾਪ ਪੰਚਾਇਤਾਂ, ਪੁਲਿਸ ਅਧਿਕਾਰੀਆਂ, ਸੰਘ ਪਰਿਵਾਰ ਦੇ ਕੁਝ ਆਗੂਆਂ, ਜੱਜਾਂ ਅਤੇ ਮੰਤਰੀਆਂ ਆਦਿ ਵਲੋਂ ਵੀ ਅਕਸਰ ਜ਼ਾਹਿਰ ਕੀਤੇ ਜਾਂਦੇ ਹਨ ਜਿਨ੍ਹਾਂ ਵਿਚ ਹਾਲ ਹੀ 'ਚ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਵੀ ਸ਼ਾਮਿਲ ਹਨ।

ਅਜਿਹੇ ਲੋਕ 'ਇੰਡੀਆ'ਜ਼ ਡਾਟਰ' ਨੂੰ ਭਾਰਤ ਦੇ ਅਕਸ ਨੂੰ ਤਾਰ-ਤਾਰ ਕਰਨ ਅਤੇ ਭਾਰਤ ਨੂੰ ਸੰਸਾਰ ਦੀ ਬਰਾਬਰੀ ਕਰਨ ਤੋਂ ਰੋਕਣ ਦੀ 'ਸਾਜ਼ਿਸ਼' ਵਜੋਂ ਵੇਖਦੇ ਹਨ। ਇਹ ਰੋਗੀ ਕਿਸਮ ਦੇ ਰਾਸ਼ਟਰਵਾਦ ਵਾਲੀ ਗੱਲ ਹੀ ਹੈ। ਵਾਤਾਵਰਨਵਾਦੀ ਕਾਰਕੁਨ ਪ੍ਰਿਆ ਪਿੱਲੇ ਨੂੰ ਲੰਡਨ ਜਾਣ ਤੋਂ ਰੋਕਣ ਲਈ ਵੀ ਗ੍ਰਿਹ ਮੰਤਰਾਲੇ ਵਲੋਂ ਇਸੇ ਤਰ੍ਹਾਂ ਦੇ 'ਰਾਸ਼ਟਰਵਾਦ' ਵਾਲਾ ਤਰਕ ਦਿੱਤਾ ਗਿਆ। ਪ੍ਰਿਆ ਪਿੱਲੇ ਨੇ ਯੂ.ਕੇ. ਦੀ ਕੰਪਨੀ ਐਸਾਰ ਵਲੋਂ ਮੱਧ ਭਾਰਤ ਵਿਚ ਵਾਤਾਵਰਨਕ ਕਾਨੂੰਨਾਂ ਅਤੇ ਆਦਿਵਾਸੀ ਅਧਿਕਾਰਾਂ ਦੀ ਕੀਤੀ ਜਾ ਰਹੀ ਉਲੰਘਣਾ ਬਾਰੇ ਲੰਡਨ ਵਿਚ ਸੰਸਦੀ ਕਮੇਟੀ ਸਾਹਮਣੇ ਗਵਾਹੀ ਦੇਣ ਜਾਣਾ ਸੀ। ਮੰਤਰਾਲੇ ਨੇ ਕਿਹਾ ਕਿ ਪੱਛਮੀ ਨਿਵੇਸ਼ਕਾਂ ਪ੍ਰਤੀ ਤੁਅੱਸਬਾਂ ਦੀ ਵਰਤੋਂ ਕਰ ਕੇ ਪ੍ਰਿਆ ਭਾਰਤ ਦੇ 'ਵਿਕਾਸ' ਵਿਚ ਅੜਿੱਕਾ ਪਾ ਰਹੀ ਹੈ। ਮੰਤਰਾਲਾ ਪ੍ਰਿਆ ਪਿੱਲੇ ਅਤੇ ਮੇਰੇ ਸਮੇਤ ਹੋਰ ਕਾਰਕੁਨਾਂ ਜਿਵੇਂ ਅਰੁਣਾ ਰਾਏ, ਮੇਧਾ ਪਾਟੇਕਰ, ਐਡਮਿਰਲ ਰਾਮਦਾਸ, ਨੰਦਨੀ ਸੁੰਦਰ ਵਿਚਕਾਰ ਪਾੜਾ ਪਾਉਣ ਦੀ ਹੱਦ ਤੱਕ ਪਹੁੰਚ ਗਿਆ। ਇਸ ਵਲੋਂ ਦਾਅਵਾ ਕੀਤਾ ਗਿਆ ਕਿ ਅਸੀਂ ਕਦੇ ਵੀ ਕਿਸੇ ਵਿਦੇਸ਼ੀ ਕਮੇਟੀ ਸਾਹਮਣੇ ਗਵਾਹੀ ਨਹੀਂ ਦਿੱਤੀ, ਸਗੋਂ ਹਮੇਸ਼ਾ 'ਭਾਰਤ ਦੀ ਗਤੀਸ਼ੀਲ ਜਮਹੂਰੀਅਤ' ਦੀਆਂ ਸੰਸਥਾਵਾਂ ਉਤੇ 'ਨਿਰਭਰ' ਰਹੇ ਹਾਂ। ਸਾਡੇ ਵਿਚੋਂ ਕੁਝ ਨੇ ਸਾਨੂੰ ਅਲੱਗ-ਅਲੱਗ ਠਹਿਰਾਉਣ ਦੇ ਇਨ੍ਹਾਂ ਯਤਨਾਂ ਦਾ ਸਖਤੀ ਨਾਲ ਖੰਡਨ ਕੀਤਾ। ਭਾਰਤ ਦੇ ਕਮਜ਼ੋਰ ਅਤੇ ਨਾਜ਼ੁਕ ਆਦਿਵਾਸੀਆਂ ਅਤੇ ਖਣਿਜ ਸਰੋਤਾਂ ਦੀਆਂ ਵਿਦੇਸ਼ੀ ਕਾਰਪੋਰੇਸ਼ਨਾਂ ਦੁਆਰਾ ਲੁੱਟ ਨੂੰ ਗ੍ਰਿਹ ਮੰਤਰਾਲੇ ਵਲੋਂ ਸ਼ਰਮਨਾਕ ਢੰਗ ਨਾਲ ਜਾਇਜ਼ ਠਹਿਰਾਇਆ ਜਾ ਰਿਹਾ ਹੈ ਅਤੇ ਅਜਿਹੀ ਲੁੱਟ ਲਈ ਇਕ ਤਰ੍ਹਾਂ ਨਾਲ ਸੱਦਾ ਦਿੱਤਾ ਜਾ ਰਿਹਾ ਹੈ। ਸੋ, 'ਰਾਸ਼ਟਰਵਾਦ' ਕਿੱਥੇ ਰਹਿ ਜਾਂਦਾ ਹੈ? ਚੰਗਾ ਹੋਇਆ ਕਿ ਦਿੱਲੀ ਹਾਈ ਕੋਰਟ ਨੇ ਪ੍ਰਿਆ ਪਿੱਲੇ ਸਬੰਧੀ ਮੰਤਰਾਲੇ ਦੇ ਹੁਕਮਾਂ ਨੂੰ ਰੱਦ ਕਰ ਦਿੱਤਾ। ਭਾਰਤ ਦਾ ਕੌਮਾਂਤਰੀ ਵਤੀਰਾ ਅਕਸਰ ਹੰਕਾਰ ਅਤੇ ਭਰਮ ਦੇ ਮਿਸ਼ਰਨ ਨੂੰ ਦਰਸਾਉਂਦਾ ਹੈ। ਇਸ ਵਲੋਂ ਜਿਸ ਚੀਜ਼ ਤੋਂ ਡਰ ਮਹਿਸੂਸ ਕੀਤਾ ਜਾਂਦਾ ਹੈ, ਉਸ ਬਾਰੇ ਕਿਹਾ ਜਾਂਦਾ ਹੈ ਕਿ ਇਹ ਭਾਰਤ ਨੂੰ ਆਪਣੇ ਪ੍ਰਭੂਸੱਤਾਵਾਦੀ ਬਦਲ ਵਰਤਣ ਅਤੇ ਆਪਣੇ ਜਾਇਜ਼ ਹਿਤਾਂ ਨੂੰ ਅੱਗੇ ਵਧਾਉਣ ਤੋਂ ਰੋਕਣ ਦਾ 'ਜਾਲ' ਹੈ। 1960ਵਿਆਂ ਵਿਚ ਭਾਰਤ ਨੇ ਪਰਮਾਣੂ ਪ੍ਰਸਾਰ ਰੋਕੂ ਸੰਧੀ ਦਾ ਇਸ ਆਧਾਰ 'ਤੇ ਵਿਰੋਧ ਕੀਤਾ ਸੀ ਕਿ ਇਸ ਨਾਲ 'ਪਰਮਾਣੂ ਨਸਲਵਾਦ' ਫੈਲੇਗਾ। ਪਰਮਾਣੂ ਹਥਿਆਰਾਂ ਵਾਲੇ ਅਤੇ ਪਰਮਾਣੂ ਹਥਿਆਰ ਰਹਿਤ ਦੇਸ਼ਾਂ ਵਿਚਕਾਰ ਵੰਡ ਪੈ ਜਾਵੇਗੀ ਪਰ ਅਸਲ ਵਿਚ ਇਸ ਰੁਖ ਪਿੱਛੇ ਭਾਰਤ ਦੀ ਇਹ ਖਾਹਿਸ਼ ਜ਼ਿੰਮੇਵਾਰ ਸੀ ਕਿ ਪਰਮਾਣੂ ਬਦਲ ਨੂੰ ਖੁੱਲ੍ਹਾ ਰੱਖਿਆ ਜਾਵੇ। 1974 ਵਿਚ ਕੀਤੇ ਗਏ ਪਰਮਾਣੂ ਤਜਰਬੇ ਨੇ ਇਹ ਗੱਲ ਸਾਬਤ ਵੀ ਕਰ ਦਿੱਤੀ। 1990ਵਿਆਂ ਦੇ ਅੱਧ ਵਿਚ ਭਾਰਤ ਨੇ ਵਿਆਪਕ ਪਰਖ ਰੋਕੂ ਸੰਧੀ (ਸੀ. ਟੀ. ਬੀ. ਟੀ.) ਦਾ ਵਿਰੋਧ ਕੀਤਾ ਸੀ ਜਿਸ ਨੂੰ ਕਦੇ ਨਹਿਰੂ ਵਲੋਂ ਬੇਹੱਦ ਜ਼ਰੂਰੀ ਕਰਾਰ ਦਿੱਤਾ ਗਿਆ ਸੀ। ਨਵੀਂ ਦਿੱਲੀ ਨੇ ਕਿਹਾ ਕਿ ਇਹ ਇਸ ਦੇ ਪ੍ਰਭੂਸੱਤਾ-ਸੰਪੰਨ ਪਰਮਾਣੂ ਬਦਲਾਂ ਨੂੰ ਖਤਮ ਕਰਨ ਦਾ 'ਜਾਲ' ਹੈ, ਹਾਲਾਂ ਕਿ ਭਾਰਤ ਪਹਿਲਾਂ ਦਹਾਕਿਆਂ ਤੱਕ ਇਹ ਦਲੀਲਾਂ ਦਿੰਦਾ ਰਿਹਾ ਸੀ ਕਿ ਪਰਮਾਣੂ ਹਥਿਆਰ ਸੁਰੱਖਿਆ ਨਹੀਂ ਦੇ ਸਕਦੇ। ਫਿਰ ਸੀ.ਟੀ.ਬੀ.ਟੀ. ਨੂੰ ਰੱਦ ਕਰਨ ਤੋਂ ਦੋ ਸਾਲ ਪਿੱਛੋਂ ਭਾਰਤ ਇਸ 'ਤੇ ਸਹਿਮਤ ਹੋ ਕੇ 'ਨਸਲਵਾਦੀ ਪ੍ਰਬੰਧ' ਵਿਚ ਸ਼ਾਮਿਲ ਵੀ ਹੋ ਗਿਆ।

ਉਪਰੋਕਤ ਸਾਰੇ ਰੁਖ ਅਸਲ ਵਿਚ ਉਸੇ ਦੂਸ਼ਿਤ ਕਿਸਮ ਦੇ ਲੜਾਕੇ ਅਤੇ ਅੰਨ੍ਹੇ ਰਾਸ਼ਟਰਵਾਦ ਦੀ ਹੀ ਉਪਜ ਹਨ ਜੋ ਪੁਸਤਕਾਂ, ਟੈਲੀਵਿਜ਼ਨ ਲੜੀਵਾਰਾਂ, ਅਖਬਾਰਾਂ ਦੇ ਲੇਖਾਂ, ਟੀ.ਵੀ. ਬਹਿਸਾਂ ਅਤੇ ਟਰੱਕਾਂ ਵਗੈਰਾ ਪਿੱਛੇ ਲਿਖੇ 'ਮੇਰਾ ਭਾਰਤ ਮਹਾਨ' ਆਦਿ ਵਰਗੇ ਨਾਅਰਿਆਂ ਰਾਹੀਂ ਫੈਲਾਇਆ ਜਾ ਰਿਹਾ ਹੈ। ਇਸ ਕਿਸਮ ਦਾ ਰਾਸ਼ਟਰਵਾਦ ਮੰਨਦਾ ਹੈ ਕਿ ਭਾਰਤ ਸੰਸਾਰ ਦਾ ਸਭ ਤੋਂ ਮਹਾਨ ਰਾਸ਼ਟਰ ਹੈ, ਹਾਲਾਂਕਿ ਇਥੇ ਵਿਆਪਕ ਗਰੀਬੀ, ਬਾਲ ਕੁਪੋਸ਼ਣ ਅਤੇ ਵੱਡੀਆਂ ਗੈਰ-ਬਰਾਬਰੀਆਂ ਮੌਜੂਦ ਹਨ। ਇਸੇ ਤਰ੍ਹਾਂ ਦੇ ਭਰਮ ਕਾਰਨ ਹੀ ਹਿਟਲਰ ਜਰਮਨੀ ਲਈ ਕਹਿਰ ਬਣ ਗਿਆ ਸੀ।

# ਇਜ਼ਰਾਈਲ ਵਿਚ ਨੇਤਨਯਾਹੂ ਦੀ ਜਿੱਤ ਨਾਲ ਵੱਡੇ ਦੁਖਾਂਤ ਦਾ ਖਤਰਾ ਵਧਿਆ

ਇਜ਼ਰਾਈਲੀ ਚੋਣਾਂ ਪ੍ਰਤੀ ਦੋ ਨਜ਼ਰੀਏ ਹਨ। ਇੱਕ ਤਾਂ ਇਹ ਮੁਲਕ ਵਿਚ ਵਸਦੇ ਯਹੂਦੀਆਂ ਦੇ ਫਾਇਦੇ ਖਾਤਰ ਖੇਡੀ ਜਾ ਰਹੀ 'ਖੇਡ' ਹੈ। ਸੰਯੁਕਤ ਰਾਸ਼ਟਰ ਵਲੋਂ ਜਿਹੜੇ ਦੇਸ਼ (ਇਜ਼ਰਾਈਲ) ਦੀ ਸਥਾਪਨਾ ਨੂੰ ਮਨਜ਼ੂਰੀ ਦਿੱਤੀ ਗਈ ਸੀ, ਉਸ ਦਾ ਨਕਸ਼ਾ ਹੁਣ ਉਸ ਮਨਜ਼ੂਰੀ ਵਾਲਾ ਨਹੀਂ। ਇਸ ਵਿਚ ਅਰਬਾਂ ਦੇ ਉਹ ਬਹੁਤ ਸਾਰੇ ਇਲਾਕੇ ਸ਼ਾਮਲ ਹਨ ਜਿਨ੍ਹਾਂ ਨੂੰ ਇਜ਼ਰਾਈਲ ਨੇ ਵੱਖ-ਵੱਖ ਜੰਗਾਂ ਰਾਹੀਂ ਜਿੱਤਿਆ ਅਤੇ ਹਥਿਆਇਆ। ਇਨ੍ਹਾਂ ਵਿਚ


**ਐਸ. ਨਿਹਾਲ ਸਿੰਘ**

ਵਸਦੀ ਅਰਬ ਵਸੋਂ ਹੁਣ ਇਜ਼ਰਾਈਲ ਦੇ ਮਾਤਹਿਤ ਹੈ। ਦੂਜਾ ਨਜ਼ਰੀਆ ਹੈ, ਅਮਰੀਕਾ ਦੀਆਂ ਘਰੇਲੂ ਨੀਤੀਆਂ ਅਤੇ ਇਨ੍ਹਾਂ ਦੀ ਬਦੌਲਤ ਇਜ਼ਰਾਈਲ ਨੂੰ ਮਿਲਣ ਵਾਲੀ ਅਮਰੀਕੀ ਹਮਾਇਤ ਦਾ। ਇਸ ਹਮਾਇਤ ਸਦਕਾ ਇਜ਼ਰਾਈਲ ਨਾ ਸਿਰਫ ਕੌਮਾਂਤਰੀ ਵਿਰੋਧ ਨੂੰ ਦਰਕਿਨਾਰ ਕਰਦਾ ਆਇਆ ਹੈ, ਸਗੋਂ ਵ੍ਹਾਈਟ ਹਾਊਸ ਵਿਚ ਬੈਠੇ ਅਮਰੀਕੀ ਰਾਸ਼ਟਰਪਤੀ ਨੂੰ ਵੀ ਠਿੱਠ ਕਰਨ ਦੀ ਹਿਮਾਕਤ ਦਰਸਾਉਂਦਾ ਆਇਆ ਹੈ।

ਚੋਣਾਂ ਦੌਰਾਨ ਮੌਜੂਦਾ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਅਤੇ ਉਸ ਦੇ ਵਿਰੋਧੀ ਉਮੀਦਵਾਰਾਂ- ਖੱਬੇ ਪੱਖੀ ਜ਼ੀਓਨਿਸਟ ਯੂਨੀਅਨ ਦੇ ਇਸਹਾਕ ਹਰਜ਼ੋਗ ਅਤੇ ਤਜ਼ੀਪੀ ਲਿਵਨੀ ਦਰਮਿਆਨ ਕਾਂਟੇ ਦੀ ਟੱਕਰ ਸੀ। ਨੇਤਨਯਾਹੂ ਦੀ ਫੈਸਲਾਕੁਨ ਜਿੱਤ ਹੋਈ। ਚੋਣ ਸਰਵੇਖਣਾਂ ਦੇ ਉਲਟ ਨੇਤਨਯਾਹੂ ਨੇ ਆਖਰੀ ਗੇੜ ਵਿਚ ਬਹੁਤੇ ਇਜ਼ਰਾਈਲੀਆਂ ਦੇ ਮਨਾਂ ਵਿਚ ਇਹ ਗੱਲ ਬਿਠਾ ਦਿੱਤੀ ਕਿ ਉਸ ਦੇ ਵਿਰੋਧੀ ਮੁਲਕ ਦੀ ਸੁਰੱਖਿਆ ਲਈ ਖਤਰਾ ਹਨ। ਕੁੜੱਤਣ ਭਰੀ ਚੋਣ ਮੁਹਿੰਮ ਦੌਰਾਨ ਉਭਰ ਕੇ ਆਈ ਸਭ ਤੋਂ ਅਹਿਮ ਗੱਲ ਇਹ ਸੀ ਕਿ ਮੁੜ ਪ੍ਰਧਾਨ ਮੰਤਰੀ ਬਣਨ ਦੀ ਸੂਰਤ ਵਿਚ ਨੇਤਨਯਾਹੂ ਅਮਰੀਕਾ ਅਤੇ ਕੌਮਾਂਤਰੀ ਸਾਲਸੀ ਯਤਨਾਂ ਦੇ ਬਾਵਜੂਦ ਫਲਸਤੀਨ ਦਾ ਉਭਾਰ ਨਹੀਂ ਹੋਣ ਦੇਣਗੇ। ਉਂਜ ਵੀ, ਫਲਸਤੀਨੀ ਧਰਤੀ ਉਤੇ ਇਜ਼ਰਾਈਲ ਵਲੋਂ ਗੈਰ-ਕਾਨੂੰਨੀ ਤੌਰ 'ਤੇ ਰਿਹਾਇਸ਼ੀ ਇਮਾਰਤਾਂ ਦੀ ਉਸਾਰੀ ਨੇ ਇਨ੍ਹਾਂ ਨੂੰ ਦੋ ਵੱਖ-ਵੱਖ ਮੁਲਕ ਮੰਨ ਕੇ ਵਿਵਾਦ ਦਾ ਹੱਲ ਲੱਭਣਾ ਇੱਕ ਤਰ੍ਹਾਂ ਅਸੰਭਵ ਬਣਾ ਦਿੱਤਾ ਹੈ। ਇਜ਼ਰਾਈਲੀ ਚੋਣਾਂ ਦੇ ਨਤੀਜਿਆਂ ਨੇ ਕੁਝ ਇਜ਼ਰਾਈਲੀ ਆਗੂਆਂ ਦੀਆਂ ਆਪਹੁਦਰੀਆਂ ਦੇ ਬਾਵਜੂਦ ਤਲਖ ਸੱਚਾਈਆਂ ਸਾਹਮਣੇ ਲਿਆਂਦੀਆਂ ਹਨ। ਅਮਰੀਕੀ ਯਹੂਦੀਆਂ ਦੇ ਖਾਸ ਤਬਕੇ ਦੇ ਦਬਾਅ ਅੱਗੇ ਅਮਰੀਕੀ ਪ੍ਰਸ਼ਾਸਨ ਗੋਡੇ ਟੇਕ ਦਿੰਦਾ ਹੈ। ਸਥਿਤੀ ਇਹ ਹੈ ਕਿ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਅਤੇ ਨੇਤਨਯਾਹੂ ਇੱਕ-ਦੂਜੇ ਨੂੰ ਨਾਪਸੰਦ ਕਰਦੇ ਹਨ। ਇਜ਼ਰਾਈਲੀ ਪ੍ਰਧਾਨ ਮੰਤਰੀ ਨੇ ਅਮਰੀਕੀ ਕਾਂਗਰਸ ਦੇ ਸਾਂਝੇ ਸੈਸ਼ਨ ਵਿਚ ਅਮਰੀਕਾ ਦੀ ਇਰਾਨ ਨੀਤੀ ਦੀ ਖੁੱਲ੍ਹ ਕੇ ਆਲੋਚਨਾ ਕੀਤੀ ਸੀ ਅਤੇ ਰਾਸ਼ਟਰਪਤੀ ਓਬਾਮਾ ਦਾ ਮਖੌਲ ਉਡਾਇਆ ਸੀ।

ਇਸ ਅਸ਼ਾਂਤ ਖਿੱਤੇ ਵਿਚ ਇਜ਼ਰਾਈਲ, ਅਮਰੀਕਾ ਦੀ ਯੁੱਧਨੀਤੀ ਦਾ ਮੁੱਖ ਧੁਰਾ ਹੈ। ਅਮਰੀਕਾ ਇਸ ਦੀ ਭਾਰੀ ਫੌਜੀ ਅਤੇ ਵਿੱਤੀ ਇਮਦਾਦ ਕਰਦਾ ਰਹਿੰਦਾ ਹੈ। ਇਸਰਾਈਲ ਵਲੋਂ ਪਰਮਾਣੂ ਹਥਿਆਰ ਸੰਪੰਨ ਮੁਲਕ ਬਣਨ ਦੀ ਕੋਸ਼ਿਸ਼ 'ਤੇ ਅਮਰੀਕਾ ਨੇ ਉਸ ਨੂੰ ਚੋਰੀ-ਛੁਪੇ ਸਭ ਕੁਝ ਕਰ ਲੈਣ ਦਾ ਸੰਕੇਤ ਦਿੱਤਾ ਸੀ। ਇਜ਼ਰਾਈਲ ਤੋਂ ਬਾਅਦ ਇਸ ਖਿੱਤੇ ਵਿਚ ਦੂਜਾ ਅਮਰੀਕੀ ਮਿੱਤਰ ਮਿਸਰ ਹੈ। ਉਥੇ ਤਖਤ ਪਲਟਿਆ, ਬਗ਼ਾਵਤਾਂ ਅਤੇ ਕੁਝ ਨਾਗਰਿਕਾਂ ਖਿਲਾਫ ਦਮਨਕਾਰੀ ਨੀਤੀਆਂ ਅਪਨਾਉਣ ਦੇ ਬਾਵਜੂਦ ਉਹ ਅਮਰੀਕਾ ਦੀ ਨੀਤੀ ਦਾ ਅਹਿਮ ਧੁਰਾ ਹੈ। ਦਰਅਸਲ, ਇਸ ਖਿੱਤੇ ਦੇ ਕਈ ਤਾਨਾਸ਼ਾਹ ਅਮਰੀਕਾ ਵਲੋਂ ਦਿੱਤੀ ਜਾਂਦੀ 'ਇਮਦਾਦ' ਉਤੇ ਐਸ਼ ਕਰ ਰਹੇ ਹਨ।

ਦੁਨੀਆਂ ਹੁਣ ਇਜ਼ਰਾਈਲ-ਫਲਸਤੀਨ



ਬੈਂਜਾਮਿਨ ਨੇਤਨਯਾਹੂ

ਵਿਵਾਦ ਵਿਚ ਸਾਲਸੀ ਦੀ ਭੂਮਿਕਾ ਨਿਭਾਉਣ ਦੇ ਪੜਾਅ ਤੋਂ ਅੱਗੇ ਵਧ ਚੁੱਕੀ ਹੈ। ਕੈਂਪ ਡੇਵਿਡ ਅਤੇ ਓਸਲੋ ਸੰਧੀਆਂ ਮਹਿਜ਼ ਕਾਗਜ਼ਾਂ ਵਿਚ ਹੀ ਨੇਪਰੇ ਚੜ੍ਹੀਆਂ। ਜ਼ਿਆਦਾਤਰ ਇਜ਼ਰਾਈਲੀ ਆਗੂ ਅਮਰੀਕਾ ਵਲੋਂ ਦਿੱਤੀ ਜਾਂਦੀ ਰਕਮ ਇਸ ਦੀ ਇੱਛਾ ਦੇ ਉਲਟ ਫਲਸਤੀਨੀ ਖੇਤਰਾਂ ਉਤੇ ਕਬਜ਼ਾ ਕਰਨ ਅਤੇ ਉਥੇ ਇਜ਼ਰਾਈਲੀ ਬਸਤੀਆਂ ਵਸਾਉਣ ਉਤੇ ਹੀ ਖਰਚਦੇ ਰਹਿੰਦੇ ਹਨ। ਹੁਣ ਨੇਤਨਯਾਹੂ ਵੀ ਆਪਣੇ ਢੰਗ ਨਾਲ ਕੰਮ ਕਰਨ ਦੀ ਗੱਲ ਆਖ ਰਹੇ ਹਨ। ਇਹ ਸਭ ਅਮਰੀਕੀ ਢਾਂਚੇ ਵਲੋਂ ਮਿਲਦੀ ਹਮਾਇਤ ਦਾ ਹੀ ਸਿੱਟਾ ਹੈ।

ਚੋਣ ਨਤੀਜਿਆਂ ਵਿਚ ਧਰਵਾਸ ਦੀ ਗੱਲ ਇਹ ਸੀ ਕਿ ਵਿਭਿੰਨ ਇਜ਼ਰਾਈਲੀ ਅਰਬ ਪਾਰਟੀਆਂ ਇਕਮੁੱਠ ਹੋ ਕੇ ਸੰਸਦ ਵਿਚ ਤੀਜੀ ਸਭ ਤੋਂ ਵੱਡੀ ਧਿਰ ਬਣੀਆਂ ਹਨ। ਸੱਤਾ ਕਿਸ ਦੇ ਹੱਥ ਵਿਚ ਹੈ, ਇਸ ਬਾਰੇ ਕਿਸੇ ਨੂੰ ਕੋਈ ਸ਼ੱਕ ਨਹੀਂ ਹੈ। ਮਹਿਮੂਦ ਅੱਬਾਸ ਦੀ ਫਲਸਤੀਨੀ ਅਥਾਰਟੀ ਮਜ਼ਾਕ ਬਣ ਕੇ ਰਹਿ ਗਈ ਹੈ। ਹਮਾਸ ਦੀਆਂ ਕਾਰਵਾਈਆਂ ਬਹੁਤੇ ਫਲਸਤੀਨੀ ਪਸੰਦ ਤਾਂ ਨਹੀਂ ਕਰਦੇ, ਪਰ ਪਿਛਲੇ ਵਰ੍ਹੇ ਇਸ ਨੇ ਗਾਜ਼ਾ ਵਿਚ ਇਜ਼ਰਾਈਲੀ ਫੌਜ ਖਿਲਾਫ ਬਹਾਦਰੀ ਨਾਲ ਲੜਾਈ ਲੜੀ। ਇਜ਼ਰਾਈਲ ਰਾਹੀਂ ਅਮਰੀਕਾ ਦੀਆਂ ਉਂਗਲਾਂ 'ਤੇ ਨੱਚਣ ਖਿਲਾਫ ਵੀ ਹਮਾਸ ਸਵਾਲ ਉਠਾਉਂਦੀ ਹੈ।


ਕਈ ਯੂਰਪੀ ਮੁਲਕ ਫਲਸਤੀਨੀਆਂ ਦੀ ਦੁਰਦਸ਼ਾ ਦੇ ਮੱਦੇਨਜ਼ਰ ਇਜ਼ਰਾਈਲ ਦੇ ਕਬਜ਼ੇ ਹੇਠਲੇ ਫਲਸਤੀਨੀ ਖਿੱਤੇ ਵਿਚ ਬਣੀਆਂ ਇਜ਼ਰਾਈਲੀ ਵਸਤਾਂ ਦਾ ਬਾਈਕਾਟ ਕਰਨ ਦੇ ਨਾਲ-ਨਾਲ ਉਸ ਖਿੱਤੇ ਵਿਚਲੀਆਂ ਇਜ਼ਰਾਈਲੀ ਕੰਪਨੀਆਂ ਵਿਚੋਂ ਨਿਵੇਸ਼ ਵਾਪਸ ਲੈਣ ਲੱਗੇ ਹਨ। ਜਿੰਨਾ ਚਿਰ ਇਸ ਬਸਤੀਵਾਦੀ ਨੀਤੀ ਲਈ ਇਜ਼ਰਾਈਲ ਨੂੰ ਅਮਰੀਕਾ ਦਾ ਥਾਪੜਾ ਹੈ ਅਤੇ ਫਲਸਤੀਨੀਆਂ ਨਾਲ ਬੇਇਨਸਾਫੀ ਹੁੰਦੀ ਰਹੇਗੀ, ਯੂਰਪੀ ਮੁਲਕਾਂ ਦੇ ਅਜਿਹੇ ਕਦਮਾਂ ਨਾਲ ਕੁਝ ਨਹੀਂ ਸੰਵਰੇਗਾ।

ਅਮਰੀਕਾ ਦੇ ਦੋਵਾਂ ਸਦਨਾਂ ਵਿਚ ਜਿੱਤਣ ਵਾਲੇ ਰਿਪਬਲਿਕਨ ਕੌਮੀ ਵਿਦੇਸ਼ ਨੀਤੀ ਸਬੰਧੀ ਆਪਣੀ ਹੀ ਖੇਡ, ਖੇਡ ਰਹੇ ਹਨ। ਉਨ੍ਹਾਂ ਨੇ ਤਾਂ ਇਰਾਨ ਦੇ ਸਰਬ-ਉਚ ਆਗੂ ਨੂੰ ਰਾਸ਼ਟਰਪਤੀ ਓਬਾਮਾ ਨਾਲ ਹੋਈ ਗੱਲਬਾਤ ਮੁਤਾਬਕ ਅਮਰੀਕਾ ਨਾਲ ਪਰਮਾਣੂ ਸੰਧੀ ਕਰਨ ਤੋਂ ਖ਼ਬਰਦਾਰ ਕਰਨ ਲਈ ਚਿੱਠੀ ਤਕ ਲਿਖ ਦਿੱਤੀ ਹੈ। ਇਹ ਸੰਵਿਧਾਨ ਵਿਚਲੀਆਂ ਵਿਧਾਨਕ ਅਤੇ ਕਾਰਜਕਾਰੀ ਸ਼ਕਤੀਆਂ ਵਿਚਲੀ ਸੀਮਾ ਦੀ ਉਲੰਘਣਾ ਹੈ। ਇਹ ਘਟਨਾ ਨੇਤਨਯਾਹੂ ਦੇ ਕਾਂਗਰਸ ਨੂੰ ਸੰਬੋਧਨ ਕਰਨ ਮਗਰੋਂ ਵਾਪਰੀ।

ਬੈਂਜਾਮਿਨ ਨੇਤਨਯਾਹੂ ਭਾਵੇਂ ਖੁਦ ਨੂੰ ਇਜ਼ਰਾਈਲ ਵਿਚ ਕਿੰਨਾ ਵੀ ਸ਼ਕਤੀਸ਼ਾਲੀ ਸਮਝਣ, ਪਰ ਉਨ੍ਹਾਂ ਦੇ ਪਤਨ ਦਾ ਖਤਰਾ ਉਨਾ ਹੀ ਵਧ ਗਿਆ ਹੈ। ਜੇ ਅਮਰੀਕਾ ਅਤੇ ਪੱਛਮ ਵਲੋਂ ਜਮਹੂਰੀਅਤ ਬਾਰੇ ਦੁਨੀਆਂ ਨੂੰ ਪੜ੍ਹਾਏ ਜਾਂਦੇ ਸਬਕ ਦਾ ਕੋਈ ਮਤਲਬ ਹੈ ਤਾਂ 21ਵੀਂ ਸਦੀ ਵਿਚ ਉਹ ਇਜ਼ਰਾਈਲ ਨੂੰ ਸਭਿਅਕ ਵਰਤਾਰੇ ਦੀਆਂ ਧੱਜੀਆਂ ਉਡਾਉਣ ਤੋਂ ਰੋਕਣ। ਮੱਧ ਪੂਰਬੀ ਖਿੱਤੇ ਵਿਚਲੀ ਅਸ਼ਾਂਤੀ ਤੋਂ ਇਜ਼ਰਾਈਲ ਆਪ ਵੀ ਨਹੀਂ ਬਚ ਸਕੇਗਾ। ਇਜ਼ਰਾਈਲ ਦਾ ਅਸਭਿਅਕ ਵਿਹਾਰ ਨੌਜਵਾਨ ਮੁਸਲਿਮਾਂ ਨੂੰ ਆਈ.ਐਸ.ਆਈ.ਐਸ. ਵੱਲ ਖਿੱਚ ਸਕਦਾ ਹੈ। ਪੱਛਮੀ ਮੁਲਕ ਵੀ ਸ਼ਾਇਦ ਉਨ੍ਹਾਂ ਨੂੰ ਇਸ ਦੇ ਪ੍ਰਭਾਵ ਤੋਂ ਮੁਕਤ ਨਹੀਂ ਕਰਾ ਸਕਣਗੇ, ਜਿਨ੍ਹਾਂ ਪੱਛਮੀ ਮੁਲਕਾਂ ਦੇ ਨੱਕ ਹੇਠ ਇਜ਼ਰਾਈਲ, ਯਹੂਦੀ ਮੁਲਕ ਦਾ ਨਕਸ਼ਾ ਵਡੇਰਾ ਕਰਨ ਹਿਤ ਫਲਸਤੀਨੀਆਂ ਦਾ ਦਮਨ ਅਤੇ ਉਨ੍ਹਾਂ ਦੀ ਧਰਤੀ ਉਤੇ ਜ਼ਬਰੀ ਕਬਜ਼ਾ ਕਰਨਾ ਬੇਫਿਕਰੀ ਨਾਲ ਜਾਰੀ ਰੱਖ ਰਿਹਾ ਹੈ। ਨੇਤਨਯਾਹੂ ਅਤੇ ਉਹਦੇ ਮੁਲਕ ਦੇ ਉਸ ਵਰਗੇ ਨਾਗਰਿਕ ਸ਼ਾਇਦ ਭਵਿੱਖ ਵਿਚ ਕਿਸੇ ਵੱਡੇ ਦੁਖਾਂਤ ਨੂੰ ਸੱਦਾ ਦੇ ਰਹੇ ਹਨ।

# ਮਜ਼ੇ ਵੱਖ ਨੇ ਪੋਰੀਆਂ ਪੋਰੀਆਂ ਦੇ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

ਵਿਸ਼ਾਲ ਨੀਲਾ ਆਸਮਾਨ, ਚੜ੍ਹਦੇ ਫੱਗਣ ਦੀ ਸੁਹਾਵਣੀ ਰੁੱਤ ਦੀ ਇਕ ਸਵੇਰ, ਨਿੱਘਾ-ਨਿੱਘਾ ਸੂਰਜ, ਹਰੀ ਕਚੂਰ ਕਣਕ ਦੇ ਲਹਿਲਹਾਉਂਦੇ ਖੇਤਾਂ ਵਿਚਕਾਰ ਸਾਡੇ ਪਿੰਡੋਂ ਦਰਿਆ ਸਤਲੁਜ ਨੂੰ ਜਾਂਦੀ ਨਵੀਂ-ਨਵੀਂ ਬਣੀ ਸੜਕ ਉਪਰ, ਆਪਣੇ ਆਪ ਨੂੰ ਸਾਈਕਲ 'ਤੇ ਚੜ੍ਹਿਆ ਜਾਂਦਾ ਤਸੱਵਰ ਕਰਦਿਆਂ ਮੈਂ ਕਾਹਲੀ-ਕਾਹਲੀ ਚਾਹ ਦਾ ਕੱਪ ਨਬੇੜਿਆ। ਉਮਰ ਦੇ ਤਿੰਨ ਕੁ ਦਹਾਕੇ ਸਾਈਕਲ ਨਾਲ ਗੂੜ੍ਹੀ ਯਾਰੀ ਰਹੀ ਹੋਣ ਕਰ ਕੇ, ਹੁਣ ਇਸ ਦੀ ਸਵਾਰੀ ਕਰਨ ਦੇ ਮੋਹ ਨਾਲ ਦੂਜੀ ਲੋੜ ਜੁੜ ਗਈ-ਸ਼ੂਗਰ ਘਟਾਉਣ ਦੀ। ਅਮਰੀਕਾ ਤੋਂ ਪਿੰਡ ਹਾਲੇ ਤਾਜ਼ਾ-ਤਾਜ਼ਾ ਹੀ ਪਹੁੰਚਿਆ ਸਾਂ। ਪਿੰਡ ਦੇ ਆਸੇ-ਪਾਸੇ, ਬਚਪਨ ਤੇ ਜਵਾਨੀ ਨਾਲ ਜੁੜੀਆਂ ਕਈ ਘਟਨਾਵਾਂ ਦੀਆਂ ਗਵਾਹੀਆਂ ਸਾਂਭੀ ਬੈਠੇ ਬਹੁਤ ਸਾਰੇ ਮੋੜ ਤੇ ਚੁਰਸਤੇ ਧੂਹ ਪਾ ਰਹੇ ਸਨ। 'ਉਡੂੰ-ਉਡੂੰ ਕਰੇ ਮੇਰਾ ਜੀਅ ਨੀ ਸਹੇਲੀਓ' ਵਾਲੀ ਹਾਲਤ ਬਣੀ ਹੋਈ ਸੀ।

ਗਲੀ ਦਾ ਮੋੜ ਮੁੜ ਕੇ ਸੜਕ 'ਤੇ ਚੜ੍ਹਦਿਆਂ ਹੀ ਮੈਂ ਜਿਉਣੇ ਮੌੜ ਵਾਂਗ ਸਾਈਕਲ ਉਤੇ ਪਲਾਕੀ ਮਾਰ ਕੇ ਚੜ੍ਹ ਗਿਆ। ਅਜੇ ਦਸ ਕੁ ਪੈਡਲ ਹੀ ਮਾਰੇ ਹੋਣਗੇ ਕਿ ਸੜਕ ਦੇ ਇਕ ਪਾਸੇ ਲੱਗੇ ਢੇਰਾਂ ਉਤੇ ਗੋਹਾ-ਕੂੜਾ ਸੁੱਟ ਕੇ ਖਾਲੀ ਟੋਕਰਾ ਸੜਕ 'ਤੇ ਝਾੜਦਿਆਂ ਇਕ ਜਨਾਨੀ ਨੇ ਸ਼ਾਲ ਨਾਲ ਢਕਿਆ ਆਪਣਾ ਮੂੰਹ ਨੰਗਾ ਕੀਤਾ ਅਤੇ ਅਜਨਬੀਆਂ ਵਾਂਗ ਮੇਰੇ ਵੱਲ ਝਾਕਿਆ। ਫਿਰ ਮੈਨੂੰ ਪਛਾਣਦਿਆਂ ਉਹ ਇਕਦਮ ਖਿੜਦਿਆਂ ਬੋਲੀ-"ਵੇ 'ਚਲੋਚਣਾ' ਸ'ਸਰੀ 'ਕਾਲ! ਤੂੰ ਬਾਹਰੋਂ ਕਦ ਆਇਐਂ?...'ਕੱਲਾ ਈ ਆਇਆਂ ਕਿ ਨਿਆਣੇ ਵੀ ਨਾਲ ਆਏ ਆ?"

ਸਾਈਕਲ ਤੋਂ ਉਤਰ ਕੇ ਦੁਆ-ਸਲਾਮ ਕਰਦਿਆਂ ਮੈਂ ਉਹਦੇ ਇਕੋ ਸਾਹੇ ਕੀਤੇ ਸਵਾਲਾਂ ਦੇ ਜਵਾਬ ਦਿੱਤੇ; ਉਹਦੀ ਤੇ ਉਹਦੇ ਟੱਬਰ ਦੀ ਰਾਜ਼ੀ-ਖੁਸ਼ੀ ਪੁੱਛ ਕੇ ਮੈਂ ਫਿਰ ਸਾਈਕਲ 'ਤੇ ਲੱਤ ਦੇ ਦਿੱਤੀ। ਪਿੰਡ ਪੱਧਰ ਦੇ ਵਰਤੋਂ-ਵਿਹਾਰ ਮੁਤਾਬਕ 'ਭਾਬੀ' ਲਗਦੀ ਇਹ ਟੋਟਲੀ 'ਗੂਠਾ ਛਾਪ ਅਨਪੜ੍ਹ ਜਨਾਨੀ, ਉਨ੍ਹਾਂ ਵੇਲਿਆਂ ਤੋਂ ਮੈਨੂੰ 'ਚਲੋਚਣਾ' ਨਾਮ ਨਾਲ ਹੀ ਬੁਲਾਉਂਦੀ ਆ ਰਹੀ ਸੀ, ਜਦੋਂ ਮੈਂ ਫੱਟੀ-ਬਸਤਾ ਚੁੱਕੀ ਸਕੂਲੇ ਜਾਂਦਾ ਹੁੰਦਾ ਸੀ। ਉਹ ਵਿਚਾਰੀ ਕੀ ਜਾਣੇ ਕਿ ਮੇਰੇ ਨਾਂ ਵਿਚ ਪੰਜ ਅੱਖਰ ਪੈਂਦੇ ਨੇ ਕਿ ਦਸ! ਮੈਨੂੰ ਬੁਲਾਉਣ ਲੱਗਿਆਂ ਉਹ ਤਾਂ ਮੇਰੇ ਨਾਂ ਦੀ ਬੱਸ 'ਤਰਜ਼' ਉਚਾਰਨ ਕਰਦੀ ਸੀ, ਪਰ ਇੰਜ ਕਹਿਣ ਵੇਲੇ ਉਹਦੇ ਬੋਲਾਂ ਵਿਚੋਂ ਮਾਨੋ ਮੋਹ ਦਾ ਸ਼ਹਿਦ ਹੀ ਟਪਕਦਾ ਜਾਪਦਾ।

'ਭਾਬੀ' ਵੱਲੋਂ ਬੋਲੇ ਜਾਂਦੇ ਆਪਣੇ ਇਸ ਅਜੀਬ ਨਾਂ ਬਾਰੇ ਸੋਚ ਕੇ ਬੁੱਲ੍ਹਾਂ ਵਿਚ ਹੱਸਦਾ, ਮੈਂ ਤੇਜ਼-ਤੇਜ਼ ਪੈਡਲ ਮਾਰਨ ਲੱਗ ਪਿਆ। ਮੋਹਰਿਉਂ ਤੇਜ਼ ਸਪੀਡ ਨਾਲ ਆ ਰਹੀ ਕਾਰ ਦੇਖ ਕੇ, ਡਰਦਾ ਹੋਇਆ ਸੜਕ ਦੇ ਕੰਢੇ ਖਲੋ ਗਿਆ ਪਰ ਕਾਰ ਧੀਮੀ ਹੁੰਦੀ-ਹੁੰਦੀ ਮੇਰੇ ਲਾਗੇ ਆ ਕੇ ਰੁਕ ਗਈ। ਕਾਰ ਵਿਚੋਂ ਉਤਰੇ ਮੇਰੇ ਸੱਜਣ ਮਿੱਤਰ, ਸੇਵਾ ਮੁਕਤ ਅਧਿਆਪਕ ਦਸ-ਬਾਰਾਂ ਕੁ ਮਿੰਟ ਮੇਰੇ ਨਾਲ ਗੱਲਬਾਤ ਕਰਦਿਆਂ, ਕਦੇ ਉਹ ਮੈਨੂੰ ਜਥੇਦਾਰ ਸਾਹਿਬ, ਕਦੇ ਮੇਰੇ ਤਖੱਲਸ ਬਣ ਚੁੱਕੇ ਮੇਰੇ ਪਿੰਡ ਦੇ ਨਾਂ ਪਿਛੇ ਵੀ ਸਾਹਿਬ ਜੋੜ-ਜੋੜ ਆਖੀ ਗਿਆ। ਕਿਸੇ ਮੌਕੇ ਇਨ੍ਹਾਂ ਦੀ ਬਦਲੀ ਰੁਕਵਾਈ ਹੋਣ ਕਰ ਕੇ, ਮਾਨ ਸਤਿਕਾਰ ਵਜੋਂ ਉਹ ਮੈਨੂੰ ਕਵੱਲਾ ਹੀ 'ਸਾਬ੍ਹ ਸਾਬ੍ਹ' ਕਰੀ ਜਾਵੇ।

ਉਹਦੇ ਕੋਲੋਂ ਰੁਖਸਤ ਹੋ ਕੇ ਸਾਈਕਲ 'ਤੇ ਤੁਰੇ ਜਾਂਦਿਆਂ ਮੈਨੂੰ ਮੱਲੋ-ਮੱਲੀ ਹਾਸਾ ਆਈ ਜਾਵੇ, ਕਿ ਦਸ ਕੁ ਖੇਤ ਪਿਛੇ ਇਕ ਜਨਾਨੀ ਲਈ 'ਚਲੋਚਣ' ਐਥੇ ਆ ਕੇ 'ਸਾਬ੍ਹ' ਬਣ ਗਿਆ!

ਹੁਣ ਮੇਰੀ ਸਾਈਕਲ ਯਾਤਰਾ ਵਿਚ ਕਿਸੇ ਨੇ ਮੋਹਰਿਉਂ ਨਹੀਂ, ਸਗੋਂ ਪਿਛਿਓਂ ਆਉਣ ਵਾਲੇ ਮੇਰੇ ਜਮਾਤੀ ਨੇ 'ਵਿਘਨ' ਪਾਇਆ। ਸਕੂਲ ਵਿਚ ਮੇਰੇ ਨਾਲ ਪੜ੍ਹਦਾ ਰਿਹਾ ਇਹ 'ਮੁੰਡਾ' ਮੋਟਰਸਾਈਕਲ 'ਤੇ ਬੰਬੀ ਚਲਾਉਣ ਜਾ ਰਿਹਾ ਸੀ। ਮੇਰੇ ਬਰਾਬਰ ਲਿਆ ਕੇ ਮੋਟਰਸਾਈਕਲ ਰੋਕਦਿਆਂ, ਉਹ ਮੇਰੇ 'ਤੇ ਹੀ ਵਰ੍ਹ ਪਿਆ, "ਕਿਉਂ ਲੱਗਿਐਂ ਅਮਰੀਕਾ ਦਾ ਜਲੂਸ ਕੱਢਣ...! ਆਇਆ ਹੋਵੇਂ 'ਮਰੀਕਾ ਤੋਂ, ਤੇ ਘੁੰਮੇਂ ਸਾਈਕਲ 'ਤੇ?...ਕਿਉਂ ਹਾਸੋ-ਹੀਣੀ ਕਰਾਉਣ ਡਿਹਾ ਹੋਇਐਂ ਸਭ ਕੁਝ ਹੁੰਦਿਆਂ-ਸੁੰਦਿਆਂ...!" ਕੁਝ ਕਹਿਣ ਨੂੰ ਮੇਰੇ ਬੁੱਲ੍ਹ ਤਾਂ ਫਰਕਦੇ ਰਹੇ, ਪਰ ਉਸ ਭਲੇਮਾਨਸ ਨੇ ਵਿਚ-ਵਿਚਾਲੇ ਬੋਲਣ ਦਾ ਮੌਕਾ ਹੀ ਨਹੀਂ ਦਿੱਤਾ। ਪਹਿਲਾਂ ਤਾਂ ਮੈਂ ਸਮਝਿਆ ਕਿ ਉਹ ਮੈਨੂੰ ਹਾਸੇ-ਹਾਸੇ ਵਿਚ ਅਜਿਹਾ ਕਹਿ ਰਿਹਾ ਹੈ, ਪਰ ਜਦ ਉਹਨੇ ਮੇਰੇ ਵੱਲੋਂ ਸ਼ੂਗਰ ਹੋਈ ਹੋਣ ਦਾ ਹਵਾਲਾ ਦੇ ਕੇ 'ਐਕਸਰਸਾਈਜ਼' ਜ਼ਰੂਰੀ ਕਰਨ ਦੀ ਦਲੀਲ ਵੀ ਅਣਸੁਣੀ ਕਰ ਕੇ ਆਪਣਾ ਲੈਕਚਰ ਜਾਰੀ ਰੱਖਿਆ, ਤਦ ਮੈਨੂੰ ਪਤਾ ਲੱਗਿਆ ਕਿ ਉਹ ਮੂਰਖਮਤੀ ਦਿਖਾਉਂਦਾ ਹੋਇਆ ਸੱਚ ਮੁਚ ਹੀ ਮੈਨੂੰ ਗਿਆ ਗੁਜ਼ਰਿਆ ਜਾਂ ਕੰਜੂਸ ਮੰਨੀ ਬੈਠਾ ਸੀ। ਮੈਂ ਬਥੇਰੀ ਮਗਜ਼ ਪੱਚੀ ਕਰਦਿਆਂ ਉਹਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਮੇਰੇ ਅਮਰੀਕਾ ਤੋਂ ਆ ਕੇ ਸਾਈਕਲ ਚਲਾਉਣ ਨਾਲ, ਮੇਰੀ 'ਸ਼ਾਨ' ਘਟਦੀ ਨਹੀਂ, ਸਗੋਂ ਵਧਦੀ ਹੈ; ਪਰ ਉਹ ਮੇਰੇ ਉਤੇ ਅਮਰੀਕਾ ਦਾ 'ਜਲੂਸ ਕਢਾਉਣ' ਵਾਲੀ ਆਪਣੀ ਗੱਲ 'ਤੇ ਹੀ ਅੜਿਆ ਰਿਹਾ।

ਇਹਦੇ ਹੱਥੋਂ ਮੇਰੀ ਬੰਦ ਖਲਾਸੀ ਕਰਵਾਈ ਸਾਡੇ ਗੁਆਂਢੀ ਪਿੰਡ ਦੇ ਕਾਮਰੇਡ ਨੇ ਜੋ ਸੜਕ ਨਾਲ ਲਗਦੇ ਖੇਤ ਵਿਚੋਂ ਛਟਾਲਾ ਵੱਢ ਕੇ ਹਟਿਆ ਸੀ। ਆਪਣੇ ਸਾਈਕਲ ਦੇ ਕੈਰੀਅਰ 'ਤੇ ਪੱਠਿਆਂ ਦੀ ਪੰਡ ਲੱਦਦਿਆਂ ਉਹਨੇ ਮੈਨੂੰ ਸਤਿ ਸ੍ਰੀ ਅਕਾਲ ਬੁਲਾਈ। ਖੜ੍ਹਿਆਂ-ਖੜ੍ਹਿਆਂ ਕੁਝ ਗੱਲਾਂ ਪੰਜਾਬ ਦੀ ਸਿਆਸਤ ਬਾਰੇ ਹੋਈਆਂ। ਮੈਂ ਦੇਖ ਰਿਹਾ ਸਾਂ ਕਿ ਉਹ ਗੱਲਾਂ ਕਰਦਾ-ਕਰਦਾ ਮੇਰੇ ਸਾਈਕਲ ਵੱਲ ਤਿਰਛਾ ਜਿਹਾ ਝਾਕ ਲੈਂਦਾ ਸੀ। ਤੁਰਨ ਲੱਗਿਆਂ ਉਹਨੇ ਮੈਨੂੰ ਪੁੱਛਿਆ, "ਸਰਦਾਰ ਜੀ, ਆਹ ਗੱਡੀ ਨਵੀਂ ਕਢਾਈ ਐ?"

"ਨਹੀਂ ਯਾਰਾ, ਸਾਲ ਹੋ ਗਿਆ...ਨਿਆਣਿਆਂ ਨੇ ਸ਼ੌਕੀਆ ਈ ਲਿਆ ਹੋਇਆ...ਇਹਨੂੰ ਚਲਾਉਂਦਾ ਹੁਣ ਕੌਣ ਐ?...ਮੈਂ ਹੀ ਬਾਹਰ ਕੱਢਿਆ ਆ ਕੇ...!"

ਕਾਮਰੇਡ ਮੂੰਹੋਂ ਸਾਈਕਲ ਨੂੰ ਹੀ ਗੱਡੀ ਕਿਹਾ ਸੁਣ ਕੇ ਹੈਰਾਨ ਹੁੰਦਿਆਂ ਮੈਂ ਟੁੱਟਵਾਂ ਜਿਹਾ ਜਵਾਬ ਦਿੱਤਾ। ਘਰ-ਘਰ ਸਕੂਟਰ ਮੋਟਰਸਾਈਕਲ ਤੇ ਕਾਰਾਂ ਵਾਲੇ ਇਸ ਯੁੱਗ ਵਿਚ ਜਿਉਣ ਵਾਲੇ ਕਾਮਰੇਡ ਨੇ ਆਪਣਾ ਸਾਈਕਲ ਖਿੱਚ ਕੇ ਸੜਕ ਉਤੇ ਲਿਆਉਂਦਿਆਂ ਮੈਨੂੰ ਸੋਚੀਂ ਪਾਉਣ ਵਾਲੀ ਇਕ ਹੋਰ ਗੱਲ ਆਖ ਦਿੱਤੀ।

"ਆਹੋ ਜੀ, ਬਾਹਰ ਜਾਣ ਦਾ ਇਹ ਤਾਂ ਫਾਇਦਾ ਹੈਗਾ ਈ ਐ ਸਰਦਾਰ ਜੀ, ਬੰਦਾ ਰੀਝ ਪੂਰੀ ਕਰ ਸਕਦਾ ਹੈ ਆਪਣੀ।"

ਬਿਨਾਂ ਚੇਨਕਵਰ, ਬਿਨਾਂ ਮੱਡਗਾਰਡ ਤੋਂ ਜੰਗਾਲ ਖਾਧਾ ਉਹਦਾ ਕਬਾੜ ਬਣਿਆ ਸਾਈਕਲ ਦੇਖ ਕੇ ਮੈਨੂੰ ਪੱਕਾ ਯਕੀਨ ਹੋ ਗਿਆ ਕਿ ਬਾਹਰ ਦੀ ਕਮਾਈ ਨਾਲ ਰੀਝ ਪੂਰੀ ਕਰਨ ਤੋਂ ਉਸ ਦਾ ਭਾਵ ਨਵਾਂ ਸਾਈਕਲ ਖਰੀਦ ਸਕਣ ਦੀ ਸਮਰਥਾ ਤੋਂ ਹੀ ਹੈ। 'ਕੀੜੀ ਨੂੰ ਕੂੰਡਾ ਹੀ ਦਰਿਆ' ਵਾਲੀ ਕਹਾਵਤ ਦੀ ਸਾਕਾਰ ਮੂਰਤੀ ਕਾਮਰੇਡ ਦੇ ਉਥੋਂ ਤੁਰ ਪੈਣ ਬਾਅਦ ਮੈਂ ਵੀ ਰੁਟੀਨ ਮੁਤਾਬਕ ਦਰਿਆ ਤੱਕ ਪਹੁੰਚਣ ਲਈ ਸਾਈਕਲ ਰੇੜ੍ਹ ਲਿਆ।

ਪਹਾੜੀ ਇਲਾਕੇ ਵਿਚੋਂ ਸ਼ੂਕਦਾ ਵਗਣ ਵਾਲਾ ਦਰਿਆ, ਮੈਦਾਨੀ ਇਲਾਕੇ ਵਿਚ ਕਿਵੇਂ ਚੁੱਪ-ਚੁਪੀਤਾ ਸ਼ਾਂਤ-ਚਿੱਤ ਵਹਿੰਦਾ, ਮੈਂ ਸਾਹਮਣੇ ਦੇਖ ਰਿਹਾ ਸਾਂ। ਵਗਦੇ ਪਾਣੀ ਦੀਆਂ ਅਠਖੇਲੀਆਂ ਦਾ ਅਨੰਦ ਮਾਨਣ ਲਈ ਮੈਂ ਕੰਢੇ ਦੇ ਨੇੜੇ ਹੋ ਗਿਆ। ਪਾਣੀ ਦਾ ਵਹਾਅ ਕੁਝ ਤੇਜ਼ ਹੋਣ ਕਾਰਨ, ਇਸ ਪਾਸੇ ਢਾਹ ਲੱਗੀ ਹੋਈ ਸੀ। ਮੇਰੇ ਦੇਖਦੇ-ਦੇਖਦੇ ਗੋਡੇ-ਗੋਡੇ ਹੋਈ ਕਣਕ ਵਾਲਾ ਖੇਤ ਦਰਿਆ ਬੁਰਦ ਹੋ ਰਿਹਾ ਸੀ। ਬੰਨੇ 'ਤੇ ਖੜ੍ਹੇ ਸਫੈਦੇ ਅਤੇ ਪਾਪੂਲਰ ਦੇ ਦਰੱਖਤ ਵੀ ਦਰਿਆ ਵੱਲ ਲੁੜਕੇ ਹੋਏ ਸਨ। ਥੋੜ੍ਹਾ ਸਾਵਧਾਨ ਹੋ ਕੇ ਪਾਣੀ ਦੀਆਂ ਲਹਿਰਾਂ ਅਤੇ ਪਾਣੀ ਵਿਚ ਗਰਕਦੇ ਜਾਂਦੇ ਝਾੜ-ਝੁੰਡਿਆਂ ਦੀਆਂ ਕੁਝ ਫੋਟੋਆਂ ਖਿੱਚ ਕੇ ਮੈਂ ਆਪਣਾ ਮੋਬਾਈਲ ਜੈਕਟ ਦੀ ਜੇਬ ਵਿਚ ਪਾ ਲਿਆ।

ਪੂਰਨ ਸ਼ਾਂਤੀ ਦੇ ਇਸ ਅਨੂਠੇ ਮਾਹੌਲ ਵਿਚ ਵਗਦੇ ਪਾਣੀ ਦੀ ਕਲ-ਕਲ ਦੀ ਆਵਾਜ਼ ਸੁਣਨ, ਤੇ ਬਣਦੇ-ਮਿਟਦੇ ਛਿਣ ਭੰਗਰੇ ਬੁਲਬੁਲੇ ਦੇਖਣ ਲਈ, ਮੈਂ ਖਾਮੋਸ਼ ਹੋ ਕੇ ਲਾਗੇ ਪਏ ਪੱਥਰ 'ਤੇ ਬਹਿ ਗਿਆ। 'ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ॥' ਨੌਵੇਂ ਗੁਰੂ ਜੀ ਦਾ ਇਹ ਵੈਰਾਗਮਈ ਸਲੋਕ ਆਪ ਮੁਹਾਰੇ ਮੇਰੇ ਬੁੱਲ੍ਹਾਂ 'ਤੇ ਆ ਗਿਆ। ਜ਼ਿੰਦਗੀ ਵੀ ਪਾਣੀ ਦੇ ਬੁਲਬੁਲੇ ਜੈਸੀ ਹੀ ਹੈ...ਉਸੇ ਪਲ ਬੁਲਬੁਲੇ ਦਾ ਇਕ ਸ਼ਿਅਰ ਯਾਦ ਆ ਗਿਆ...ਅਖੇ, ਪਾਣੀ ਨੇ ਆਪਣੀ ਹਿੱਕ 'ਤੇ ਬਣਦੇ-ਮਿਟਦੇ ਬੁਲਬੁਲੇ ਨੂੰ ਤਾਅਨਾ ਮਾਰਿਆ ਕਿ ਤੈਨੂੰ ਪਲ ਭਰ ਲਈ ਉਪਰ ਨੂੰ ਉਠ ਕੇ ਕੀ ਮਿਲਦਾ ਹੈ? ਮੇਰੇ ਵਾਂਗ ਚੁੱਪ ਕਰ ਕੇ ਕਿਉਂ ਨਹੀਂ ਵਗਦਾ? ਬੁਲਬੁਲਾ ਅਣਖ ਨਾਲ ਬੋਲਿਆ, "ਮੈਂ ਜਿੰਨਾ ਚਿਰ ਵੀ ਜਿਉਂਦਾ ਹਾਂ, ਧੌਣ ਅਕੜਾ ਕੇ ਤੈਥੋਂ ਉਚਾ ਹੋ ਕੇ ਹੀ ਜਿਉਂਦਾ ਹਾਂ।"

ਕੁਦਰਤ ਦੇ ਸਜੇ ਹੋਏ ਇਸ ਅਨੰਦਮਈ ਚੌਗਿਰਦੇ ਦੀ ਗੋਦ ਵਿਚ ਚੁੱਪ ਸੰਗੀਤ ਨਾਲ ਰਮਜ਼ਾਂ ਭਰੀਆਂ ਗੱਲਾਂ ਕਰਦਿਆਂ ਮੈਨੂੰ ਘਰ ਦਾ ਚੇਤਾ ਉਦੋਂ ਆਇਆ ਜਦ ਮੇਰੀ ਭੁੱਖ ਚਮਕ ਪਈ। ਉਠ ਕੇ ਆੜ ਵਿਚ ਖੜ੍ਹਾ ਸਾਈਕਲ ਚੁੱਕਿਆ। ਕੁਝ ਕਰਮਾਂ ਤੁਰਨ ਬਾਅਦ ਆਪਣੇ ਬਾਪ ਦੀ ਨਸੀਹਤ ਚੇਤੇ ਆਈ। ਉਹ ਕਹਿੰਦਾ ਹੁੰਦਾ ਸੀ ਕਿ ਬਾਹਰ ਕਿਸੇ ਓਪਰੇ ਥਾਂ ਘੜੀ-ਪਲ ਬਹਿ ਕੇ ਜਦੋਂ ਵੀ ਉਠੋ ਤਾਂ ਉਸ ਥਾਂ ਤੋਂ ਪੰਜ ਕਰਮਾਂ ਦੂਰ ਜਾ ਕੇ ਪਿੱਛੇ ਮੁੜ ਕੇ ਗਹੁ ਨਾਲ ਦੇਖੋ, ਤੁਹਾਡੀ ਕੋਈ ਚੀਜ਼-ਵਸਤ ਉਥੇ ਤਾਂ ਨਹੀਂ ਰਹਿ ਗਈ। ਇਹ ਸਿਆਣੀ ਮੱਤ ਯਾਦ ਤਾਂ ਆ ਗਈ, ਪਰ ਮੇਰੀ ਹੂੜਮੱਤ ਨੇ ਮੈਨੂੰ ਪਿੱਛੇ ਮੁੜ ਕੇ ਦੇਖਣ ਨਾ ਦਿੱਤਾ।

'ਮੇਰਾ ਇਥੇ ਕੀ ਰਹਿ ਗਿਆ ਹੋਣੈ...ਮੈਂ ਕਿਹੜਾ ਇਥੇ ਕੋਈ ਟਰੰਕ ਜਾਂ ਝੋਲਾ ਖੋਲ੍ਹ ਕੇ ਬੈਠਾ ਸਾਂ...ਪੁਰਾਣੇ ਬਜ਼ੁਰਗ ਕਈ ਨਸੀਹਤਾਂ ਐਵੇਂ ਫਜ਼ੂਲ ਦੀ ਚਿੰਤਾ ਕਾਰਨ ਹੀ ਨਿਆਣਿਆਂ ਉਤੇ ਥੋਪਦੇ ਰਹਿੰਦੇ ਸਨ...ਹੁਣ ਜ਼ਮਾਨਾ ਬਦਲ ਗਿਆ।'

ਦਿਲ ਦਾ ਇਹ ਹੂੜਮੱਤੀਆ ਫੈਸਲਾ ਮੰਨਦਿਆਂ ਮੈਂ ਦਰਿਆ ਵੱਲ ਪਿੱਠ ਘੁਮਾਈ ਤੇ ਸਾਈਕਲ ਲੈ ਕੇ ਤੁਰ ਪਿਆ। ਅੱਠ-ਦਸ ਕੁ ਪੁਲਾਂਘਾਂ ਪੁੱਟੀਆਂ ਹੋਣਗੀਆਂ ਕਿ ਮੈਨੂੰ ਆਪਣੇ ਸੈਲ ਫੋਨ ਦੀ 'ਰਿੰਗ' ਵੱਜਦੀ ਸੁਣੀ। ਪਤਾ ਇਹ ਟਿੰਗ ਲਿੰਗ, ਟਿੰਗ ਲਿੰਗ, ਟਿਊਂ-ਟਿਊਂ ਦੀ 'ਵਾਜ਼ ਕਿਥੋਂ ਆ ਰਹੀ ਸੀ?...ਕਣਕ ਵਿਚੋਂ ਜਿਥੇ ਮੈਂ ਹੁਣੇ ਪਥੱਲਾ ਮਾਰ ਕੇ ਬੈਠਾ ਦਰਿਆਈ ਪਾਣੀ ਦੇਖਦਾ ਰਿਹਾ ਸਾਂ!

ਵਾਰਿਸ ਸ਼ਾਹ ਤੂੰ ਘੁੰਮ ਕੇ ਦੇਖ ਦੁਨੀਆਂ
ਮਜ਼ੇ ਵੱਖ ਨੇ ਪੋਰੀਆਂ ਪੋਰੀਆਂ ਦੇ।

# ਪੰਜਾਬ ਦੇ ਮੁਲਾਜ਼ਮਾਂ ਨੂੰ ਧੱਫੇ, ਵਜ਼ੀਰਾਂ ਤੇ ਵਿਧਾਇਕਾਂ ਨੂੰ ਮਿਲੇ ਗੱਫੇ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਆਪਣੇ ਬਜਟ ਵਿਚ ਭਾਵੇਂ ਆਰਥਿਕ ਤੰਗੀ ਦਾ ਵਾਸਤਾ ਪਾ ਕੇ ਸੂਬੇ ਦੇ ਮੁਲਾਜ਼ਮਾਂ ਨੂੰ ਅੰਗੂਠਾ ਵਿਖਾ ਦਿੱਤਾ ਹੈ ਪਰ ਵਿਧਾਇਕਾਂ ਤੇ ਵਜ਼ੀਰਾਂ ਦੀਆਂ ਤਨਖਾਹਾਂ ਤੇ ਭੱਤੇ ਖੁੱਲ੍ਹੇ ਦਿਲ ਨਾਲ ਵਧਾ ਦਿੱਤੇ ਹਨ।

## ਵਿਧਾਇਕਾਂ ਵਜ਼ੀਰਾਂ ਦੀਆਂ ਤਨਖਾਹਾਂ ਤੇ ਭੱਤੇ ਹੋਏ ਦੁੱਗਣੇ

ਮੰਤਰੀ ਮੰਡਲ ਵੱਲੋਂ ਮੁੱਖ ਮੰਤਰੀ ਦੀ ਮੁੱਢਲੀ ਤਨਖਾਹ 50,000 ਮਾਸਿਕ ਤੋਂ ਵਧਾ ਕੇ ਇਕ ਲੱਖ ਕਰ ਦਿੱਤੀ ਗਈ ਹੈ। 1997 ਵਿਚ ਮੁੱਖ ਮੰਤਰੀ ਵਜੋਂ ਪ੍ਰਕਾਸ਼ ਸਿੰਘ ਬਾਦਲ ਨੇ ਸਿਰਫ ਇਕ ਰੁਪਿਆ ਪ੍ਰਤੀ ਮਹੀਨਾ ਤਨਖਾਹ ਲੈਣ ਦਾ ਐਲਾਨ ਕੀਤਾ ਸੀ ਪਰ ਹੁਣ ਇਸ ਵਿਚ ਲੱਖ ਫੀਸਦੀ ਵਾਧਾ ਹੋ ਗਿਆ ਹੈ। ਇਸ ਫੈਸਲੇ ਨਾਲ ਵਿਧਾਨ ਸਭਾ ਦੇ ਸਪੀਕਰ ਤੇ ਡਿਪਟੀ ਸਪੀਕਰ ਦੀ ਤਨਖਾਹ ਮੌਜੂਦਾ 30,000 ਰੁਪਏ ਤੋਂ ਵਧ ਕੇ 50,000 ਰੁਪਏ ਹੋ ਜਾਵੇਗੀ।

ਉਪ ਮੁੱਖ ਮੰਤਰੀ ਤੇ ਵਿਰੋਧੀ ਧਿਰ ਦੇ ਨੇਤਾ ਸਣੇ ਮੰਤਰੀਆਂ ਦੀ ਤਨਖਾਹ 30,000 ਰੁਪਏ ਤੋਂ ਵਧ ਕੇ 50,000 ਰੁਪਏ ਹੋ ਜਾਵੇਗੀ। ਇਸ ਤੋਂ ਇਲਾਵਾ ਮੁੱਖ ਸੰਸਦੀ ਸਕੱਤਰਾਂ ਦੀ ਤਨਖਾਹ 20,000 ਰੁਪਏ ਤੋਂ ਵਧ ਕੇ 40,000 ਰੁਪਏ ਹੋਵੇਗੀ। ਵਿਧਾਇਕਾਂ/ਸਾਬਕਾ ਵਿਧਾਇਕਾਂ ਦੀ ਤਨਖਾਹ/ ਪੈਨਸ਼ਨ15,000 ਤੋਂ ਵਧ ਕੇ 25,000 ਰੁਪਏ ਹੋ ਜਾਵੇਗੀ।

ਮੁਢਲੀਆਂ ਤਨਖਾਹਾਂ ਵਧਾਉਣ ਦੇ ਨਾਲ-ਨਾਲ ਮੁਫਤ ਯਾਤਰਾ, ਮਹਿੰਗਾਈ, ਕੰਪਨਸੇਟਰੀ, ਹਲਕਾ, ਦਫਤਰੀ, ਟੈਲੀਫੋਨ ਤੇ ਸਕੱਤਰੇਤ ਆਦਿ ਭੱਤਿਆਂ ਵਿਚ ਵੀ ਭਾਰੀ ਵਾਧਾ ਕੀਤਾ ਗਿਆ ਹੈ। ਮੰਤਰੀ ਮੰਡਲ ਨੇ ਆਪਣੇ ਸਿਆਸੀ ਭਾਈਚਾਰੇ ਭਾਵ ਸਾਬਕਾ ਵਿਧਾਇਕਾਂ ਦੀਆਂ ਪੈਨਸ਼ਨਾਂ ਵੀ ਡੇਢ ਗੁਣਾ ਵਧਾ ਦਿੱਤੀਆਂ ਹਨ।

ਦੱਸਣਯੋਗ ਹੈ ਕਿ ਸੂਬੇ ਦੇ ਗ਼ਰੀਬੀ ਹੰਢਾ ਰਹੇ ਨਿਆਸਰੇ ਵਰਗਾਂ ਦੀਆਂ 250 ਰੁਪਏ ਮਹੀਨਾ ਦੀਆਂ ਨਿਗੂਣੀਆਂ ਪੈਨਸ਼ਨਾਂ ਵੀ ਸਰਕਾਰ ਸਮੇਂ ਸਿਰ ਨਹੀਂ ਦੇ ਰਹੀ। ਜਮਹੂਰੀਅਤ ਦੇ ਮੁੱਢਲੇ ਥੰਮ੍ਹ ਸਰਪੰਚਾਂ ਨੂੰ 1200 ਰੁਪਏ ਮਹੀਨਾ ਐਲਾਨਿਆ ਮਾਣ-ਭੱਤਾ ਵੀ ਹਾਲੇ ਤੱਕ ਨਹੀਂ ਮਿਲਿਆ। ਸੂਬੇ ਦੀ ਰੀੜ੍ਹ ਦੀ ਹੱਡੀ ਕਿਸਾਨੀ ਲਈ ਕੋਈ ਢੁਕਵੀਂ ਪੈਨਸ਼ਨ ਯੋਜਨਾ ਨਹੀਂ। ਹੋਰ ਤਾਂ ਹੋਰ ਕਰਜ਼ੇ ਦੇ ਬੋਝ ਕਾਰਨ ਖ਼ੁਦਕੁਸ਼ੀ ਕਰਨ ਵਾਲੇ ਕਿਸਾਨਾਂ ਦੇ ਪਰਿਵਾਰਾਂ ਲਈ ਵੀ ਮਾਮੂਲੀ ਰਾਹਤ ਰਾਸ਼ੀ ਤੋਂ ਇਲਾਵਾ ਉਨ੍ਹਾਂ ਦੀ ਰੋਟੀ-ਰੋਜ਼ੀ ਲਈ ਕੋਈ ਠੋਸ ਯੋਜਨਾ ਸਰਕਾਰ ਨੇ ਹਾਲੇ ਤੱਕ ਨਹੀਂ ਉਲੀਕੀ। ਪੜ੍ਹੇ-ਲਿਖੇ ਬੇਰੁਜ਼ਗਾਰ ਨੌਜਵਾਨਾਂ ਦੀ ਨਿਗੂਣੀ ਗਿਣਤੀ ਨੂੰ ਰਾਜ ਸਰਕਾਰ ਸਿਰਫ 200 ਰੁਪਏ ਪ੍ਰਤੀ ਮਹੀਨਾ ਬੇਰੁਜ਼ਗਾਰੀ ਭੱਤਾ ਦੇ ਰਹੀ ਹੈ।

ਮੰਤਰੀ ਮੰਡਲ ਨੇ ਆਪਣੀਆਂ ਤਨਖਾਹਾਂ ਤੇ ਭੱਤੇ ਤਾਂ ਵਧਾ ਲਏ ਹਨ ਪਰ ਆਪਣੇ ਮੁਲਾਜ਼ਮਾਂ ਦੀਆਂ ਤਨਖਾਹਾਂ ਤੇ ਭੱਤਿਆਂ ਵਿਚ ਵਾਧਾ ਕਰਨ ਤੋਂ ਵੀ ਇਨਕਾਰ ਕਰ ਦਿੱਤਾ ਹੈ। ਇੰਨਾ ਹੀ ਨਹੀਂ, ਸੂਬਾ ਸਰਕਾਰ ਕੇਂਦਰੀ ਪੈਟਰਨ 'ਤੇ ਆਪਣੇ ਮੁਲਾਜ਼ਮਾਂ ਨੂੰ ਦਿੱਤਾ ਜਾਣ ਵਾਲਾ ਮਹਿੰਗਾਈ ਭੱਤਾ ਵੀ ਸਮੇਂ ਸਿਰ ਦੇਣ ਵਿਚ ਅਸਫਲ ਰਹੀ ਹੈ। ਸਕੂਲਾਂ ਦੇ ਬੱਚਿਆਂ ਨੂੰ ਲੋੜੀਂਦੇ ਅਧਿਆਪਕ ਮੁਹੱਈਆ ਕਰਵਾਉਣ ਤੋਂ ਪਹਿਲਾਂ ਹੀ ਆਕੀ ਹੋਈ ਸਰਕਾਰ ਹੁਣ ਉਨ੍ਹਾਂ ਨੂੰ ਲੈਪਟੌਪ ਦੇਣ ਦੇ ਚੋਣ ਵਾਅਦੇ ਤੋਂ ਵੀ ਪਿੱਛੇ ਹਟ ਗਈ ਹੈ। ਬਿਹਤਰ ਸਿਹਤ ਸਹੂਲਤਾਂ ਦੇਣ ਦੇ ਦਾਅਵੇ ਕਰਨ ਵਾਲੀ ਅਕਾਲੀ-ਭਾਜਪਾ ਸਰਕਾਰ ਆਪਣੇ ਪਿਛਲੇ ਅੱਠ ਸਾਲਾਂ ਦੇ ਕਾਰਜਕਾਲ ਵਿਚ ਹਸਪਤਾਲਾਂ 'ਚ ਲੋੜੀਂਦੇ ਡਾਕਟਰ ਮੁਹੱਈਆ ਕਰਵਾਉਣ ਵਿਚ ਵੀ ਸਫਲ ਨਹੀਂ ਹੋ ਸਕੀ। ਡਾਕਟਰਾਂ ਨੂੰ ਸਿਰਫ 15000 ਰੁਪਏ ਮਹੀਨੇ ਤਨਖਾਹ 'ਤੇ ਭਰਤੀ ਕੀਤਾ ਜਾ ਰਿਹਾ ਹੈ।

## ਬਾਦਲ ਦੇਸ ਦੇ ਸਭ ਤੋਂ ਮਹਿੰਗੇ ਮੁੱਖ ਮੰਤਰੀ

**ਬਠਿੰਡਾ:** ਮੁੱਖ ਮੰਤਰੀ ਪੰਜਾਬ ਪ੍ਰਕਾਸ਼ ਸਿੰਘ ਬਾਦਲ ਤਨਖਾਹ ਲੈਣ ਦੇ ਮਾਮਲੇ ਵਿਚ ਹੁਣ ਦੇਸ਼ ਸਭ ਤੋਂ ਅਮੀਰ ਮੁੱਖ ਮੰਤਰੀ ਬਣ ਜਾਣਗੇ ਜਦਕਿ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਤਨਖਾਹ ਵਿਚ ਸਭ ਤੋਂ ਗਰੀਬ ਮੁੱਖ ਮੰਤਰੀ ਹੈ। ਪੰਜਾਬ ਕੈਬਨਿਟ ਨੇ ਮੁੱਖ ਮੰਤਰੀ ਦੀ ਨਿਰੋਲ ਤਨਖਾਹ ਪੰਜਾਹ ਹਜ਼ਾਰ ਤੋਂ ਵਧਾ ਕੇ ਇਕ ਲੱਖ ਕੀਤੇ ਜਾਣ 'ਤੇ ਮੋਹਰ ਲਾ ਦਿੱਤੀ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਅਗਲੀ ਤਨਖਾਹ ਹੁਣ ਇਕ ਲੱਖ ਰੁਪਏ ਮਿਲੇਗੀ ਜਦਕਿ ਭੱਤੇ ਇਸ ਤੋਂ ਵੱਖਰੇ ਹਨ ਤੇ ਉਹ ਪ੍ਰਤੀ ਦਿਨ 4800 ਰੁਪਏ ਤਨਖਾਹ 'ਤੇ ਕੰਮ ਕਰਨਗੇ। ਜਦੋਂ ਅਕਾਲੀ ਦਲ ਸਾਲ 1997 ਵਿਚ ਸਰਕਾਰ ਬਣੀ ਸੀ, ਤਾਂ ਉਦੋਂ ਸ. ਬਾਦਲ ਨੇ ਵੀ ਇਕ ਰੁਪਏ ਪ੍ਰਤੀ ਮਹੀਨਾ 'ਤੇ ਕੰਮ ਕੀਤਾ ਸੀ। ਅੱਜ ਪੰਜਾਬ ਦੇ ਮਾਲੀ ਹਾਲਤ ਕਾਫੀ ਖਰਾਬ ਹਨ ਪਰ ਮੁੱਖ ਮੰਤਰੀ ਦੀ ਤਨਖਾਹ ਦੇਸ਼ ਵਿਚੋਂ ਸਭ ਤੋਂ ਵੱਧ ਹੈ।

# ਮੋਦੀ ਵਲੋਂ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਸਜਦਾ

## *30 ਸਾਲਾਂ ਬਾਅਦ ਕਿਸੇ ਪ੍ਰਧਾਨ ਮੰਤਰੀ ਨੇ ਸ਼ਹੀਦਾਂ ਦੀ ਧਰਤੀ 'ਤੇ ਪਾਈ ਫੇਰੀ*

**ਹੁਸੈਨੀਵਾਲਾ (ਫਿਰੋਜ਼ਪੁਰ):** ਪ੍ਰਧਾਨ ਮੰਤਰੀ ਬਣਨ ਪਿੱਛੋਂ ਪਹਿਲੀ ਵਾਰ ਪੰਜਾਬ ਦੇ ਦੌਰੇ ਉਤੇ ਆਏ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਸ਼ਹੀਦ-ਏ-ਆਜ਼ਮ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ ਮੌਕੇ ਉਨ੍ਹਾਂ ਨੂੰ ਸਜਦਾ ਕਰਨ ਲਈ ਉਚੇਚੇ ਤੌਰ ਉਤੇ ਹੁਸੈਨੀਵਾਲਾ ਪੁੱਜੇ। ਪਿਛਲੇ 30 ਸਾਲਾਂ 'ਚ ਮੋਦੀ ਪਹਿਲੇ ਪ੍ਰਧਾਨ ਮੰਤਰੀ ਹਨ ਜੋ ਇਨ੍ਹਾਂ ਸ਼ਹੀਦਾਂ ਨੂੰ ਸਜਦਾ ਕਰਨ ਪੁੱਜੇ ਹਨ। ਇਸ ਤੋਂ ਪਹਿਲਾਂ 1985 ਵਿਚ ਤਤਕਾਲੀ ਪ੍ਰਧਾਨ ਮੰਤਰੀ ਰਜੀਵ ਗਾਂਧੀ ਹੁਸੈਨੀਵਾਲਾ ਸ਼ਹੀਦਾਂ ਨੂੰ ਸ਼ਰਧਾ ਭੇਟ ਕਰਨ ਆਏ ਸਨ।

ਇਸ ਮੌਕੇ ਸ੍ਰੀ ਮੋਦੀ ਨੇ ਕਿਹਾ ਕਿ ਆਜ਼ਾਦੀ ਦੀ ਲੜਾਈ ਵਿਚ ਪੰਜਾਬੀਆਂ ਨੇ ਸਭ ਤੋਂ ਵੱਧ ਕੁਰਬਾਨੀਆਂ ਦਿੱਤੀਆਂ। ਸ਼ਹੀਦ ਭਗਤ ਸਿੰਘ ਤੋਂ ਤਾਂ ਅੰਗਰੇਜ਼ ਇੰਨੇ ਡਰਦੇ ਸਨ ਕਿ ਉਨ੍ਹਾਂ ਨੇ ਸ਼ਹੀਦ ਭਗਤ ਸਿੰਘ ਨੂੰ ਇਕ ਦਿਨ ਪਹਿਲਾਂ ਹੀ ਫਾਂਸੀ ਦੇ ਦਿੱਤੀ। ਪ੍ਰਧਾਨ ਮੰਤਰੀ ਵੱਲੋਂ ਆਪਣਾ ਭਾਸ਼ਣ 'ਬੋਲੇ ਸੋ ਨਿਹਾਲ' ਦੇ ਜੈਕਾਰੇ ਨਾਲ ਸ਼ੁਰੂ ਕੀਤਾ ਗਿਆ ਤੇ ਉਨ੍ਹਾਂ 'ਸ਼ਹੀਦੋਂ ਅਮਰ ਰਹੋ' ਦੇ ਨਾਅਰੇ ਵੀ ਲਗਾਏ। ਇਸ ਤੋਂ ਪਹਿਲਾਂ ਮੰਚ 'ਤੇ ਆਉਂਦਿਆਂ ਹੀ ਪ੍ਰਧਾਨ ਮੰਤਰੀ ਨੂੰ ਇਨਕਲਾਬੀ ਬਸੰਤੀ ਰੰਗ ਦੀ ਦਸਤਾਰ ਕੈਬਨਿਟ ਮੰਤਰੀ ਜਨਮੇਜਾ ਸਿੰਘ ਸੇਖੋਂ ਵੱਲੋਂ ਸਜਾਈ ਗਈ ਤੇ ਬਾਅਦ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਹੋਰਨਾਂ ਮੰਤਰੀਆਂ ਨੇ ਪ੍ਰਧਾਨ ਮੰਤਰੀ ਨੂੰ ਸ਼ਮਸ਼ੀਰ ਤੇ ਦੁਸ਼ਾਲਾ ਭੇਟ ਕੀਤੇ। ਜ਼ਮੀਨ ਪ੍ਰਾਪਤੀ ਬਾਰੇ ਨਵੇਂ ਕਾਨੂੰਨ, ਜਿਸ ਨੂੰ ਵਿਰੋਧੀ ਧਿਰ ਦੇ ਸਖ਼ਤ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਨੂੰ ਸਹੀ ਦੱਸਦਿਆਂ ਸ੍ਰੀ ਮੋਦੀ ਨੇ ਕਿਹਾ ਕਿ ਇਸ ਕਾਨੂੰਨ ਵਿਚ ਕਿਸਾਨਾਂ ਦੇ ਬੱਚਿਆਂ ਦੀ ਭਲਾਈ ਦਾ ਮੁੱਦਾ ਵੀ ਸ਼ਾਮਲ ਕੀਤਾ ਗਿਆ ਹੈ। ਨਵੇਂ ਬਿੱਲ ਨੂੰ ਲੈ ਕੇ ਕਿਸਾਨ ਭਾਈਚਾਰੇ ਨੂੰ ਗੁੰਮਰਾਹ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਇਸ ਮੌਕੇ ਪ੍ਰਧਾਨ ਮੰਤਰੀ ਨੇ ਸੂਬਿਆਂ ਨੂੰ ਵੱਧ ਅਧਿਕਾਰ ਦੇਣ ਦੀ ਵਕਾਲਤ ਕਰਦਿਆਂ ਦੱਸਿਆ ਕਿ ਪੰਜਾਬ ਨੂੰ ਭਾਰਤ ਸਰਕਾਰ ਦੀ ਅਗਲੀ ਪੰਜ ਸਾਲਾਂ ਯੋਜਨਾ ਵਿਚ 54 ਹਜ਼ਾਰ ਕਰੋੜ ਰੁਪਏ ਮਿਲਣਗੇ ਜਦਕਿ ਪਿਛਲੀ ਪੰਜ ਸਾਲਾ ਯੋਜਨਾ ਦੌਰਾਨ ਸੂਬੇ ਨੂੰ ਸਿਰਫ 20 ਹਜ਼ਾਰ ਕਰੋੜ ਰੁਪਏ ਮਿਲੇ ਸਨ।

ਇਸੇ ਤਰ੍ਹਾਂ ਹੀ ਉਨ੍ਹਾਂ ਨੇ ਸ਼ਹਿਰੀ ਸਥਾਨਕ ਸੰਸਥਾਵਾਂ ਤੇ ਪੰਚਾਇਤੀ ਸੰਸਥਾਵਾਂ ਦੇ ਵਿਕਾਸ ਵਾਸਤੇ ਰਾਸ਼ੀ ਵੀ 4000 ਕਰੋੜ ਰੁਪਏ ਤੋਂ ਵਧਾ ਕੇ 6000 ਕਰੋੜ ਕਰਨ ਦਾ ਐਲਾਨ ਕੀਤਾ। ਇਸ ਮੌਕੇ ਉਨ੍ਹਾਂ ਜਿੱਥੇ ਅੰਮ੍ਰਿਤਸਰ ਸਥਿਤ ਪੋਸਟ ਗਰੈਜੂਏਟ ਹੌਰਟੀਕਲਚਰ ਇੰਸਟੀਚਿਊਟ ਆਫ਼ ਐਜੂਕੇਸ਼ਨ ਐਂਡ ਰਿਸਰਚ ਦਾ ਨਾਂ ਸ਼ਹੀਦ ਭਗਤ ਸਿੰਘ ਦੇ ਨਾਂਅ 'ਤੇ ਰੱਖਣ ਦਾ ਐਲਾਨ ਕੀਤਾ ਉਥੇ 60 ਸਾਲ ਦੀ ਉਮਰ ਦੇ ਕਿਸਾਨਾਂ ਲਈ ਵਿਸ਼ੇਸ਼ ਪੈਨਸ਼ਨ ਯੋਜਨਾ ਦਾ ਐਲਾਨ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਪ੍ਰਾਈਵੇਟ-ਪਬਲਿਕ ਪਾਰਟਨਸ਼ਿਪ (ਪੀ. ਪੀ. ਪੀ.) ਸਕੀਮ ਤਹਿਤ ਕਿਸਾਨਾਂ ਨੂੰ ਪੰਜ ਹਜ਼ਾਰ ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦੇਣ ਦੀ ਯੋਜਨਾ ਬਣਾਈ ਗਈ ਹੈ।


Speed 1 Transport & DJ Soni Presents
LAKHWINDER WADALI
RANJIT BAWA
KANTH KALER
Vaisakhi 2015
USA TOUR
GURVINDER BRAR
KIRANDEEP BHULLAR
On April 18, 2015 at 7pm
Venue: Mason Middle School
6370 Mason Montgomery Road,
Mason (Cincinnati) OH 45040
Sponsored By: Alpha Dawg Diesel Truck and Trailer Repair: Cambridge City, IN (765-478-5050) & Monroe, Ohio (513-539-2200)
Tickets available at all Indian grocery stores.
Price: $35, $50, $75 & VIP
No Alcohol, Free Parking (Tight Security)
Get your tickets now, limited seating.
For more info., contact: Bhinda Waraich 513-284-6978 or DJ Soni 513-600-4447

# ਕੈਗ ਰਿਪੋਰਟ: ਪੰਜਾਬ ਸਰਕਾਰ ਦੀਆਂ ਬੇਨੇਮੀਆਂ ਦੇ ਖੁਲਾਸੇ

**ਚੰਡੀਗੜ੍ਹ:** ਦੇਸ਼ ਦੇ ਲੇਖਾ ਨਿਰੀਖਕ ਤੇ ਮਹਾਂਲੇਖਾ ਪ੍ਰੀਖਕ (ਕੈਗ) ਵੱਲੋਂ ਪੰਜਾਬ ਸਰਕਾਰ ਬਾਰੇ ਪੇਸ਼ ਕੀਤੀ ਗਈ ਸਾਲਾਨਾ ਵਿੱਤੀ-ਲੇਖਾ ਰਿਪੋਰਟ ਵਿਚ ਵੱਡੇ ਪੱਧਰ 'ਤੇ ਬੇਨੇਮੀਆਂ ਦੇ ਖੁਲਾਸੇ ਹੋਏ ਹਨ। ਕੈਗ ਨੇ ਇਹ ਵੀ ਦੱਸਿਆ ਹੈ ਕਿ ਸੂਬਾ ਸਰਕਾਰ ਜ਼ਿਆਦਾਤਰ ਕੇਂਦਰੀ ਸਕੀਮਾਂ ਦਾ ਫਾਇਦਾ ਲੈਣ ਵਿਚ ਨਾਕਾਮ ਰਹੀ ਹੈ। ਪੰਜਾਬ ਦੇ ਖੇਤੀਬਾੜੀ ਵਿਭਾਗ ਨੇ ਕਰੋੜਾਂ ਰੁਪਏ ਦੇ ਫੰਡ ਖ਼ਰਚ ਕੀਤੇ ਬਿਨਾਂ ਹੀ ਕੇਂਦਰ ਸਰਕਾਰ ਨੂੰ ਵਰਤੋਂ ਸਰਟੀਫਿਕੇਟ ਭੇਜ ਦਿੱਤੇ। ਸਮਾਜ ਭਲਾਈ ਦੀਆਂ ਗਰੀਬਾਂ ਤੇ ਖਾਸ ਤੌਰ ਉਤੇ ਲੜਕੀਆਂ ਨਾਲ ਸਬੰਧਤ ਸਕੀਮਾਂ ਦਾ ਪੈਸਾ ਜਾਰੀ ਨਾ ਹੋਣ ਕਰਕੇ ਇਨ੍ਹਾਂ ਦਾ ਲਾਭ ਯੋਗ ਲਾਭਪਾਤਰੀਆਂ ਤੱਕ ਨਹੀਂ ਪੁੱਜ ਸਕਿਆ।

ਪੰਜਾਬ ਸਰਕਾਰ ਨੂੰ ਵਿੱਤੀ ਦੁਰਪ੍ਰਬੰਧਾਂ ਕਰਕੇ ਸਾਲ 2013 ਤੇ 2014 ਦੌਰਾਨ 2300 ਕਰੋੜ ਰੁਪਏ ਤੋਂ ਵਧੇਰੇ ਦਾ ਨੁਕਸਾਨ ਹੋਇਆ ਹੈ। ਇਸ ਵਿਚੋਂ 221.22 ਕਰੋੜ ਰੁਪਏ ਦਾ ਨਗਦ ਰਗੜਾ ਲੱਗਾ ਹੈ। ਪੰਜਾਬ ਕੋਲ ਨਗਦ ਪੈਸੇ ਦੀ ਘਾਟ ਹੈ ਜਿਸ ਕਰਕੇ ਖ਼ਜ਼ਾਨੇ ਨੇ ਲੰਘੇ ਸਾਲ ਵਿਚ 120 ਵਾਰ ਗੋਤਾ ਖਾਧਾ ਹੈ। ਸਾਲ 2012 ਤੇ 2013 ਵਿਚ ਇਹ ਗਿਣਤੀ 90 ਸੀ। ਕੈਗ ਦੀ ਰਿਪੋਰਟ ਵਿਚ ਇਕ ਹੋਰ ਅਹਿਮ ਗੱਲ ਦਾ ਪ੍ਰਗਟਾਵਾ ਕੀਤਾ ਗਿਆ ਹੈ ਕਿ ਸਰਕਾਰ ਨੂੰ ਪੁਰਾਣਾ ਕਰਜ਼ਾ ਚੁਕਾਉਣ ਲਈ ਹੋਰ ਕਰਜ਼ਾ ਲੈਣਾ ਪੈ ਰਿਹਾ ਹੈ ਤੇ ਲੰਘੇ ਵਿੱਤੀ ਸਾਲ ਦੌਰਾਨ ਲਏ ਕਰਜ਼ੇ ਦੀ 69.11 ਫ਼ੀਸਦੀ ਰਕਮ ਪਹਿਲਾ ਕਰਜ਼ਾ ਚੁਕਾਉਣ ਕਰਕੇ ਕਿਰ ਗਈ ਹੈ। ਕੇਂਦਰ ਤੋਂ ਪਹਿਲਾਂ ਮਿਲੀ ਗ੍ਰਾਂਟ ਦੀ ਵਰਤੋਂ ਦਾ ਸਰਟੀਫਿਕੇਟ ਜਮ੍ਹਾਂ ਨਾ ਕਰਾਉਣ ਕਰਕੇ ਅਗਲੀ ਗ੍ਰਾਂਟ ਮਿਲਣ ਤੋਂ ਰਹਿ ਗਈ ਹੈ। ਇਹ ਵੀ ਕਿਹਾ ਗਿਆ ਹੈ ਕਿ ਵਿਕਰੀ ਕਰ, ਵੈਟ, ਰਾਜ ਆਬਕਾਰੀ, ਮੋਟਰ ਵਾਹਨ ਆਦਿ ਕਰਾਂ ਦੀ ਉਗਰਾਹੀ ਦੇ 61,662 ਕੋਸ਼ਾਂ ਵਿਚ ਵਰਤੀ ਢਿੱਲਮਠ ਕਰਕੇ 47704 ਕਰੋੜ ਰੁਪਏ ਦਾ ਰਗੜਾ ਲੱਗਾ ਹੈ।

ਕੈਗ ਨੇ ਮਾਲ ਵਿਭਾਗ ਵਿਚ ਅਸ਼ਟਾਮ ਡਿਊਟੀ ਕਾਰਨ ਸਰਕਾਰ ਨੂੰ ਲੱਗੇ ਡੇਢ ਸੌ ਕਰੋੜ ਦੇ ਰਗੜੇ ਦਾ ਸਖ਼ਤ ਨੋਟਿਸ ਲਿਆ ਹੈ। ਇਸ ਵਿਚ ਸਭ ਤੋਂ ਵੱਡਾ ਘਾਟਾ ਸਾਲ 2012 ਤੇ 2013 ਦੌਰਾਨ ਬਣਾਏ ਦਸਤਾਵੇਜ਼ਾਂ ਉਤੇ 4,889,14 ਕਰੋੜ ਦੀ ਕੁੱਲ ਵਿਚਾਰਨਯੋਗ ਰਕਮ ਉੱਤੇ ਇਕ ਪ੍ਰਤੀਸ਼ਤ ਨਾਲ ਬਣਦਾ ਸੈੱਸ ਨਾ ਲਾਉਣ ਕਾਰਨ ਪਿਆ ਹੈ। ਉਸ ਤੋਂ ਬਾਅਦ ਸ਼ਹਿਰੀ ਹਵਾਬਾਜ਼ੀ ਵਿਭਾਗ ਵੱਲੋਂ 36.62 ਕਰੋੜ ਰੁਪਏ ਦੀ ਲਾਗਤ ਦਾ ਹੈਲੀਕਾਪਟਰ ਖਰੀਦਣ ਦੇ ਮਾਮਲੇ ਵਿਚ ਕਿਹਾ ਗਿਆ ਹੈ। ਇਸ ਲਈ ਕੋਈ ਟੈਂਡਰ ਨਹੀਂ ਦਿੱਤਾ ਗਿਆ ਤੇ ਨਾ ਹੀ ਕੁਟੇਸ਼ਨਾਂ ਮੰਗੀਆਂ ਗਈਆਂ ਸਨ। ਹੋਰ ਤਾਂ ਹੋਰ ਨਿਗਮ ਤੇ ਕੌਂਸਲਾਂ ਦੀ ਪੰਜ ਕਿਲੋਮੀਟਰ ਦੀ ਬਾਹਰੀ ਹੱਦ ਅੰਦਰ ਚੱਲ ਤੇ ਅਚੱਲ ਜਾਇਦਾਦਾਂ ਪੂੰਜੀਕ੍ਰਿਤ ਕਰਨ ਨਾਲ 1.20 ਕਰੋੜ ਦੀ ਅਸ਼ਟਾਮ ਡਿਊਟੀ ਵਿਚ ਭਾਰੀ ਊਣਤਾਈਆਂ ਪਾਈਆਂ ਗਈਆਂ ਹਨ।

ਇਸ ਦੌਰਾਨ ਪੰਜਾਬ ਪਾਵਰ ਕਾਰਪੋਰੇਸ਼ਨ ਵੱਲੋਂ ਸੂਬੇ ਦੇ ਸਰਕਾਰੀ ਹਸਪਤਾਲਾਂ ਨੂੰ 1.94 ਕਰੋੜ ਰੁਪਏ ਦੀ ਠਿੱਬੀ ਲਾਉਣ ਦਾ ਮਾਮਲਾ ਉਜਾਗਰ ਹੋਇਆ ਹੈ। ਪਾਵਰ ਕਾਰਪੋਰੇਸ਼ਨ ਵੱਲੋਂ ਪੰਜਾਬ ਸਿਹਤ ਮਹਿਕਮੇ ਨੂੰ ਗੁੰਮਰਾਹ ਕਰਦਿਆਂ ਸਰਕਾਰੀ ਹਸਪਤਾਲਾਂ ਤੋਂ ਗੈਰ-ਰਿਹਾਇਸ਼ੀ ਸਪਲਾਈ (ਐਨ.ਆਰ.ਐਸ.) ਦਰਾਂ ਦੇ ਹਿਸਾਬ ਨਾਲ 1.94 ਕਰੋੜ ਰੁਪਏ ਦੇ ਬਿੱਲ ਉਗਰਾਹ ਲਏ।

ਸਾਲਾਨਾ ਵਿੱਤੀ-ਲੇਖਾ ਰਿਪੋਰਟ ਵਿਚ ਪੰਜਾਬ ਪੁਲਿਸ ਬਾਰੇ ਹੈਰਾਨੀਜਨਕ ਖੁਲਾਸੇ ਕੀਤੇ ਗਏ ਹਨ। ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਪੰਜਾਬ ਪੁਲਿਸ ਨੇ 2.17 ਕਰੋੜ ਦੀਆਂ ਮਸ਼ੀਨਗੰਨਾਂ/ਬੰਦੂਕਾਂ ਆਦਿ ਉਨ੍ਹਾਂ ਸਟੇਨਗੰਨਾਂ ਨਾਲ ਸਬੰਧਤ ਗੋਲੀਆਂ ਤੋਂ ਬਿਨਾਂ ਹੀ ਖਰੀਦ ਲਈਆਂ। ਇਥੇ ਹੀ ਬੱਸ ਨਹੀਂ, ਪੁਲਿਸ ਮਹਿਕਮੇ ਵੱਲੋਂ ਹਥਿਆਰਾਂ ਦੀ ਖਰੀਦ ਦੌਰਾਨ ਸੈਂਟਰਲ ਸੇਲਜ਼ ਟੈਕਸ (ਸੀ.ਐਸ.ਟੀ.) ਦੀ ਅਦਾਇਗੀ ਕਰਦਿਆਂ 3.35 ਕਰੋੜ ਰੁਪਏ ਰਾਸ਼ੀ ਵਾਧੂ ਹੀ ਦੇ ਦਿੱਤੀ ਗਈ। ਜਾਂਚ ਦੌਰਾਨ ਡੀ.ਜੀ.ਪੀ. ਪੰਜਾਬ ਦਫ਼ਤਰ, ਪੀ.ਏ.ਪੀ. ਜਲੰਧਰ, ਵੱਖ-ਵੱਖ ਜ਼ਿਲ੍ਹਿਆਂ ਦੇ ਪੁਲਿਸ ਮੁਖੀਆਂ ਦੇ ਦਫ਼ਤਰ, ਪੁਲਿਸ ਅਕੈਡਮੀ/ਪੁਲਿਸ ਸਿਖਲਾਈ ਸਕੂਲਾਂ ਦੀ ਜਾਂਚ ਰਿਕਾਰਡ ਸਹਿਤ ਕੀਤੀ ਗਈ।

## ਕੈਗ ਦੀ ਰਿਪੋਰਟ ਨੇ ਪੰਜਾਬ ਸਰਕਾਰ ਦੀ ਪੋਲ ਖੋਲ੍ਹੀ: ਜਾਖੜ

ਵਿਧਾਨ ਸਭਾ ਵਿਚ ਕਾਂਗਰਸ ਵਿਧਾਇਕ ਦਲ ਦੇ ਨੇਤਾ ਸੁਨੀਲ ਜਾਖੜ ਨੇ ਕਿਹਾ ਕਿ ਕਾਂਗਰਸ ਪਾਰਟੀ ਵੱਲੋਂ ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ 'ਤੇ ਕੇਂਦਰੀ ਫ਼ੰਡਾਂ ਦੀ ਦੁਰਉਪਯੋਗ ਤੇ ਕੇਂਦਰੀ ਫ਼ੰਡਾਂ ਨੂੰ ਹੋਰ ਕੰਮਾਂ ਵਿਚ ਖ਼ਰਚ ਕਰਨ ਦੇ ਦੋਸ਼ਾਂ ਨੂੰ ਕੈਗ ਵੱਲੋਂ ਸਾਲ 2013-14 ਦੀ ਵਿਧਾਨ ਸਭਾ ਵਿਚ ਪੇਸ਼ ਹੋਈ ਰਿਪੋਰਟ ਨੇ ਠੀਕ ਸਾਬਤ ਕਰ ਦਿੱਤਾ ਹੈ। ਸ੍ਰੀ ਜਾਖੜ ਨੇ ਕਿਹਾ ਕਿ ਰਿਪੋਰਟ ਦੇ ਅਨੁਸਾਰ ਸਾਲ 2010-14 ਦੇ ਦੌਰਾਨ ਕਿਸ਼ੋਰ ਬੱਚੀਆਂ ਦੇ ਸ਼ਸਕਤੀਕਰਨ ਲਈ ਕੇਂਦਰ ਵੱਲੋਂ ਆਏ 12.11 ਕਰੋੜ ਰੁਪਏ ਖ਼ਰਚ ਹੀ ਨਹੀਂ ਕੀਤੇ ਗਏ। ਕਿਸਾਨਾਂ ਲਈ ਆਰ.ਕੇ.ਵੀ.ਵਾਈ ਦੇ ਤਹਿਤ ਆਏ ਫ਼ੰਡਾਂ ਨੂੰ ਸਮੇਂ ਤੇ ਖ਼ਰਚ ਨਹੀਂ ਕੀਤਾ ਗਿਆ।

## ਬੇਨੇਮੀਆਂ ਦਾ ਚਿੱਠਾ

J ਅਸ਼ਟਾਮ ਡਿਊਟੀ ਕਾਰਨ ਸਰਕਾਰ ਨੂੰ ਲੱਗੇ ਡੇਢ ਸੌ ਕਰੋੜ ਦੇ ਰਗੜੇ
J ਹੈਲੀਕਾਪਟਰ ਖਰੀਦਣ ਦੇ ਮਾਮਲੇ ਵਿਚ ਵੱਡੀਆਂ ਬੇਨੇਮੀਆਂ
J ਪਾਵਰ ਕਾਰਪੋਰੇਸ਼ਨ ਨੇ ਸਿਹਤ ਮਹਿਕਮੇ ਨੂੰ ਗੁੰਮਰਾਹ ਕਰਕੇ 1.94 ਕਰੋੜ ਦੇ ਬਿੱਲ ਉਗਰਾਹੇ
J ਪੰਜਾਬ ਪੁਲਿਸ ਨੇ 2.17 ਕਰੋੜ ਦੀਆਂ ਮਸ਼ੀਨਗੰਨਾਂ ਤੇ ਬੰਦੂਕਾਂ, ਗੋਲੀਆਂ ਤੋਂ ਬਿਨਾਂ ਹੀ ਖਰੀਦ ਲਈਆਂ
J ਨਸ਼ਿਆਂ ਵਿਰੁੱਧ ਜਾਗਰੂਕਤਾ ਲਈ ਫੰਡ ਸਿਰਫ 24 ਫ਼ੀਸਦੀ ਹੀ ਖ਼ਰਚੇ
J ਪੰਜਾਬ ਸਰਕਾਰ ਵੱਲੋਂ ਸ਼ਗਨ ਸਕੀਮ ਜਾਰੀ ਕਰਨ ਵਿਚ ਕੀਤੀ ਜਾ ਰਹੀ ਹੈ ਦੇਰੀ
J ਸਮਾਜਿਕ ਸਰੁੱਖਿਆ ਵਿਭਾਗ ਨੂੰ ਮਿਲੇ 37.05 ਕਰੋੜ ਜਾਰੀ ਨਾ ਹੋਏ
J ਅੰਗਹੀਣ ਬੱਚਿਆਂ ਦੇ ਵਜ਼ੀਫ਼ਿਆਂ ਲਈ ਜਾਰੀ 17.38 ਕਰੋੜ ਰੁਪਏ ਅਣਵਰਤੇ
J ਬਾਰਾਂ ਤੇ ਸਿਨੇਮਾ ਘਰਾਂ ਦੇ ਮਾਲਕਾਂ ਨੇ ਨਹੀਂ ਜਮ੍ਹਾਂ ਕਰਵਾਇਆ 1.75 ਕਰੋੜ ਰੁਪਏ ਦਾ ਟੈਕਸ



Freeway Travel Inc




ਸਸਤੀਆਂ ਟਿਕਟਾਂ, ਖਰਾ ਸੌਦਾ, ਬਿਹਤਰ ਸਰਵਿਸ
Call Raju
Tel: 773-973-0200
Fax: 773-973-0557
2542 W Devon Ave. Chicago IL 60659

ਪੰਜਾਬੀ ਰੇਡੀਓ ਯੂ.ਐਸ.ਏ.
Punjabi RADIO USA
Uniting Punjabi's All Over
24 ਘੰਟੇ ਸੱਤੇ ਦਿਨ ਸੁਣੋ
Listen on :
Radio Sets (CA, WA, NV)
Dial in
832-551-5029 or 605-475-6868
Android & iPhone App
www.PunjabiRadioUSA.com
Ph: 408-272-5200

INDIAN BAZAAR ਇੰਡੀਅਨ ਬਜ਼ਾਰ
334 S. Emerson Ave., GREENWOOD, IN 46143
ਹਰ ਤਰ੍ਹਾਂ ਦੀ ਭਾਰਤੀ ਗਰੌਸਰੀ ਅਤੇ ਮਿਠਾਈਆਂ ਲਈ ਮਸ਼ਹੂਰ
■ਖਾਣਾ ਸ਼ੁੱਧ ਵੈਸ਼ਨੋ, ਤਾਜ਼ਾ ਸਮੋਸੇ, ਚਾਟ, ਥਾਲੀ
■ਕੈਟਰਿੰਗ ਵੀ ਕਰਦੇ ਹਾਂ
■ਵੱਡੇ ਆਰਡਰ ਲਈ ਸਪੈਸ਼ਲ ਰੇਟ
■ਤਾਜ਼ਾ ਸਬਜ਼ੀਆਂ ਹਰ ਵੀਰਵਾਰ
ਧਾਰਮਿਕ ਪ੍ਰੋਗਰਾਮਾਂ ਲਈ 10% ਛੋਟ




ਇਕ ਵਾਰ ਜ਼ਰੂਰ ਦਰਸ਼ਨ ਦਿਓ, ਦੂਜੀ ਵਾਰ ਤੁਸੀਂ ਖੁਦ ਹੀ ਆਓਗੇ ਕਿਉਂਕਿ ਹਰ ਚੀਜ਼ ਤੁਹਾਨੂੰ ਵਧੀਆ ਕੁਆਲਿਟੀ 'ਚ ਅਤੇ ਵਾਜਬ ਰੇਟ 'ਤੇ ਮਿਲੇਗੀ।
ਤੁਹਾਡਾ ਆਪਣਾ ਸਾਫ ਸੁਥਰਾ ਗਰੌਸਰੀ ਸਟੋਰ
ਸੱਤੇ ਦਿਨ ਖੁੱਲ੍ਹਾ-ਸਵੇਰੇ 9 ਵਜੇ ਤੋਂ ਰਾਤ 9 ਵਜੇ ਤੱਕ
Ph: 317-534-5151, 317-997-9140



ਆਪਣੇ ਰੂਪ ਨੂੰ ਚਾਰ ਚੰਨ ਲਾਓ
DESIGNER LEHANGAS, SUITS, SAREES, KIDS WEAR
ਡਿਜ਼ਾਈਨਰ ਲਹਿੰਗੇ, ਸੂਟ ਤੇ ਸਾੜੀਆਂ
ਬੱਚਿਆਂ ਦੀਆਂ ਪੁਸ਼ਾਕਾਂ
Gidha Bhangra Dresess On Rent
Preet BOUTIQUE
ਵਿਆਹ-ਸ਼ਾਦੀ ਦੇ ਸ਼ਗਨਾਂ ਲਈ ਕਲੀਰੇ, ਗਾਨੇ, ਸੁਰਮੇਦਾਨੀ, ਕਿਰਪਾਨ, ਕਲਗੀ, ਸਿਹਰਾ, ਚੂੜਾ, ਜਾਗੋ ਮਟਕੀ, ਪਰਾਂਦੀ ਤੇ ਹੋਰ ਸਭ ਕੁਝ ਮਿਲਦਾ ਹੈ
Call: 317-603-4018, 317-332-1387
E-mail:spkaurus@yahoo.co.in
Facebook preetboutique

ਭਾਰ ਘਟਾਓ, ਰੋਗਾਂ ਤੋਂ ਬਚੋ
ਕੀ ਤੁਸੀਂ ਭਾਰ ਵਧਣ, ਸ਼ੂਗਰ, ਕੋਲੈਸਟਰੋਲ, ਬਲੱਡ ਪ੍ਰੈਸ਼ਰ, ਕਬਜ਼, ਕਮਰ ਦਰਦ, ਜੋੜਾਂ ਦੇ ਦਰਦ, ਹਰਦਮ ਥਕੇ ਰਹਿਣ, ਥੋੜਾ ਜਿਹਾ ਤੁਰਨ ਨਾਲ ਸਾਹ ਚੜ੍ਹਨ ਆਦਿ ਅਲਾਮਤਾਂ ਤੋਂ ਰਾਹਤ ਪਾਉਣਾ ਚਾਹੁੰਦੇ ਹੋ?
> ਸਾਡੀ ਕੰਪਨੀ ਦੀਆਂ ਦੇਸੀ ਦਵਾਈਆਂ ਵਰਤ ਕੇ ਤੁਸੀਂ ਆਪਣਾ ਵਜ਼ਨ ਘਟਾ ਸਕਦੇ ਹੋ। ਇਨ੍ਹਾਂ ਦਵਾਈਆਂ ਦੇ ਕੋਈ ਸਾਈਡ ਇਫੈਕਟ ਵੀ ਨਹੀਂ ਹਨ।
> ਸਾਡੀ ਕੰਪਨੀ ਪਿਛਲੇ 32 ਸਾਲ ਤੋਂ 72 ਦੇਸ਼ਾਂ ਵਿਚ ਹਰਬਲ ਦਵਾਈਆਂ ਨਾਲ ਲੋਕਾਂ ਦੀ ਸੇਵਾ ਕਰ ਰਹੀ ਹੈ।
Safe & Easy Weight Loss
Ph:317-886-4858
www.punjabiweightloss.blogspot.com
www.goherbalife.com/skaur



ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25 2,800 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਦੁਨੀਆਂ ਦੇ ਕਿਸੇ ਫੋਨ ਵਿੱਚ ਅਸੀਂ ਪੈਸੇ ਪਾ ਸਕਦੇ ਹਾਂ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ।
✓ ਵਧੀਆ, ਸਾਫ਼ ਆਵਾਜ਼ ✓ ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
✓ ਬਗੈਰ ਪਿੰਨ ਤੋਂ ਵਰਤੋ
✓ ਸਪੀਡ ਵਾਲੇ ਨੰਬਰ ਸੈਟ ਕਰੋ
Limited Time Offer. Restrictions & Additional Fees Apply.
800.914.1013 • 408.659.9400

# ਅਕਾਲ ਤਖਤ ਦੇ ਜਥੇਦਾਰ ਦੀ ਸੁਰੱਖਿਆ 'ਚ ਛਾਂਟੀ ਤੋਂ ਛਿੜਿਆ ਵਿਵਾਦ



**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅਕਾਲ ਤਖ਼ਤ ਦੇ ਜਥੇਦਾਰ ਗੁਰਬਚਨ ਸਿੰਘ ਨੂੰ ਸੁਰੱਖਿਆ ਕਾਫਲੇ ਲਈ ਦਿੱਤੀਆਂ 3 ਗੱਡੀਆਂ ਵਿਚੋਂ ਇਕ ਵਾਪਸ ਲੈ ਲਈ ਹੈ, ਜਿਨ੍ਹਾਂ ਵਿਚ ਜਥੇਦਾਰ ਦੇ ਸੁਰੱਖਿਆ ਮੁਲਾਜ਼ਮ ਨਾਲ ਜਾਂਦੇ ਸਨ। ਸ਼੍ਰੋਮਣੀ ਕਮੇਟੀ ਨੇ ਜਥੇਦਾਰ ਨੂੰ ਤਿੰਨ ਵਾਹਨ ਤੇ ਛੇ ਸੁਰੱਖਿਆ ਮੁਲਾਜ਼ਮ ਦਿੱਤੇ ਹੋਏ ਹਨ। ਦੂਜੇ ਪਾਸੇ ਸ਼੍ਰੋਮਣੀ ਕਮੇਟੀ ਨੇ ਕਿਹਾ ਹੈ ਕਿ ਜਥੇਦਾਰ ਨੂੰ ਦਿੱਤੀਆਂ ਗਈਆਂ ਤਿੰਨੇ ਗੱਡੀਆਂ ਬਾਕਾਇਦਾ ਉਨ੍ਹਾਂ ਕੋਲ ਹੀ ਹਨ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਨੇ ਇਸ ਬਾਰੇ ਉਕਸਾਹਟ ਲਈ ਕਮੇਟੀ ਦੇ ਮੁਲਾਜ਼ਮ ਜਥੇਦਾਰ ਦੇ ਪੁੱਤਰ ਨੂੰ ਜ਼ਿੰਮੇਵਾਰ ਦੱਸਿਆ ਅਤੇ ਉਸ ਖਿਲਾਫ਼ ਬਣਦੀ ਕਾਰਵਾਈ ਦੇ ਸੰਕੇਤ ਦਿੰਦਿਆਂ ਕਿਹਾ ਕਿ ਜਥੇਦਾਰ ਕੋਲ ਦੋ ਇਨੋਵਾ ਤੇ ਇਕ ਸਕਾਰਪੀਓ ਗੱਡੀ ਪਹਿਲਾਂ ਵਾਂਗ ਹੀ ਸੇਵਾ ਲਈ ਹਾਜ਼ਰ ਹੈ ਤੇ ਇਕ ਹੋਰ ਮਹਿੰਦਰਾ ਪਿਕਅੱਪ ਗੱਡੀ ਦੀ ਮੰਗ ਲਈ ਸ਼੍ਰੋਮਣੀ ਕਮੇਟੀ ਵੱਲੋਂ ਹਾਮੀ ਨਾ ਭਰਨ 'ਤੇ ਅਜਿਹੀ ਸਥਿਤੀ ਸਾਹਮਣੇ ਆਈ ਹੈ।

ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਵਿਚ ਹੋਏ ਫ਼ੈਸਲੇ ਤਹਿਤ ਪੰਜਾਬ ਵਿਚ ਸਮੂਹ ਜਥੇਦਾਰ ਸਾਹਿਬਾਨ ਨੂੰ ਬਰਾਬਰ ਸੁਰੱਖਿਆ ਤੇ ਗੱਡੀਆਂ ਦਿੱਤੀਆਂ ਜਾਣਗੀਆਂ ਤੇ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਵਿਚ ਸਿਰਫ ਸਕੱਤਰ ਹੀ ਪੱਕੀ ਗੱਡੀ ਦਾ ਇਸਤੇਮਾਲ ਕਰ ਸਕਣਗੇ। ਮਿਲੀ ਜਾਣਕਾਰੀ ਅਨੁਸਾਰ ਹੇਠਲੇ ਅਹੁਦੇਦਾਰਾਂ ਤੋਂ ਗੱਡੀਆਂ ਵਾਪਸ ਲੈ ਲਈਆਂ ਗਈਆਂ ਹਨ ਤੇ ਲੋੜ ਪੈਣ ਉਤੇ ਹੀ ਉਨ੍ਹਾਂ ਨੂੰ ਗੱਡੀ ਦੀ ਸਹੂਲਤ ਮਿਲ ਸਕੇਗੀ।

Personalized Service-Committed To Quality
Purchase and Refinance Your Home Loans.
Pre approval in one day, no cost, no obligation.
Conventional, ARM, Jumbo, FHA, VA, USDA & HARP Loan Programs
ਆਪਣਾ ਘਰ ਖਰੀਦਣ ਜਾਂ ਘਰ ਉਪਰ ਲੋਨ ਰੀਫਾਇਨਾਂਸ ਕਰਾਉਣ ਲਈ ਸੰਪਰਕ ਕਰੋ


AMRIK P. SINGH
Mortgage Loan Originator
NMLS # 232904
C&R MORTGAGE CORP.
NMLS # 227317
7788 N. Milwaukee Ave.
Niles, IL 60714
Ph: 847-966-6700
Fax: 847-966-6723
Illinois Residential Mortgage Licensee.
Cell 312-608-0006
Email: asingh@candrmortgage.com
Website: www.candrmortgage.com

H K TRANSPORT INC
Division of HK Incorporated
1401 West Ray St, Indianapolis, IN 46221
Ph: 317-408-3211, web: www.hktransportinc.com

ਓਨਰ ਅਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ ਹੈ
ਸਾਰੀਆਂ 48 ਸਟੇਟਾਂ ਲਈ, ਡਰਾਈ ਫਰੇਟ, 100% ਨੋ ਟੱਚ, ਬਰੈਂਡ ਨਿਊ ਟਰੱਕ/ਟਰੇਲਰ, ਡਾਇਰੈਕਟ ਡਿਪੋਜ਼ਿਟ, ਮੈਡੀਕਲ ਸਹੂਲਤਾਂ ਅਤੇ 5000 ਡਾਲਰ ਸਾਈਨ-ਇਨ ਬੋਨਸ
ਓਨਰ ਅਪਰੇਟਰਾਂ ਲਈ
*92% ਫਲੈਟ ਡਿਸਪੈਚ
*30 ਸੈਂਟ/ਗੈਲਨ ਤੱਕ ਫਿਊਲ ਡਿਸਕਾਊਂਟ
*ਬਰੈਂਡ ਨਿਊ ਟਰੇਲਰ
*ਨੈਸ਼ਨਲ ਟਾਇਰ ਰਿਬੇਟ ਪ੍ਰੋਗਰਾਮ
ਡਰਾਈਵਰਾਂ ਲਈ
*48 ਸੈਂਟ ਤੱਕ ਪ੍ਰਤੀ ਮੀਲ
*95% ਲੋਡ ਯਾਰਡ 'ਚ ਹੁੱਕ ਐਂਡ ਡਰਾਪ
*ਵਧੀਆ ਅਤੇ ਸਾਫ ਸੁਥਰੇ ਟਰੱਕ
ਡਰਾਈਵਰਾਂ ਅਤੇ ਓਨਰ ਅਪਰੇਟਰਾਂ ਲਈ ਡਾਇਰੈਕਟ ਡਿਪਾਜ਼ਿਟ ਅਤੇ ਵੀਕਲੀ ਪੇਅ
ਲੋੜੀਂਦੀ ਯੋਗਤਾ:
■ਕਲਾਸ ਏ ਸੀ ਡੀ ਐਲ ਅਤੇ ਸਾਫ-ਸੁਥਰਾ ਰਿਕਾਰਡ ਹੋਵੇ ■ਉਮਰ ਘੱਟੋ ਘੱਟ 23 ਸਾਲ
■ਘੱਟੋ ਘੱਟ 2 ਸਾਲ ਦਾ ਓ ਟੀ ਆਰ ਅਤੇ ਕੁਲ 5 ਸਾਲ ਦਾ ਤਸਦੀਕਯੋਗ ਤਜ਼ਰਬਾ ਹੋਵੇ।
ਤੁਸੀਂ ਸਾਡੇ 'ਲੀਜ਼ ਟੂ ਬਾਈ' ਪ੍ਰੋਗਰਾਮ ਦਾ ਲਾਭ ਵੀ ਉਠਾ ਸਕਦੇ ਹੋ
ਡਾਇਰੈਕਟ ਡਿਪਾਜ਼ਿਟ ਅਤੇ ਪੰਪ 'ਤੇ ਫਿਊਲ ਰਿਬੇਟ
ਸੰਪਰਕ ਕਰੋ: ਫੋਨ 317-408-3211
ਜਾਂ ਵੈਬ ਸਾਈਟ www.hktransportinc.com 'ਤੇ ਅਰਜੀ ਭਰੋ

The Anu Attorney Immigration Law Firm
Law offices of Anu Peshawaria
*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC

Anu Peshawaria
Attorney at Law
Licensed to practice Immigration & Bankruptcy in all 50 states.
More than 20 year experience in US immigration & Indian law
US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist
ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ
ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ
FAMILY LAW
*Divorce *Annulment
*International Custody
INCORPORATIONS
*International Contracts, Mergers
*Attorney Supreme Court of India
*Bankruptcy Consultation & Filing
Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com
46560 Fremont Blvd., STE#205, Fremont, CA 94538
801, Pine Street, # 24 C, Seattle, Washington 98101
Offices: Seattle, WA *Fremont, CA *UK *Canada *India
Weekends & Evening Appointments Available

US Business Brokers Inc.
American Financing Group LLC
101 W 22nd St, Suite 111, Lombard, IL 60148
23280 Pacific Highway South, Suite 307, Kent, WA 98032
Financing - Loans
■We do all kinds of SBA & Conventional loans.
■We are specialized in Gas Stations, Liquor Stores, Hotels, Convenience Stores, Motels, Apartment Buildings, Strip Plazas, Commercial Buildings, Food Franchise.
■We can get your Loan approved within few days.
ਬਿਜਨਸ ਵੇਚਣ ਤੇ ਖਰੀਦਣ ਲਈ ਸੰਪਰਕ ਕਰੋ





Contact us for any Financing Need Nationwide.
• FAST APPROVAL
• QUICK CLOSINGS
• SBA 504 & 7A
• CONVENTIONAL LOANS
• HOTELS, MOTELS
• GAS STATIONS, TRUCK STOPS
• SUBWAY, DUNKIN DONUTS
• LIQUOR STORES, C-STORES
Contact us Buy or Sell business
AJ Sandhu (MBA)
Managing Broker/Realtor/Consultant
Licensed in IL, IN, WA
916-995-0783 (Cell)
206-941-0792 (DIR)
630-206-2467 (Fax)
www.ubbchicago.com
aj@ubbchicago.com

## ਨਿਰਵਿਘਨ ਪ੍ਰਕਾਸ਼ਨ ਦੇ 16ਵੇਂ ਸਾਲ 'ਚ

## ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ

# ਪੰਜਾਬ ਟਾਈਮਜ਼

## 15ਵੀਂ ਵਰ੍ਹੇਗੰਢ ਮੌਕੇ ਗੀਤ-ਸੰਗੀਤ ਭਰੀ ਇਕ ਸ਼ਾਮ

# 'ਪੰਜਾਬ ਟਾਈਮਜ਼ ਨਾਈਟ'

## ਸਨਿਚਰਵਾਰ, 28 ਮਾਰਚ 2015 ਸਮਾਂ: ਸ਼ਾਮੀ 6:30 ਵਜੇ

**The Cotillion**

360 South Creek Side, Palatine, IL 60074
(Route 14 & 1/2 Block West of 53)

**Minimum Contribution $50**
**Limited Seats, Reserve Your Seat.**

ਵੀਡੀਓ ਅਤੇ ਫੋਟੋਗ੍ਰਾਫੀ:ਸਿਆਨ ਵੀਡੀਓ (ਫੋਨ: 734-261-0936)


ਲਖਵਿੰਦਰ ਮਾਵੀ


ਸੁਖਪਾਲ ਗਿੱਲ


ਗਾਇਕ ਜੀਤਾ ਗਿੱਲ

## ਮੁੱਖ ਮਹਿਮਾਨ


ਡਾ. ਭੁਪਿੰਦਰ ਸਿੰਘ ਸੈਣੀ
(ਮਿਲਵਾਕੀ, ਵਿਸਕਾਨਸਿਨ)

## ਗਰੈਂਡ ਸਪਾਂਸਰ


ਰਘਬੀਰ ਸਿੰਘ ਘੁੰਨ | ਅਮਰਜੀਤ ਸਿੰਘ ਢੀਂਡਸਾ | ਹਰਜਿੰਦਰ ਸਿੰਘ ਸੰਧੂ | ਗੁਲਜ਼ਾਰ ਸਿੰਘ ਮੁਲਤਾਨੀ | ਹਰਿੰਦਰ ਵਾਲੀਆ | ਮੇਜਰ ਗੁਰਚਰਨ ਸਿੰਘ ਝੱਜ | ਨਿੱਕ ਗਾਖਲ

**ਸਪਾਂਸਰ: ਸ਼ਿਕਾਗੋ:** ਸਵਰਨ ਸਿੰਘ ਸੇਖੋਂ, ਅੰਮ੍ਰਿਤਪਾਲ ਸਿੰਘ ਸੰਘਾ, ਸਰਵਣ ਸਿੰਘ ਸਿੱਧੂ, ਪਰਸਨ ਸਿੰਘ ਮਾਨ, ਸਤਿੰਦਰ ਸਿੰਘ ਸੁਸਾਣਾ, ਜਗਜੀਤ ਸਿੰਘ ਢੀਂਡਸਾ, ਜਗਵਿੰਦਰ ਸਿੰਘ ਭੱਠਲ, ਮਨਜੀਤ ਸਿੰਘ ਧਨੋਆ, ਭੁਪਿੰਦਰ (ਭਿੰਦਾ) ਸਿੰਘ ਢਿੱਲੋਂ, ਸੰਨੀ ਕੁਲਾਰ, ਲਖਵੰਤ ਸਿੰਘ ਕੋਮਲ, ਤਰਲੋਚਨ ਸਿੰਘ ਮੁਲਤਾਨੀ, ਸੰਤੋਖ ਸਿੰਘ, ਸਤਵੰਤ ਸਿੰਘ ਅਟੱਲ, ਅੰਮ੍ਰਿਤਪਾਲ ਗਿੱਲ, ਕਰਨਲ ਨਿਰਮਲ ਸਿੰਘ ਸਿੰਘਾ, ਪਰਮਿੰਦਰ ਸਿੰਘ ਵਾਲੀਆ, ਗੁਰਬਚਨ ਸਿੰਘ, ਗੁਰਮੀਤ ਸਿੰਘ ਬੈਂਸ, ਦਰਸ਼ਨ ਸਿੰਘ ਬਸਰਾਓਂ, ਲਖਵੀਰ ਸਿੰਘ ਸੰਧੂ, ਸਤਨਾਮ ਸਿੰਘ ਔਲਖ, ਹਰਵਿੰਦਰ ਸਿੰਘ ਕੰਗ, ਹਰਦੀਪ ਗਿੱਲ, ਰਘਵਿੰਦਰ ਸਿੰਘ ਮਾਹਲ, ਗੁਰ ਸਿੰਘ ਸਰਕਾਰੀਆ, ਅਮੋਲਕ ਸਿੰਘ ਗਿੱਧਾ, ਜੱਸੀ ਪਰਮਾਰ, ਰੰਮੀ ਗਰੇਵਾਲ, ਨਰਿੰਦਰ ਸੂਦ; ਪਰਵਿੰਦਰ ਸਿੰਘ ਗਿੱਲ (ਹਿਊਸਟਨ), ਹਰਮੇਲ ਸਿੰਘ ਥਿਆੜਾ (ਕੈਨਸਸ); **ਇੰਡੀਆਨਾ:** ਕਮਲਜੀਤ ਵਿਰਕ, ਰਾਣਾ ਵਿਰਕ, ਤੀਰਥ ਅਟਵਾਲ, ਪ੍ਰਿਥਪਾਲ ਸਿੰਘ ਘੋਤੜਾ, ਕਿਰਨਜੀਤ ਸਿੰਘ ਬਾਵਾ, ਪਾਲ ਖਲੀਲ, ਮਨਜਿੰਦਰ ਸਿੰਘ ਸੰਧੂ; **ਮਿਸ਼ੀਗਨ:** ਸੁਖੀ ਨਰਵਾਲ, ਦਵਿੰਦਰ ਗਰੇਵਾਲ, ਮੋਹਨ ਸਿੰਘ ਜੰਡ, ਬਲਬੀਰ ਗਰੇਵਾਲ, ਰਾਜ ਸ਼ੇਰਗਿੱਲ, ਬਾਬ ਖਹਿਰਾ, ਸੁਰਿੰਦਰ ਸਿੰਘ ਕੰਗ, ਮੁਖਤਿਆਰ ਸਿੰਘ ਖਹਿਰਾ, ਲਾਡੀ ਮੁਲਤਾਨੀ, ਬਲਬੀਰ ਸਿੰਘ, ਕੁਲਦੀਪ ਸਿੰਘ; **ਮਿਲਵਾਕੀ:** ਬਰੈਟੀ ਗਿੱਲ, ਸੁਖਦੇਵ ਸਿੰਘ ਖਾਲਸਾ; **ਓਹਾਇਓ:** ਰਛਪਾਲ ਸਿੰਘ ਸਹੋਤਾ, ਇਕਬਾਲ ਸਿੰਘ ਬੋਪਾਰਾਏ, ਗੁਰਿੰਦਰ ਸਿੰਘ ਢਿੱਲੋਂ; **ਨਿਊ ਯਾਰਕ:** ਸੁਰਿੰਦਰ ਸੋਹਲ, ਰਵਿੰਦਰ ਸਹਿਰਾਅ, ਬਿੰਦਰ ਬਿਸਮਿਲ, ਹਰਭਜਨ ਸਿੰਘ, ਭੁਪਿੰਦਰ ਸਿੰਘ ਅਟਵਾਲ; **ਕੈਲੀਫੋਰਨੀਆ:** ਕਸ਼ਮੀਰ ਸਿੰਘ ਧੁੱਗਾ, ਕੁਲਦੀਪ ਸਿੰਘ ਯੂਨੀਅਨ ਸਿਟੀ, ਦਲਵੀਰ ਸਿੰਘ ਪੰਨੂੰ, ਐਸ ਪੀ ਸਿੰਘ, ਪਲਵਿੰਦਰ ਗੁਰਾਇਆ, ਸਰਬਜੋਤ ਸਿੰਘ ਸਵੱਦੀ, ਕਸ਼ਮੀਰ ਸਿੰਘ ਕਾਂਗਣਾ, ਗਿਆਨ ਸਿੰਘ ਬਿਲਗਾ, ਨੀਟਾ ਮਾਛੀ ਕੇ, ਕੁਲਵੰਤ ਧਾਲੀਆਂ, ਸੁਰਿੰਦਰ ਸਿੰਘ ਮੰਡਾਲੀ, ਸੋਹਨਪ੍ਰੀਤ (ਸੈਮ ਚਾਹਲ)।


## ਸਾਡੇ ਸਥਾਈ ਲੇਖਕ ਤੇ ਕਾਲਮਨਵੀਸ


ਗੁਰਬਚਨ ਭੁੱਲਰ | ਤਰਲੋਚਨ ਸਿੰਘ | ਐਸ. ਅਸ਼ੋਕ ਭੌਰਾ | ਡਾ. ਗੁਰਨਾਮ ਕੌਰ | ਬੀਬੀ ਸੁਰਜੀਤ ਕੌਰ | ਕਾਨਾ ਸਿੰਘ | ਬਲਜੀਤ ਬਾਸੀ | ਹਰਪਾਲ ਸਿੰਘ ਪੰਨੂ | ਜਤਿੰਦਰ ਪਨੂੰ | ਦਲਜੀਤ ਅਮੀ | ਮੇਜਰ ਕੁਲਾਰ | ਇਕਬਾਲ ਜੱਬੋਵਾਲ

**Punjab Times**
Ph: 847-359-0746

**Published simultaneously from Chicago, California & New York.**
*e-mail: punjabtimes1@sbcglobal.net, website: www.punjabtimesusa.com*

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ


ਸਵਰਨਜੀਤ ਸਿੰਘ ਢਿੱਲੋਂ | ਪ੍ਰੋ. ਜੋਗਿੰਦਰ ਸਿੰਘ ਰਮਦੇਵ | ਅਮੋਲਕ ਸਿੰਘ ਗਾਖਲ | ਡਾ. ਨਵਦੀਪ ਕੌਰ ਸੰਧੂ | ਬਲਵਿੰਦਰ ਕੌਰ (ਨਿੱਕੀ) ਸੇਖੋਂ | ਡਾ. ਗੁਰਦਿਆਲ ਸਿੰਘ ਬਸਰਾਨ | ਹਰਦਿਆਲ ਸਿੰਘ ਦਿਓਲ | ਹਰਜੀਤ ਸਿੰਘ ਸਾਹੀ | ਬਲਵਿੰਦਰ ਸਿੰਘ ਸੰਧੂ


ਸਰਵਣ ਸਿੰਘ ਟਿਵਾਣਾ | ਦਰਸ਼ਨ ਸਿੰਘ ਦਰੜ | ਰਾਜਿੰਦਰ ਸਿੰਘ ਬੈਂਸ | ਜੈਦੇਵ ਸਿੰਘ ਭੱਠਲ | ਜੱਸੀ ਗਿੱਲ | ਦਰਸ਼ਨ ਸਿੰਘ ਗਰੇਵਾਲ | ਡਾ. ਹਰਗੁਰਮੁਖਪਾਲ ਸਿੰਘ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ


ਜਗਦੀਸ਼ਰ ਸਿੰਘ ਕਲੇਰ | ਗੁਰਿੰਦਰ ਸਿੰਘ ਗਿੱਲ | ਸਰਬਜੀਤ ਸਿੰਘ ਥਿਆੜਾ | ਅਯੁਧਿਆ ਸਲਵਾਨ

### ਵਿਸ਼ੇਸ਼ ਸਹਿਯੋਗੀ


ਡਾ. ਹਰਜਿੰਦਰ ਸਿੰਘ ਖਹਿਰਾ | ਜੈਰਾਮ ਸਿੰਘ (ਨੀਟੂ) ਕਾਹਲੋਂ | ਗੁਰਮੁਖ ਸਿੰਘ ਭੁੱਲਰ | ਸੁਰਿੰਦਰ ਸਿੰਘ ਭਾਟੀਆ | ਇੰਦਰਮੋਹਨ ਸਿੰਘ ਛਾਬੜਾ

## ਮੁੱਖ ਸਪਾਂਸਰ


ਗੁਰਮੇਲ ਸਿੰਘ ਕੰਗ | ਮਿੱਕੀ ਕਾਹਲੋਂ | ਜਗਮੀਤ ਸਿੰਘ (ਰੀਮੈਕਸ) | ਸੁਰਜੀਤ ਸਿੰਘ ਮਾਵੀ | ਅਵਤਾਰ ਸਿੰਘ ਸਪਰਿੰਗਫੀਲਡ | ਗੁਰਦੇਵ ਸਿੰਘ ਜੌੜਾ | ਅਮਰਜੀਤ ਸਿੰਘ ਸੰਧਰ | ਕਰਨ ਗਿੱਲ | ਡਾ. ਸਰਬਜੀਤ ਸਿੰਘ ਭੰਡਾਲ | ਬਲਕਾਰ ਸਿੰਘ ਢਿੱਲੋਂ | ਜਸਵਿੰਦਰ ਸਿੰਘ ਸੰਧੂ | ਕਿਰਪਾਲ ਸਿੰਘ ਰੰਧਾਵਾ | ਭੁਪਿੰਦਰ ਸਿੰਘ ਹੁੰਦਲ


ਅਮਰੀਕ ਸਿੰਘ ਅਮਰ ਕਾਰਪੈਟਸ | ਬਲਵਿੰਦਰ ਸਿੰਘ ਗਿਰਨ | ਦਵਿੰਦਰ ਸਿੰਘ ਰੰਗੀ | ਜਸਵੀਰ ਕੌਰ ਮਾਨ | ਠਾਕਰ ਸਿੰਘ ਬਸਾਤੀ | ਬਲਜੀਤ ਸਿੰਘ ਸਿੱਧੂ | ਅਮਰਦੇਵ ਸਿੰਘ ਬੰਦੇਸ਼ਾ | ਜਸਵਿੰਦਰ ਸਿੰਘ ਜੱਸੀ | ਡਾ. ਰਛਪਾਲ ਸਿੰਘ ਬਾਜਵਾ | ਮਤ ਸਿੰਘ ਢਿਲੋਂ | ਵਿਕ ਸਿੰਘ | ਹਰਪ੍ਰੀਤ ਸੰਧੂ ਕੈਲੀਫੋਰਨੀਆ ਫਰੇਟ


ਹਰਪਾਲ ਚੀਮਾ | ਗਿਆਨਇੰਦਰ ਗਿੰਨੀ HK Transport Inc., Indiana | ਦਲਬਾਰਾ ਸਿੰਘ ਮਾਂਗਟ | ਲਾਲੀ ਧਾਲੀਵਾਲ | ਕੁਲਵਿੰਦਰ ਸਿੰਘ ਗਿੱਲ | ਹਰਪ੍ਰੀਤ ਸਿੰਘ ਵਰਲਡ ਵਾਈਡ | ਰਾਜਬੀਰ ਸਿੰਘ ਬੋਪਾਰਾਏ | ਰਾਜ ਸਿਆਨ | ਗੁਰਬਖ਼ਸ਼ ਰਾਹੀ | ਬਿਕਰਮਜੀਤ ਸਿੰਘ ਸੇਖੋਂ | ਬੇਅੰਤ ਸਿੰਘ ਬੋਪਾਰਾਏ | ਲਾਲੀ ਸਿੱਧੂ


ਬਲਵਿੰਦਰ (ਨਿੱਕ) ਸਿੰਘ | ਮਨਜੀਤ ਸਿੰਘ ਨਾਗਰਾ | ਬਹਾਦੁਰ ਸਿੰਘ ਸੇਲਮ | ਸੁਖਦੇਵ ਸਿੰਘ ਸਮਰਾ | ਬਿਕਰਮ ਸਿੱਧੂ | ਸਤਵੰਤ ਸਿੰਘ ਨਿੱਜਰ | ਗੁਰਬਚਨ ਸਿੰਘ ਪੱਪੂ | ਜਸਕਰਨ ਧਾਲੀਵਾਲ | ਰਵਿੰਦਰ ਰਵੀ ਆਰ ਕੇ ਕਾਰਪੈਟਸ | ਕੁਲਵਿੰਦਰ ਸਿੰਘ ਧਾਲੀਵਾਲ | ਇਕਬਾਲ ਸਿੰਘ ਗਾਖਲ | ਮੱਖਣ ਸਿੰਘ ਬੈਂਸ | ਗੁਰਦਾਵਰ ਸਿੰਘ ਮਹੇੜੂ

**ਸਹਿਯੋਗੀ ਸੰਸਥਾਵਾਂ:** ਪੰਜਾਬੀ ਅਮੈਰਿਕਨ ਆਰਗੇਨਾਈਜੇਸ਼ਨ-ਸ਼ਿਕਾਗੋ; ਪੰਜਾਬੀ ਕਲਚਰਲ ਸੁਸਾਇਟੀ-ਸ਼ਿਕਾਗੋ; ਪੰਜਾਬੀ ਹੈਰੀਟੇਜ ਆਰਗੇਨਾਈਜੇਸ਼ਨ-ਸ਼ਿਕਾਗੋ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ; ਮਿਡਵੈਸਟ ਸਪੋਰਟਸ ਕਲੱਬ-ਸ਼ਿਕਾਗੋ; ਪੰਜਾਬੀ ਕਲਚਰਲ ਆਰਗੇਨਾਈਜੇਸ਼ਨ-ਮਿਲਵਾਕੀ; ਗੁਰੂ ਲਾਧੋ ਰੇ ਸੇਵਾ ਸੁਸਾਇਟੀ, ਸੰਤ ਬਾਬਾ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ-ਇੰਡੀਆਨਾ; ਮੀਰੀ ਪੀਰੀ ਸਪੋਰਟਸ ਕਲੱਬ-ਇੰਡੀਅਨਐਪੋਲਿਸ; ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ-ਮਿਸ਼ੀਗਨ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਸਿਨਸਿਨੈਟੀ; ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸਿਨਸਿਨੈਟੀ; ਪੰਜਾਬ ਸਪੋਰਟਸ ਕਲੱਬ ਕਲੀਵਲੈਂਡ (ਓਹਾਇਓ); ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਡੇਅਟਨ (ਓਹਾਇਓ); ਯੂਨਾਈਟਡ ਸਪੋਰਟਸ ਕਲੱਬ ਕੈਲੀਫੋਰਨੀਆ; ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ; ਗਦਰ ਮੈਮੋਰੀਅਲ ਫਾਊਂਡੇਸ਼ਨ ਸੈਕਰਾਮੈਂਟੋ; ਇੰਡੋ ਅਮੈਰੀਕਨ ਕਲਚਰਲ ਆਰਗੇਨਾਈਜੇਸ਼ਨ ਸੈਕਰਾਮੈਂਟੋ; ਇੰਡੋ-ਅਮੈਰੀਕਨ ਹੈਰੀਟੇਜ਼ ਫੋਰਮ ਫਰਿਜ਼ਨੋ; ਇੰਡੋ ਯੂ ਐਸ ਹੈਰੀਟੇਜ਼ ਐਸੋਸੀਏਸ਼ਨ ਫਰਿਜ਼ਨੋ।

# ਗੁਰੂ ਕੀ ਨਗਰੀ ’ਤੇ ਮਿਹਰਬਾਨ ਹੋਈ ਪੰਜਾਬ ਸਰਕਾਰ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸਾਲ 2015-16 ਦੇ ਬਜਟ ਵਿਚ ਸਿਫ਼ਤੀ ਦੇ ਘਰ ਅੰਮ੍ਰਿਤਸਰ ਲਈ ਖ਼ਜ਼ਾਨੇ ਦਾ ਮੂੰਹ ਖੋਲ੍ਹਣ ਦੀ ਫ਼ਰਾਖ਼ਦਿਲੀ ਜ਼ਰੂਰ ਦਿਖਾਈ ਹੈ। ਵਿੱਤ ਮੰਤਰੀ ਨੇ ਬਜਟ ਵਿਚ ਪਵਿੱਤਰ ਸ਼ਹਿਰ ਅੰਮ੍ਰਿਤਸਰ ਵਿਚ ਸੈਰ-ਸਪਾਟਾ ਤੇ ਵਿਰਾਸਤੀ ਸੱਭਿਆਚਾਰਕ ਕਾਰਜਾਂ ਲਈ 500 ਕਰੋੜ ਰੁਪਏ ਦੀ ਰਾਸ਼ੀ ਦਾ ਵਿਸ਼ੇਸ਼ ਉਪਬੰਧ ਕੀਤਾ ਹੈ।

ਇਸ ਰਕਮ ਨਾਲ ਸ੍ਰੀ ਹਰਿਮੰਦਰ ਸਾਹਿਬ ਦੀ ਡਿਉਢੀ ਵਿਚ ਐਂਟਰੈਂਸ ਪਲਾਜ਼ਾ ਦੀ ਉਸਾਰੀ ਤੋਂ ਇਲਾਵਾ ਸ੍ਰੀ ਹਰਿਮੰਦਰ ਸਾਹਿਬ, ਜਲ੍ਹਿਆਂਵਾਲਾ ਬਾਗ਼, ਟਾਊਨ ਹਾਲ ਤੇ ਹਾਲ ਗੇਟ ਦੇ ਆਲੇ-ਦੁਆਲੇ ਦੀ ਬਾਹਰੀ ਸਜਾਵਟ ਵਿਚ ਸੁਧਾਰ ਕਾਰਜ ਸ਼ਾਮਲ ਹਨ। ਗੁਰੂ ਕੀ ਨਗਰੀ ਨੂੰ ਸੈਰ-ਸਪਾਟਾ ਤੇ ਸੱਭਿਆਚਾਰ ਦੇ ਵਿਕਾਸ ਦੀ ਮੱਦ ਅਧੀਨ ਰੱਖੇ ਗਏ 500 ਕਰੋੜ ਰੁਪਏ ਵਿਚੋਂ ਭਗਵਾਨ ਬਾਲਮੀਕ ਦੇ ਤੀਰਥ ਸਥੱਲ, ਰਾਮਤੀਰਥ ਦੇ ਵਿਕਾਸ ਲਈ ਵੀ ਲੋੜੀਂਦੇ ਫੰਡ ਦਿੱਤੇ ਜਾਣਗੇ। ਇਸ ਤੋਂ ਇਲਾਵਾ ਏਸ਼ੀਅਨ ਵਿਕਾਸ ਪ੍ਰੋਜੈਕਟ ਅਧੀਨ ਸੈਰ-ਸਪਾਟੇ ਲਈ ਬੁਨਿਆਦੀ ਢਾਂਚਾ ਵਿਕਸਤ ਕਰਨ ਦੇ 398 ਕਰੋੜ ਰੁਪਏ ਦੇ ਪ੍ਰੋਗਰਾਮ ਵਿਚੋਂ ਵੀ ਅੰਮ੍ਰਿਤਸਰ ਨੂੰ ਵੱਡਾ ਹਿੱਸਾ ਮਿਲਣ ਦੀ ਆਸ ਹੈ ਕਿਉਂਕਿ ਇਸ ਪ੍ਰੋਜੈਕਟ ਵਿਚ ਰਾਮ ਬਾਗ਼ ਅਤੇ ਸਿੱਖ ਸੱਭਿਆਚਾਰ ਦੀ ਸੰਭਾਲ ਦੀ ਮੱਦ ਸ਼ਾਮਲ ਹੈ।

ਸੁਰੱਖਿਆ ਸੇਵਾਵਾਂ ਭਲਾਈ ਲਈ ਉਲੀਕੀਆਂ ਯੋਜਨਾਵਾਂ ਤਹਿਤ ਵੀ ਅੰਮ੍ਰਿਤਸਰ ਵਿਖੇ 30 ਕਰੋੜ ਰੁਪਏ ਦੀ ਲਾਗਤ ਨਾਲ ਅੰਤਰਰਾਸ਼ਟਰੀ ਪੱਧਰ ਦਾ ਜੰਗੀ ਯਾਦਗਾਰੀ ਕੰਪਲੈਕਸ ਸਥਾਪਤ ਕੀਤਾ ਜਾਵੇਗਾ। 50 ਬਿਸਤਰਿਆਂ ਦਾ ਉੱਤਮ ਦਰਜੇ ਦਾ ਨਸ਼ਾ-ਮੁਕਤੀ ਕੇਂਦਰ ਵੀ ਸਾਲ 2015-16 ਵਿਚ ਕਾਰਜਸ਼ੀਲ ਹੋ ਜਾਣ ਦੀ ਸੰਭਾਵਨਾ ਹੈ। ਸਰਕਾਰ ਵੱਲੋਂ ਅੰਮ੍ਰਿਤਸਰ ਸ਼ਹਿਰ ਦੀ ਹਦੂਦ ਦੇ ਸ਼ੁਰੂ ਵਿਚ ਹੀ ‘ਐਂਟਰੈਂਸ ਟੂ ਗੋਲਡਨ ਸਿਟੀ’ ਉਸਾਰਿਆ ਜਾ ਰਿਹਾ ਹੈ ਜਿਸ ਨਾਲ ਸ਼ਹਿਰ ਦੀ ਸ਼ੋਭਾ ਵਿਚ ਹੋਰ ਵਾਧਾ ਹੋਵੇਗਾ। ਪੰਜਾਬ ਸਰਕਾਰ ਦੇ ਬਜਟ ਤੋਂ ਪਹਿਲਾਂ ਕੇਂਦਰੀ ਬਜਟ ਵਿਚ ਭਾਵੇਂ ਪੰਜਾਬ ਦੇ ਪੱਲੇ ਨਿਰਾਸ਼ਾ ਹੀ ਪਈ ਸੀ, ਪਰ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਨੇ ਅੰਮ੍ਰਿਤਸਰ ਨਾਲ ਆਪਣਾ ਸਨੇਹ ਪ੍ਰਗਟ ਕਰਦਿਆਂ ਜੱਲ੍ਹਿਆਂਵਾਲਾ ਬਾਗ਼ ਨੂੰ ਵਿਸ਼ਵ ਵਿਰਾਸਤ ਦਾ ਦਰਜਾ ਦੇਣ ਦੇ ਨਾਲ-ਨਾਲ ਇਥੇ ਇਕ ਕੌਮੀ ਬਾਗ਼ਬਾਨੀ ਖੋਜ ਸੰਸਥਾ ਸਥਾਪਿਤ ਕਰਨ ਦਾ ਵੀ ਐਲਾਨ ਕੀਤਾ ਸੀ।

ਦੱਸਣਯੋਗ ਹੈ ਕਿ ਅਕਾਲੀ ਤੇ ਭਾਜਪਾ ਦੇ ਆਗੂਆਂ ਦੀ ਰੱਸਾਕਸ਼ੀ ਕਾਰਨ ਪਿਛਲੇ ਪੰਜ ਸਾਲਾਂ ਦੌਰਾਨ ਸ਼ਹਿਰ ਦੇ ਵਿਕਾਸ ਕਾਰਜ ਖੜੋਤ ਵਿਚ ਹਨ। ਕੁਝ ਸਾਲ ਪਹਿਲਾਂ ਹੀ ਲੱਖਾਂ ਰੁਪਏ ਖ਼ਰਚ ਕੇ ਬਣਾਇਆ ਗਿਆ ਬੱਸ ਅੱਡਾ ਥੋੜ੍ਹਾ ਜਿਹਾ ਮੀਂਹ ਪੈਣ ਨਾਲ ਹੀ ਛੱਪੜ ਦਾ ਰੂਪ ਧਾਰਨ ਕਰ ਲੈਂਦਾ ਹੈ। ਸਫ਼ਾਈ ਪੱਖੋਂ ਸ਼ਹਿਰ ਦਾ ਹਾਲ ਬਹੁਤ ਹੀ ਮੰਦਾ ਹੈ।

ਦਹਾਕਾ ਪਹਿਲਾਂ ਡਾ. ਮਨਮੋਹਨ ਸਿੰਘ ਦੀ ਅਗਵਾਈ ਵਾਲੀ ਯੂਪੀਏ ਸਰਕਾਰ ਨੇ ਗੋਬਿੰਦਗੜ੍ਹ ਕਿਲਾ ਪੰਜਾਬ ਸਰਕਾਰ ਨੂੰ ਸੌਂਪਿਆ ਸੀ ਪਰ ਉਸਦੀ ਮੁਰੰਮਤ ਤੇ ਸਜਾਵਟ ਦਾ ਕੰਮ ਵੀ ਹਾਲੇ ਤੱਕ ਮੁਕੰਮਲ ਨਹੀਂ ਹੋਇਆ। ਜਲ੍ਹਿਆਂਵਾਲਾ ਬਾਗ਼, ਰਾਮਬਾਗ਼ ਤੇ ਕਈ ਹੋਰ ਇਤਿਹਾਸਕ ਵਿਰਾਸਤੀ ਸਥੱਲਾਂ ਨੂੰ ਸਰਕਾਰਾਂ ਨੇ ਸੰਭਾਲਣ ਦੀ ਥਾਂ ਵਪਾਰਕ ਮੰਤਵਾਂ ਲਈ ਵਰਤਣ ਦੇ ਮਨਸੂਬੇ ਘੜ ਲਏ ਸਨ ਭਾਵੇਂ ਕਿ ਇਹ ਭਾਰੀ ਲੋਕ ਵਿਰੋਧ ਕਾਰਨ ਸਫ਼ਲ ਨਹੀਂ ਹੋ ਸਕੇ। ਪਵਿੱਤਰ ਸ਼ਹਿਰ ਦੇ ਵੱਖ-ਵੱਖ ਵਿਕਾਸ ਪ੍ਰੋਜੈਕਟਾਂ ਤਹਿਤ ਖ਼ਰਚੀ ਜਾ ਰਹੀ ਰਾਸ਼ੀ ਵਿਚ ਭ੍ਰਿਸ਼ਟਾਚਾਰ ਦੀਆਂ ਕਨਸੋਆਂ ਵੀ ਆਉਂਦੀਆਂ ਰਹਿੰਦੀਆਂ ਹਨ। ਇਸ ਸ਼ਹਿਰ ਦੀ ਹੋਟਲ ਸਨਅਤ ਪਹਿਲਾਂ ਹੀ ਸਰਕਾਰ ਦੀ ਬੇਰੁਖ਼ੀ ਦਾ ਸ਼ਿਕਾਰ ਹੈ।

ਇਥੋਂ ਦੇ ਕੌਮਾਂਤਰੀ ਹਵਾਈ ਅੱਡੇ ਦੀ ਵੀ ਕੇਂਦਰ ਸਰਕਾਰ ਵੱਲੋਂ ਅਣਦੇਖੀ ਕੀਤੀ ਜਾ ਰਹੀ ਹੈ। ਸ਼ਹਿਰ ਦੇ ਰੇਲਵੇ ਸਟੇਸ਼ਨ ਦਾ ਵੀ ਸ਼ਹਿਰ ਦੀ ਕੌਮੀ ਤੇ ਕੌਮਾਂਤਰੀ ਮਹੱਤਤਾ ਦੇ ਮੁਤਾਬਿਕ ਵਿਕਾਸ ਨਹੀਂ ਹੋਇਆ। ਹੁਣ ਪੰਜਾਬ ਤੇ ਕੇਂਦਰ ਸਰਕਾਰ ਵੱਲੋਂ ਫੰਡ ਜਾਰੀ ਕਰਨ ਵਿਚ ਵਿਖਾਈ ਫਰਾਖਦਿਲੀ ਕਾਰਨ ਇਸ ਪਵਿੱਤਰ ਸ਼ਹਿਰ ਦੇ ਵਿਕਾਸ ਦੀ ਆਸ ਬੱਝੀ ਹੈ।

## ਬਜਟ ਵਿਚ ਸੈਰ-ਸਪਾਟਾ ਤੇ ਸਭਿਆਚਾਰਕ ਕਾਰਜਾਂ ਲਈ 500 ਕਰੋੜ ਦਾ ਪ੍ਰਬੰਧ



## ਸ੍ਰੀ ਹਰਿਮੰਦਰ ਸਾਹਿਬ ਦੁਆਲੇ ਲੱਗਣਗੇ ਪ੍ਰਦੂਸ਼ਣ ਮਾਪਕ

**ਜਲੰਧਰ:** ਹਾਈਕੋਰਟ ਦੇ ਹੁਕਮਾਂ ਉਤੇ ਸ੍ਰੀ ਹਰਿਮੰਦਰ ਸਾਹਿਬ ਦੁਆਲੇ ਹਵਾ ਵਿਚ ਫੈਲਦੇ ਪ੍ਰਦੂਸ਼ਣ ਬਾਰੇ ਆਈ.ਆਈ.ਟੀ. ਦਿੱਲੀ ਦੇ ਵਿਗਿਆਨੀਆਂ ਤੋਂ ਅਧਿਐਨ ਕਰਵਾਏ ਜਾਣ ਮਗਰੋਂ ਉਨ੍ਹਾਂ ਦੀ ਸਿਫਾਰਸ਼ ’ਤੇ ਇਸ ਪਵਿੱਤਰ ਸਥਾਨ ਦੇ ਆਲੇ ਦੁਆਲੇ ਪ੍ਰਦੂਸ਼ਣ ਨੂੰ ਮਾਪਣ ਲਈ ਯੰਤਰ ਲਾਇਆ ਜਾਵੇਗਾ। ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਨੇ 1.10 ਕਰੋੜ ਦੀ ਰਕਮ ਨਾਲ ਲੱਗਣ ਵਾਲੇ ਇਸ ਯੰਤਰ ਲਈ 55 ਲੱਖ ਰੁਪਏ ਪਿਛਲੇ ਸਾਲ ਹੀ ਦੇ ਦਿੱਤੇ ਸਨ। ਇਸੇ ਤਰ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੇ ਹਿੱਸੇ ਦੇ 27. 5 ਲੱਖ ਰੁਪਏ ਵੀ ਸਤੰਬਰ 2014 ਵਿਚ ਜਮ੍ਹਾਂ ਕਰਵਾ ਦਿੱਤੇ ਸਨ ਪਰ ਨਗਰ ਨਿਗਮ ਅੰਮ੍ਰਿਤਸਰ ਨੇ 27.5 ਲੱਖ ਰੁਪਏ ਫੰਡਾਂ ਦੀ ਘਾਟ ਕਾਰਨ ਜਮ੍ਹਾਂ ਨਹੀਂ ਸੀ ਕਰਵਾਏ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਹੁਣ ਇਹ ਰਕਮ ਦੇਣ ਦਾ ਫੈਸਲਾ ਕੀਤਾ ਹੈ। ਇਹ ਫੈਸਲਾ ਨਿਰਮਲ ਕੁਟੀਆ ਸੁਲਤਾਨਪੁਰ ਲੋਧੀ ਵਿਖੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਹੋਈ ਮੀਟਿੰਗ ਵਿਚ ਕੀਤਾ ਗਿਆ।

## ਅੰਮ੍ਰਿਤਸਰ ਸਮੇਤ 12 ਸ਼ਹਿਰ ਵਿਸ਼ੇਸ਼ ਵਿਕਾਸ ਲਈ ਚੁਣੇ

**ਨਵੀਂ ਦਿੱਲੀ:** ਅੰਮ੍ਰਿਤਸਰ, ਅਜਮੇਰ, ਅਮਰਾਵਤੀ, ਦਵਾਰਕਾ, ਗਾਯਾ, ਕਾਂਚੀਪੁਰਮ, ਮਥੁਰਾ, ਪੁਰੀ, ਵਾਰਾਨਸੀ, ਵੈਲਾਨਕਾਨੀ, ਕੇਦਾਰਨਾਥ ਤੇ ਕਾਮਖਿਆ ਸ਼ਹਿਰਾਂ ਦੀ ਤੀਰਥ ਸਥਾਨ ਪੁਨਰ ਨਿਰਮਾਣ ਤੇ ਅਧਿਆਤਮਿਕ ਪ੍ਰਗਤੀ ਮੁਹਿੰਮ ਤਹਿਤ ਵਿਕਾਸ ਲਈ ਚੋਣ ਕੀਤੀ ਗਈ ਹੈ। ਇਹ ਜਾਣਕਾਰੀ ਸਭਿਆਚਾਰ ਰਾਜ ਮੰਤਰੀ ਮਹੇਸ਼ ਸ਼ਰਮਾ ਨੇ ਇਕ ਪ੍ਰਸ਼ਨ ਦੇ ਲਿਖਤੀ ਉਤਰ ਵਿਚ ਦਿੱਤੀ। ਉਨ੍ਹਾਂ ਦੱਸਿਆ ਕਿ ਸ਼ਹਿਰੀ ਵਿਕਾਸ ਮੰਤਰਾਲੇ ਨੇ ਕੌਮੀ ਵਿਰਾਸਤ ਸ਼ਹਿਰ ਵਿਕਾਸ ਤੇ ਪ੍ਰਗਤੀ ਯੋਜਨਾ ਸਕੀਮ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਪਹਿਲੇ ਪੜਾਅ ਤਹਿਤ ਉਕਤ 12 ਸ਼ਹਿਰਾਂ ਦੀ ਸ਼ਨਾਖਤ ਕੀਤੀ ਗਈ ਹੈ।

# ਸਿੱਖ ਜਥੇਬੰਦੀਆਂ ਵਲੋਂ ਮੂਲ ਨਾਨਕਸ਼ਾਹੀ ਕੈਲੰਡਰ ਜਾਰੀ

**ਅੰਮ੍ਰਿਤਸਰ:** ਨਾਨਕਸ਼ਾਹੀ ਕੈਲੰਡਰ ਬਾਰੇ ਚੱਲ ਰਹੇ ਵਿਵਾਦ ਦੌਰਾਨ ਦਲ ਖਾਲਸਾ ਜਥੇਬੰਦੀ ਤੇ ਹੋਰ ਸਿੱਖ ਜਥੇਬੰਦੀਆਂ ਨੇ ਸ੍ਰੀ ਦਰਬਾਰ ਸਾਹਿਬ ਸਮੂਹ ਸਥਿਤ ਸਾਕਾ ਨੀਲਾ ਤਾਰਾ ਸ਼ਹੀਦੀ ਯਾਦਗਾਰ ਵਿਖੇ ਨਵੇਂ ਵਰ੍ਹੇ ਲਈ ਮੂਲ ਨਾਨਕਸ਼ਾਹੀ ਕੈਲੰਡਰ ਜਾਰੀ ਕੀਤਾ ਹੈ, ਜਿਸ ਵਿਚ ਕਈ ਸਿੱਖ ਖਾੜਕੂਆਂ ਦੇ ਸ਼ਹੀਦੀ ਦਿਹਾੜੇ ਵੀ ਸ਼ਾਮਲ ਕੀਤੇ ਗਏ ਹਨ। ਇਸੇ ਤਰ੍ਹਾਂ ਮੂਲ ਨਾਨਕਸ਼ਾਹੀ ਕੈਲੰਡਰ ਸਿੱਖ ਜਥੇਬੰਦੀਆਂ ਵੱਲੋਂ ਜਲੰਧਰ ਵਿਚ ਵੀ ਜਾਰੀ ਕੀਤਾ ਜਾ ਚੁੱਕਾ ਹੈ।



ਨਵੇਂ ਵਰ੍ਹੇ ਦਾ ਇਹ ਨਾਨਕਸ਼ਾਹੀ ਕੈਲੰਡਰ ਨਾਨਕਸ਼ਾਹੀ ਸੰਮਤ 547 ਨਾਲ ਸਬੰਧਤ ਹੈ, ਜਿਸ ਨੂੰ ਇਥੇ ਸ਼ਹੀਦੀ ਯਾਦਗਾਰ ਵਿਖੇ ਅਰਦਾਸ ਕਰਨ ਉਪਰੰਤ ਜਥੇਬੰਦੀ ਦੇ ਸਾਬਕਾ ਪ੍ਰਧਾਨ ਸਤਨਾਮ ਸਿੰਘ ਪਾਉਂਟਾ ਸਾਹਿਬ ਤੇ ‘ਸਿੱਖ ਫਾਰ ਹਿਊਮਨ ਰਾਈਟਸ’ ਦੇ ਚੇਅਰਮੈਨ ਹਰਪਾਲ ਸਿੰਘ ਚੀਮਾ ਨੇ ਜਾਰੀ ਕੀਤਾ, ਜਿਸ ਦੀਆਂ ਪਹਿਲੀਆਂ ਪੰਜ ਕਾਪੀਆਂ ਨੌਜਵਾਨਾਂ ਨੂੰ ਭੇਂਟ ਕੀਤੀਆਂ ਗਈਆਂ। ਇਸ ਕੈਲੰਡਰ ’ਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਤਸਵੀਰ ਬਣੀ ਹੋਈ ਹੈ। ਇਸੇ ਲਈ ਇਸ ਨੂੰ ਸ਼ਹੀਦੀ ਯਾਦਗਾਰ ਵਾਲੇ ਅਸਥਾਨ ਉਤੇ ਜਾਰੀ ਕੀਤਾ ਗਿਆ ਹੈ। ਕੈਲੰਡਰ ਵਿਚ 14 ਅਪਰੈਲ 2003 ਨੂੰ ਜਾਰੀ ਕੀਤੇ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਗੁਰਪੁਰਬ ਤੇ ਇਤਿਹਾਸਕ ਦਿਹਾੜਿਆਂ ਦੀਆਂ ਤਰੀਕਾਂ ਸ਼ਾਮਲ ਹਨ। ਇਸ ਤੋਂ ਇਲਾਵਾ ਇਕ ਵੱਖਰਾ ਕਾਲਮ ਬਣਾ ਕੇ ਇਸ ਵਿਚ ਸਿੱਖ ਖਾੜਕੂਆਂ ਦੇ ਸ਼ਹੀਦੀ ਦਿਹਾੜੇ ਵੀ ਸ਼ਾਮਲ ਕੀਤੇ ਗਏ ਹਨ। ਕਈ ਖਾੜਕੂਆਂ ਦੇ ਸ਼ਹੀਦੀ ਦਿਹਾੜੇ ਪਹਿਲੀ ਵਾਰ ਸ਼ਾਮਲ ਕੀਤੇ ਗਏ ਹਨ। ਇਨ੍ਹਾਂ ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਸ਼ਹੀਦੀ ਦਿਹਾੜੇ ਸਮੇਤ ਭਾਈ ਅਮਰੀਕ ਸਿੰਘ, ਜਿੰਦਾ ਸੁੱਖਾ, ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਕਤਲ ਕਰਨ ਵਾਲੇ ਸਤਵੰਤ ਸਿੰਘ-ਕੇਹਰ ਸਿੰਘ, ਮੁੱਖ ਮੰਤਰੀ ਬੇਅੰਤ ਸਿੰਘ ਨੂੰ ਕਤਲ ਕਰਨ ਵਾਲੇ ਦਿਲਾਵਰ ਸਿੰਘ ਤੋਂ ਇਲਾਵਾ ਸੁਖਦੇਵ ਸਿੰਘ ਬੱਬਰ ਤੇ ਗੁਰਬਚਨ ਸਿੰਘ ਮਾਨੋਚਾਹਲ, ਜਨਰਲ ਲਾਭ ਸਿੰਘ ਤੇ ਹੋਰਨਾਂ ਦੇ ਨਾਂ ਸ਼ਾਮਲ ਹਨ। ਇਸੇ ਤਰ੍ਹਾਂ ਸਾਕਾ ਨੀਲਾ ਤਾਰਾ ਫੌਜੀ ਹਮਲੇ ਦਾ ਦਿਨ ਵੀ ਸ਼ਾਮਲ ਹੈ।

ਇਥੇ ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਕਾਸ਼ਤ ਕੀਤੇ ਬਿਕਰਮੀ ਰੂਪੀ ਕੈਲੰਡਰ ਨੂੰ ਸ੍ਰੀ ਅਕਾਲ ਤਖ਼ਤ ਤੋਂ ਜਾਰੀ ਕੀਤਾ ਗਿਆ ਸੀ, ਜਿਸ ਵਿਚ ਸਾਕਾ ਨੀਲਾ ਤਾਰਾ ਨਾਲ ਸਬੰਧਤ ਸ਼ਹੀਦੀ ਦਿਹਾੜੇ ਤੇ ਕੁਝ ਹੋਰ ਅਜਿਹੀਆਂ ਤਰੀਕਾਂ ਸ਼ਾਮਲ ਹਨ, ਜਿਨ੍ਹਾਂ ਦਾ ਸੰਸਦ ਵਿਚ ਭਾਰੀ ਵਿਰੋਧ ਹੋਇਆ। ਕੈਲੰਡਰ ਦੇ ਉਪਰ ਹੀ ਇਸ ਕੈਲੰਡਰ ਨੂੰ ਹੋਂਦ ਵਿਚ ਲਿਆਉਣ ਦਾ ਮਕਸਦ ਤੇ ਇਤਿਹਾਸ ਵੀ ਦੱਸਿਆ ਗਿਆ ਹੈ। ਇਸ ਤੋਂ ਇਲਾਵਾ ਇਸ ਕੈਲੰਡਰ ਨੂੰ ਖਤਮ ਕਰਨ ਦੇ ਮਨਸੂਬਿਆਂ ਦਾ ਵੀ ਖੁਲਾਸਾ ਕੀਤਾ ਹੋਇਆ ਹੈ। ਇਸੇ ਵਿਚ ਹੀ ਸਿੱਖ ਸੰਗਤਾਂ ਨੂੰ ਕੈਲੰਡਰ ਦੀ ਹੋਂਦ ਨੂੰ ਖਤਮ ਕਰਨ ਦੀਆਂ ਸਾਜਿਸ਼ਾਂ ਤੋਂ ਸੁਚੇਤ ਰਹਿਣ ਦੀ ਵੀ ਅਪੀਲ ਕੀਤੀ ਗਈ ਹੈ। ਇਹ ਕੈਲੰਡਰ ਜਾਰੀ ਕਰਨ ਵਾਲਿਆਂ ਵਿਚ ਦਲ ਖਾਲਸਾ ਸਮੇਤ ਅਕਾਲੀ ਦਲ ਪੰਚ ਪ੍ਰਧਾਨੀ, ਸਿੱਖਸ ਫਾਰ ਹਿਊਮਨ ਰਾਈਟਸ, ਬ੍ਰਿਟਿਸ਼ ਸਿੱਖ ਕੌਂਸਲ, ਸਿੱਖ ਯੂਥ ਆਫ ਪੰਜਾਬ, ਗੁਰਦੁਆਰਾ ਸਿੰਘ ਸਭਾ ਅਮਰੀਕਾ ਤੇ ਹੋਰ ਜਥੇਬੰਦੀਆਂ ਸ਼ਾਮਲ ਹਨ। ਕੈਲੰਡਰ ਜਾਰੀ ਕਰਨ ਉਪਰੰਤ ਇਹ ਸਮੂਹ ਆਗੂ ਸ੍ਰੀ ਅਕਾਲ ਤਖ਼ਤ ਦੇ ਸਕੱਤਰੇਤ ਵਿਖੇ ਗਏ ਅਤੇ ਜਾਰੀ ਕੀਤੇ ਕੈਲੰਡਰ ਦੀ ਇਕ ਕਾਪੀ ਉਥੇ ਵੀ ਭੇਂਟ ਕੀਤੀ। ਸਿਖ ਆਗੂਆਂ ਨੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨਾਲ ਮੁਲਾਕਾਤ ਲਈ ਵੀ ਯਤਨ ਕੀਤਾ ਪਰ ਉਹ ਹਾਜ਼ਰ ਨਹੀਂ ਸਨ। ਕੈਲੰਡਰ ਜਾਰੀ ਕਰਨ ਉਪਰੰਤ ਦਲ ਖਾਲਸਾ ਦੇ ਪ੍ਰਧਾਨ ਹਰਚਰਨਜੀਤ ਸਿੰਘ ਧਾਮੀ ਨੇ ਆਖਿਆ ਕਿ ਮੂਲ ਨਾਨਕਸ਼ਾਹੀ ਕੈਲੰਡਰ ਸਿੱਖ ਕੌਮ ਦੀ ਵੱਖਰੀ ਪਛਾਣ ਬਣ ਚੁੱਕੀ ਹੈ ਤੇ ਸਮੂਹ ਸਿੱਖ ਜਥੇਬੰਦੀਆਂ ਨੇ ਸ਼੍ਰੋਮਣੀ ਕਮੇਟੀ ਵੱਲੋਂ ਤਿਆਰ ਕੀਤੇ ਬਿਕਰਮੀ ਕੈਲੰਡਰ ਨੂੰ ਰੱਦ ਕਰ ਦਿੱਤਾ ਹੈ ਅਤੇ ਉਹ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਹੀ ਗੁਰਪੁਰਬ ਤੇ ਹੋਰ ਦਿਨ ਤਿਉਹਾਰ ਮਨਾਉਣਗੇ। ਉਨ੍ਹਾਂ ਦੋਸ਼ ਲਾਇਆ ਕਿ ਸ੍ਰੀ ਅਕਾਲ ਤਖ਼ਤ ਤੇ ਸ਼੍ਰੋਮਣੀ ਕਮੇਟੀ ਨੇ ਨਾਨਕਸ਼ਾਹੀ ਕੈਲੰਡਰ ਦੇ ਨਾਂ ਹੇਠ ਬਿਕਰਮੀ ਕੈਲੰਡਰ ਜਾਰੀ ਕਰਕੇ ਸਿੱਖ ਜਗਤ ਨਾਲ ਧੋਖਾ ਕੀਤਾ ਹੈ।

## ਸੰਸਦ ਵਿਚ ਵੀ ਕੈਲੰਡਰ ਵਿਵਾਦ ਦੀ ਗੂੰਜ

**ਨਵੀਂ ਦਿੱਲੀ:** ਨਾਨਕਸ਼ਾਹੀ ਕੈਲੰਡਰ ਵਿਚ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਤੇ ਥਲ ਸੈਨਾ ਦੇ ਸਾਬਕਾ ਮੁਖੀ ਜਨਰਲ ਏ. ਐਸ. ਵੈਦਿਆ ਦੇ ਹਤਿਆਰਿਆਂ ਦੀ ਬਰਸੀ ਨੂੰ ‘ਸ਼ਹਾਦਤ ਦਿਵਸ’ ਵਜੋਂ ਦਰਜ ਕਰਨ ਦੇ ਵਿਰੋਧ ਵਿਚ ਕਾਂਗਰਸ ਨੇ ਸੰਸਦ ਦੇ ਦੋਵਾਂ ਸਦਨਾਂ ਵਿਚ ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਤਿੱਖੀ ਆਲੋਚਨਾ ਕੀਤੀ। ਉਧਰ ਸ਼੍ਰੋਮਣੀ ਅਕਾਲੀ ਦਲ ਨੇ ਕਿਹਾ ਹੈ ਕਿ ਉਸ ਦਾ ਇਸ ਮਾਮਲੇ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਕਾਂਗਰਸ ਦੇ ਮੈਂਬਰਾਂ ਨੇ ਇਹ ਮੁੱਦਾ ਦੋਵਾਂ ਸਦਨਾਂ ਵਿਚ ਉਠਾਇਆ ਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੋਂ ਇਸ ਮਾਮਲੇ ਵਿਚ ਦਖਲ ਦੇਣ ਦੀ ਮੰਗ ਕਰਦਿਆਂ ਕਿਹਾ ਕਿ ਉਹ ਰਾਜ ਸਰਕਾਰ ਨੂੰ ਹੁਕਮ ਦੇਣ ਕਿ ਸ਼੍ਰੋਮਣੀ ਕਮੇਟੀ ਇਹ ਕੈਲੰਡਰ ਵਾਪਸ ਲਏ

# ਪੰਜਾਬ ਸਰਕਾਰ ਨੇ ਅੱਠ ਸਾਲਾਂ ਵਿਚ 94000 ਕਰੋੜ ਦਾ ਕਰਜ਼ਾ ਲਿਆ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਅੱਠ ਸਾਲਾਂ ਦੌਰਾਨ 94,000 ਕਰੋੜ ਦਾ ਕਰਜ਼ਾ ਲਿਆ ਹੈ। ਪੰਜਾਬ ਵਿਧਾਨ ਸਭਾ ਵਿਚ ਰਾਜ ਦੇ ਆਉਂਦੇ ਮਾਲੀ ਸਾਲ ਲਈ ਪੇਸ਼ ਕੀਤੀਆਂ ਗਈਆਂ ਬਜਟ ਤਜਵੀਜ਼ਾਂ ’ਤੇ ਬਹਿਸ ਕਰਦਿਆਂ ਕਾਂਗਰਸ ਵੱਲੋਂ ਮੁੱਖ ਬੁਲਾਰੇ ਤੇ ਸਾਬਕਾ ਖਜ਼ਾਨਾ ਮੰਤਰੀ ਲਾਲ ਸਿੰਘ ਨੇ ਦੋਸ਼ ਲਾਇਆ ਕਿ ਅਕਾਲੀ ਭਾਜਪਾ ਸਰਕਾਰ ਵੱਲੋਂ ਮਗਰਲੇ ਅੱਠ ਸਾਲ ਦੇ ਕਾਰਜਕਾਲ ਦੌਰਾਨ 94 ਹਜ਼ਾਰ ਕਰੋੜ ਰੁਪਏ ਦਾ ਹੋਰ ਕਰਜ਼ਾ ਰਾਜ ਸਿਰ ਚਾੜ੍ਹਿਆ, ਉਨ੍ਹਾਂ ਆਪਣੇ ਇਸ ਦਾਅਵੇ ਦੇ ਹੱਕ ਵਿਚ ਬਜਟ ਤਜਵੀਜ਼ਾਂ ਨਾਲ ਪੇਸ਼ ਕੀਤੀਆਂ ਗਈਆਂ ਰਿਪੋਰਟਾਂ ਨੂੰ ਅਧਾਰ ਬਣਾ ਕੇ ਸਬੂਤ ਵੀ ਪੇਸ਼ ਕੀਤੇ। ਸ. ਲਾਲ ਸਿੰਘ ਨੇ ਕਿਹਾ ਕਿ ਇਸ ਵੇਲੇ ਰਾਜ ਨੂੰ ਹਰ ਰੋਜ਼ 28 ਕਰੋੜ ਰੁਪਏ ਦਾ ਵਿਆਜ ਦੇਣਾ ਪੈ ਰਿਹਾ ਹੈ, ਜਦੋਂਕਿ ਕਰਜ਼ੇ ਦਾ ਮੂਲ ਇਸ ਤੋਂ ਇਲਾਵਾ ਹੈ।

ਉਨ੍ਹਾਂ ਕਿਹਾ ਕਿ ਰਾਜ ਸਰਕਾਰ ਵੱਲੋਂ ਖ਼ੁਦ ਹੀ ਮੰਨਿਆ ਗਿਆ ਹੈ ਕਿ ਉਸ ਸਿਰ ਕੁੱਲ ਕਰਜ਼ਾ 1,24,000 ਕਰੋੜ ਨੂੰ ਆਉਂਦੇ ਮਾਲੀ ਸਾਲ ਦੌਰਾਨ ਪਾਰ ਕਰ ਜਾਵੇਗਾ, ਜਦੋਂਕਿ ਉਸ ਵੱਲੋਂ ਬੋਰਡਾਂ ਤੇ ਕਾਰਪੋਰੇਸ਼ਨਾਂ ਵੱਲੋਂ ਸਰਕਾਰੀ ਗਰੰਟੀਆਂ ਰਾਹੀਂ ਲਏ ਗਏ ਕਰਜ਼ਿਆਂ ਦਾ ਜ਼ਿਕਰ ਨਹੀਂ ਕੀਤਾ ਗਿਆ, ਜੋ ਕਿ ਬਜਟ ਤਜਵੀਜ਼ਾਂ ਨਾਲ ਪੇਸ਼ ਕੀਤੀਆਂ ਰਿਪੋਰਟਾਂ ਵਿਚ 71374 ਕਰੋੜ ਰੁਪਏ ਦਰਸਾਇਆ ਗਿਆ ਹੈ।

ਸ. ਲਾਲ ਸਿੰਘ ਨੇ ਕਿਹਾ ਕਿ ਅਕਾਲੀ ਅੱਗੇ ਤਾਂ ਹਮੇਸ਼ਾ ਠੀਕਰਾ ਕੇਂਦਰ ਸਿਰ ਭੰਨ ਕੇ ਆਪਣੇ ਆਪ ਨੂੰ ਹਰੇਕ ਮਸਲੇ ਵਿਚੋਂ ਬਾਹਰ ਕੱਢਦੇ ਰਹੇ ਪਰ ਜੇਕਰ ਹੁਣ ਮੁੱਖ ਮੰਤਰੀ ਕੇਂਦਰ ਦੇ ਪੰਜਾਬ ਪ੍ਰਤੀ ਉਕਤ ਵਿਤਕਰੇ ਵਾਲੇ ਰਵੱਈਏ ਵਿਰੁੱਧ ਖੜ੍ਹਾ ਨਾ ਹੋ ਸਕੇ ਤਾਂ ਇਸ ਦਾ ਪੰਜਾਬ ਨੂੰ ਵੱਡਾ ਨੁਕਸਾਨ ਹੋਵੇਗਾ।

## ‘ਆਪ’ ਦੀ ਮਾਨਤਾ ਹੋਏਗੀ ਰੱਦ!

**ਨਵੀਂ ਦਿੱਲੀ:** ਦਿੱਲੀ ਵਿਚ ਇਤਿਹਾਸਕ ਜਿੱਤ ਦਰਜ ਕਰਵਾਉਣ ਵਾਲੀ ਆਮ ਆਦਮੀ ਪਾਰਟੀ (ਆਪ) ਦੀ ਮਾਨਤਾ ਰੱਦ ਹੋ ਸਕਦੀ ਹੈ। ਪਿਛਲੀਆਂ ਲੋਕ ਸਭਾ ਚੋਣਾਂ ਲਈ ਖਰਚ ਬਾਰੇ ਜਾਣਕਾਰੀ ਨਾ ਦਿੱਤੇ ਜਾਣ ਦੇ ਮਾਮਲੇ ਵਿਚ ਚੋਣ ਕਮਿਸ਼ਨ ਨੇ ‘ਆਪ’ ਸਮੇਤ 6 ਪਾਰਟੀਆਂ ਨੂੰ ਨੋਟਿਸ ਭੇਜਿਆ ਹੈ। ਇਸ ਨੋਟਿਸ ਤੋਂ ਬਾਅਦ ‘ਆਪ’ ਸਮੇਤ ਸਾਰੇ ਦਲਾਂ ਦੀ ਮਾਨਤਾ ਰੱਦ ਹੋਣ ਦਾ ਖਤਰਾ ਪੈਦਾ ਹੋ ਗਿਆ ਹੈ।

ਚੋਣ ਕਮਿਸ਼ਨ ਨੇ ਇਨ੍ਹਾਂ ਖਿਲਾਫ ਚੋਣ ਨਿਸ਼ਾਨ (ਰਾਖਵਾਂਕਰਨ ਤੇ ਵੰਡ) ਨਿਯਮ ਦੀ ਧਾਰਾ 16 (ਏ) ਲਗਾਈ ਹੈ, ਜਿਸ ਦੇ ਅਧੀਨ ਕਮਿਸ਼ਨ ਨੂੰ ਨਿਯਮਾਂ ਦੀ ਉਲੰਘਣਾ ਕਰਨ ਵਾਲੀ ਕਿਸੇ ਮਾਨਤਾ ਪ੍ਰਾਪਤ ਸਿਆਸੀ ਪਾਰਟੀ ਦੀ ਮਾਨਤਾ ਰੱਦ ਕਰਨ ਦਾ ਅਧਿਕਾਰ ਹੈ। ਕਮਿਸ਼ਨ ਨੇ ਇਨ੍ਹਾਂ ਪਾਰਟੀਆਂ ਨੂੰ ਹੁਕਮ ਦੀ ਪਾਲਣਾ ਕਰਨ ਲਈ 20 ਦਿਨਾਂ ਅੰਦਰ ਜਾਣਕਾਰੀ ਦੇਣ ਲਈ ਆਖਰੀ ਮੌਕਾ ਦਿੱਤਾ ਹੈ।

## ਛੋਟੇਪੁਰ ਵਲੋਂ ਖਹਿਰਾ ਨੂੰ ‘ਆਪ’ ਵਿਚ ਸ਼ਾਮਲ ਕਰਨ ਦੀ ਸਿਫਾਰਸ਼

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਨੇ ਪਾਰਟੀ ਹਾਈਕਮਾਨ ਨੂੰ ਸਿਫਾਰਸ਼ ਕੀਤੀ ਹੈ ਕਿ ਪੰਜਾਬ ਕਾਂਗਰਸ ਦੇ ਬੁਲਾਰੇ ਤੇ ਸਾਬਕਾ ਵਿਧਾਇਕ ਸੁਖਪਾਲ ਸਿੰਘ ਖਹਿਰਾ, ਜਿਨਾਂ ਨੂੰ ਅਕਾਲੀਆਂ ਨੇ ਪਿਛਲੇ ਕੁਝ ਦਿਨਾਂ ਤੋਂ ਤਸਕਰੀ ਦੇ ਕੇਸਾਂ ਵਿਚ ਸ਼ਾਮਲ ਹੋਣ ਦੇ ਦੋਸ਼ਾ ਵਿਚ ਬੁਰੀ ਤਰ੍ਹਾਂ ਘੇਰ ਰੱਖਿਆ ਹੈ, ਨੂੰ ‘ਆਪ’ ਵਿਚ ਸ਼ਾਮਲ ਕਰ ਲਿਆ ਜਾਏ।



ਉਹ ਨਿਕਟ ਭਵਿੱਖ ਦੀ ਰਾਜਨੀਤੀ ਵਿਚ ‘ਆਪ’ ਲਈ ਫਾਇਦੇਮੰਦ ਹੋ ਸਕਦੇ ਹਨ ਪਰ ਪਤਾ ਲੱਗਾ ਹੈ ਕਿ ਅਜੇ ਤੱਕ ਸ. ਖਹਿਰਾ ਨੇ ਕਾਂਗਰਸ ਦਾ ਸਿਆਸੀ ਪੱਲਾ ਨਹੀਂ ਛੱਡਿਆ। ਉਹ ਅਜੇ ਤੱਕ ਦੁਬਿਧਾ ਵਿਚ ਹਨ ਕਿ ਹੁਣ ਕਰਨ ਤੇ ਕੀ ਕਰਨ।

ਪਤਾ ਲੱਗਾ ਹੈ ਕਿ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਪਾਰਟੀ ਦੀ ਹਾਈਕਮਾਨ ਨੂੰ ਲਿਖਿਆ ਹੈ ਕਿ ਸ. ਖਹਿਰਾ ’ਤੇ ਗੰਭੀਰ ਦੋਸ਼ ਲੱਗ ਰਹੇ ਹਨ, ਇਸ ਲਈ ਉਨ੍ਹਾਂ ਨੂੰ ਕਾਗਰਸ ਵਿਚੋਂ ਕੱਢ ਦਿੱਤਾ ਜਾਏ।

# ਧੂਰੀ ਦੀ ਜ਼ਿਮਨੀ ਚੋਣ ਬਣੀ ਵੱਕਾਰ ਦਾ ਸਵਾਲ, ਬੱਝਿਆ ਸਿਆਸੀ ਪਿੜ

**ਸੰਗਰੂਰ:** ਧੂਰੀ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਲਈ ਸੂਬੇ ਦੀਆਂ ਸਾਰੀਆਂ ਸਿਆਸੀ ਧਿਰਾਂ ਨੇ ਸਰਗਰਮੀ ਫੜ ਲਈ ਹੈ। ਚੋਣ ਲਈ ਸ਼੍ਰੋਮਣੀ ਅਕਾਲੀ ਦਲ ਨੇ ਸ਼ਹੀਦ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਅਤਿ ਨਜ਼ਦੀਕੀ ਤੇ ਤਿੰਨ ਵਾਰ ਵਿਧਾਇਕ ਰਹੇ ਗੋਬਿੰਦ ਸਿੰਘ ਲੌਂਗੋਵਾਲ ਨੂੰ ਚੋਣ ਮੈਦਾਨ ਵਿਚ ਉਤਾਰਿਆ ਹੈ। ਇਸ ਹਲਕੇ ਵਿਚ ਕਾਂਗਰਸ ਪਾਰਟੀ ਨੇ ਵੀ ਆਪਣਾ ਪੱਤਾ ਖੇਡਦਿਆਂ ਨੌਜਵਾਨ ਉਮੀਦਵਾਰ ਸਿਮਰਪ੍ਰਤਾਪ ਸਿੰਘ ਬਰਨਾਲਾ ਪੋਤਰਾ ਸਾਬਕਾ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨੂੰ ਟਿਕਟ ਦੇ ਕੇ ਦੰਗਲ ਵਿਚ ਉਤਾਰਿਆ ਹੈ। ਵਿਧਾਨ ਸਭਾ ਹਲਕੇ ਧੂਰੀ ਤੋਂ ਸਿਮਰਪ੍ਰਤਾਪ ਸਿੰਘ ਬਰਨਾਲਾ ਦੇ ਪਿਤਾ ਗਗਨਦੀਪ ਸਿੰਘ ਬਰਨਾਲਾ 2002 ਵਿਚ ਧੂਰੀ ਤੋਂ ਵਿਧਾਇਕ ਬਣੇ ਹਨ ਤੇ ਸੁਰਜੀਤ ਸਿੰਘ ਬਰਨਾਲਾ ਨੇ ਰਾਜਪਾਲ ਹੁੰਦਿਆਂ ਧੂਰੀ ਵਿਚ ਓਵਰਬ੍ਰਿਜ ਤੇ ਹੋਰ ਕਾਰਜ ਕਰਵਾਉਣ ਵਿਚ ਅਹਿਮ ਭੂਮਿਕਾ ਨਿਭਾਈ ਦੱਸੀ ਗਈ ਹੈ।



ਚੋਣਾਂ ਵਿਚ ਫਤਿਹ ਲਈ ਪੰਜਾਬ ਕਾਂਗਰਸ ਨੇ ਵੀ ਅੰਦਰੂਨੀ ਕਲੇਸ਼ ਨੂੰ ਲਾਂਭੇ ਕਰ ਦਿੱਤਾ ਹੈ। ਸਮੁੱਚੀ ਲੀਡਰਸ਼ਿਪ ਨੇ ਧੂਰੀ ਵਿਖੇ ਇਕ ਮੰਚ ਉਤੇ ਇਕੱਠੇ ਹੋ ਕੇ 'ਹਮ ਸਾਥ ਸਾਥ ਹੈ' ਹੋਣ ਦਾ ਸਬੂਤ ਦਿੱਤਾ। ਧੂਰੀ ਵਿਖੇ ਪੰਜਾਬ ਕਾਂਗਰਸ ਦੀ ਸਮੁੱਚੀ ਲੀਡਰਸ਼ਿਪ ਪਾਰਟੀ ਉਮੀਦਵਾਰ ਸਿਮਰਪ੍ਰਤਾਪ ਸਿੰਘ ਬਰਨਾਲਾ ਦੇ ਨਾਮਜ਼ਦਗੀ ਪੱਤਰ ਦਾਖ਼ਲ ਕਰਵਾਉਣ ਲਈ ਪੁੱਜੀ ਸੀ। ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਤੇ ਲੋਕ ਸਭਾ ਵਿਚ ਪਾਰਟੀ ਦੇ ਉਪ ਨੇਤਾ ਕੈਪਟਨ ਅਮਰਿੰਦਰ ਸਿੰਘ ਵੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ, ਜਿਨ੍ਹਾਂ ਨੂੰ ਇਕ ਮੰਚ ਉਤੇ ਇਕੱਠਿਆਂ ਤੇ ਇਕ ਦੂਜੇ ਪ੍ਰਤੀ ਨਰਮੀ ਵੇਖ ਕੇ ਕਾਂਗਰਸੀ ਵਰਕਰਾਂ ਵਿਚ ਉਤਸ਼ਾਹ ਵੇਖਣ ਨੂੰ ਮਿਲਿਆ।

ਪੰਜਾਬ ਕਾਂਗਰਸ ਦੇ ਇੰਚਾਰਜ ਸ਼ਕੀਲ ਅਹਿਮਦ, ਬਾਜਵਾ ਤੇ ਸਾਬਕਾ ਮੁੱਖ ਮੰਤਰੀ ਬੀਬੀ ਰਾਜਿੰਦਰ ਕੌਰ ਭੱਠਲ ਤਿੰਨੋਂ ਇਕੱਠਿਆਂ ਪਹਿਲਾਂ ਬਰਨਾਲਾ ਨਿਵਾਸ ਤੇ ਬਾਅਦ ਵਿਚ ਰੈਲੀ ਵਿਚ ਪੁੱਜੇ, ਜਦੋਂ ਕਿ ਰੈਲੀ ਸ਼ੁਰੂ ਹੋਣ ਤੋਂ ਕਰੀਬ ਅੱਧਾ ਘੰਟਾ ਪਿਛੋਂ ਕੈਪਟਨ ਅਮਰਿੰਦਰ ਸਿੰਘ ਤੇ ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਸੁਨੀਲ ਜਾਖੜ ਆਪਣੇ ਪੂਰੇ ਲਾਮ ਲਸ਼ਕਰ ਸਮੇਤ ਸਿੱਧੇ ਰੈਲੀ ਵਿਚ ਸ਼ਾਮਲ ਹੋਏ। ਜਿਉਂ ਹੀ ਕੈਪਟਨ ਅਮਰਿੰਦਰ ਸਿੰਘ ਸਟੇਜ 'ਤੇ ਚੜ੍ਹੇ ਤਾਂ ਸਾਰੇ ਆਗੂਆਂ ਨੇ ਉਨ੍ਹਾਂ ਦਾ ਖੜ੍ਹੇ ਹੋ ਕੇ ਸਵਾਗਤ ਕੀਤਾ ਪਰ ਪ੍ਰਤਾਪ ਸਿੰਘ ਬਾਜਵਾ ਆਪਣੀ ਕੁਰਸੀ 'ਤੇ ਬਿਰਾਜਮਾਨ ਰਹੇ।

ਕੈਪਟਨ ਅਮਰਿੰਦਰ ਸਿੰਘ ਨੇ ਸਾਰੇ ਆਗੂਆਂ ਨਾਲ ਹੱਥ ਮਿਲਾਇਆ ਤੇ ਗਰਮਜੋਸ਼ੀ ਨਾਲ ਮਿਲੇ ਪਰ ਪ੍ਰਤਾਪ ਸਿੰਘ ਬਾਜਵਾ ਨਾਲ ਹੱਥ ਨਹੀਂ ਮਿਲਾਇਆ। ਦੋਵਾਂ ਨੇ ਸੰਬੋਧਨ ਤੋਂ ਪਹਿਲਾਂ ਇਕ ਦੂਜੇ ਦਾ ਨਾਮ ਜ਼ਰੂਰ ਲਿਆ। ਕੈਪਟਨ ਅਮਰਿੰਦਰ ਸਿੰਘ ਨਾਲ ਮਤਭੇਦਾਂ ਬਾਰੇ ਸ੍ਰੀ ਬਾਜਵਾ ਨੇ ਕਿਹਾ ਕਿ ਅਸੀਂ ਸਾਰੇ ਇਕਜੁੱਟ ਹਾਂ ਪਰ ਜੇਕਰ ਕਿਸੇ ਨਾਲ ਦਿਲ ਨਹੀਂ ਮਿਲਦਾ ਤਾਂ ਇਹ ਕੋਈ ਵੱਡੀ ਗੱਲ ਨਹੀਂ ਕਿਉਂਕਿ ਦਿਲ ਤਾਂ ਅਕਾਲੀ ਦਲ ਤੇ ਭਾਜਪਾ ਦੇ ਵੀ ਨਹੀਂ ਮਿਲਦੇ।

## ਬਾਦਲ ਵੱਲ ਜੁੱਤੀ ਸੁੱਟਣ ਵਾਲੇ ਵਿਕਰਮ ਧਨੌਲਾ ਨੇ ਭਰੇ ਕਾਗਜ਼

**ਧੂਰੀ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਉਤੇ ਇਕ ਸਮਾਗਮ ਦੌਰਾਨ ਜੁੱਤੀ ਸੁੱਟਣ ਵਾਲੇ ਵਿਕਰਮ ਕੁਮਾਰ ਉਰਫ ਬਿਕਰਮ ਸਿੰਘ ਧਨੌਲਾ ਨੇ ਧੂਰੀ ਜ਼ਿਮਨੀ ਚੋਣ ਲਈ ਆਜ਼ਾਦ ਉਮੀਦਵਾਰ ਵਜੋਂ ਆਪਣੇ ਨਾਮਜ਼ਦਗੀ ਕਾਗਜ਼ ਦਾਖਲ ਕੀਤੇ ਹਨ। ਉਸ ਵੱਲੋਂ ਦਿੱਤੇ ਵੇਰਵੇ ਅਨੁਸਾਰ ਉਸ ਕੋਲ ਕਿਸੇ ਵੀ ਕਿਸਮ ਦੀ ਅਚੱਲ ਜਾਇਦਾਦ ਨਹੀਂ ਹੈ।

## ਭਗਵੰਤ ਵਲੋਂ ਤਲਾਕ ਲਈ ਅਰਜ਼ੀ ਦਾਇਰ

**ਮੁਹਾਲੀ:** ਆਮ ਆਦਮੀ ਪਾਰਟੀ ਦੇ ਲੋਕ ਸਭਾ ਮੈਂਬਰ ਭਗਵੰਤ ਮਾਨ ਤੇ ਅਮਰੀਕੀ ਮਾਹੌਲ ਵਿਚ ਪਲੀ ਉਸਦੀ ਪਤਨੀ ਇੰਦਰਪ੍ਰੀਤ ਕੌਰ ਨੇ ਇਥੇ ਅਦਾਲਤ ਵਿਚ ਆਪਸੀ ਸਹਿਮਤੀ ਦੇ ਨਾਲ ਤਲਾਕ ਲਈ ਅਰਜ਼ੀ ਦਾਇਰ ਕੀਤੀ ਹੈ।



ਜ਼ਿਲ੍ਹਾ ਅਦਾਲਤ ਵਿਚ ਤਲਾਕ ਦੀ ਅਰਜ਼ੀ ਭਾਵੇਂ ਦੋਵਾਂ ਨੇ ਆਪਸੀ ਸਹਿਮਤੀ ਨਾਲ ਪੇਸ਼ ਕੀਤੀ ਹੈ, ਪਰ ਆਮ ਆਦਮੀ ਇਹ ਸੋਚ ਰਿਹਾ ਹੈ ਕਿ ਉਨ੍ਹਾਂ ਦੇ ਆਪਣੇ ਦੇਸ਼ ਦਾ ਭਵਿੱਖ ਉਸ ਆਦਮੀ ਦੇ ਹੱਥ ਵਿਚ ਸੌਂਪਿਆ ਸੀ ਜੋ ਆਪਣੇ ਪਰਿਵਾਰ ਦਾ ਭਵਿੱਖ ਵੀ ਨਹੀਂ ਬਚਾ ਸਕਿਆ। ਇੰਦਰਪ੍ਰੀਤ ਕੌਰ ਜ਼ਿਆਦਾਤਰ ਕੈਲੇਫੋਰਨੀਆਂ (ਅਮਰੀਕਾ) ਵਿਚ ਆਪਣੇ ਦੋ ਬੱਚਿਆਂ ਨਾਲ ਰਹਿੰਦੀ ਹੈ ਤੇ ਭਗਵੰਤ ਮੁਹਾਲੀ ਤੇ ਦਿੱਲੀ ਵਿਚ ਰਹਿੰਦੇ ਹਨ ਜਿਸ ਕਾਰਨ ਦੋਵਾਂ ਵਿਚ ਦੂਰੀਆਂ ਵਧ ਗਈਆਂ ਕਿ ਗੱਲ ਤਲਾਕ ਤੱਕ ਪੁੱਜ ਗਈ। ਅਦਾਲਤ ਨੇ ਇਸ ਮਾਮਲੇ ਦੀ ਅਗਲੀ ਸੁਣਵਾਈ ਇਕ ਅਕਤੂਬਰ ਉਤੇ ਪਾ ਦਿੱਤੀ ਹੈ। ਉਨ੍ਹਾਂ ਆਪਣੇ ਵਕੀਲ ਜੀ.ਐਸ. ਸਿੱਧੂ ਦੇ ਰਾਹੀਂ ਹਿੰਦੂ ਮੈਰਿਜ ਐਕਟ ਦੀ ਧਾਰਾ 13 ਬੀ ਦੇ ਤਹਿਤ ਸਾਂਝੇ ਤੌਰ ਉਤੇ ਸਿਵਲ ਪਟੀਸ਼ਨ ਦਾਇਰ ਕੀਤੀ ਗਈ।

ਇਸੇ ਦੌਰਾਨ ਭਗਵੰਤ ਮਾਨ ਵੱਲੋਂ ਫੇਸਬੁੱਕ ਉਤੇ ਕੀਤੀ ਟਿੱਪਣੀ, ਕਿ ਉਹਨੇ ਪੰਜਾਬ ਖਾਤਰ ਪਰਿਵਾਰ ਤਿਆਗ ਦਿੱਤਾ ਹੈ, ਦੀ ਲੋਕਾਂ ਵੱਲੋਂ ਬਹੁਤ ਤਿੱਖੀ ਨੁਕਤਾਚੀਨੀ ਕੀਤੀ ਜਾ ਰਹੀ ਹੈ। ਲੋਕਾਂ ਮੁਤਾਬਕ ਭਗਵੰਤ ਮਾਨ ਪਰਿਵਾਰਕ ਝੇੜਿਆਂ ਨੂੰ ਸਿਆਸਤ ਲਈ ਵਰਤਣ ਦਾ ਕੋਝਾ ਯਤਨ ਕਰ ਰਿਹਾ ਹੈ।


Sistar Mortgage

Minimizing Cost, Maximizing Investment
www.SistarMortgage.com



Balbir (Bill) Grewal, Loan Officer
*Residential & Commercial Loans*
(734) 330-8859 Mobile
(586) 802-7385 Fax
Balbir.Grewal@SistarMortgage.com
*Refinance up to 125% value of the house.*

*Loans Available In Most States!*

>100% FHA Financing >Residential (Purchase & *Refinance) >Self Employed >Cash Out Refinance >Investment Property Loans >Jumbo Loans >Commercial Property With Business or Business Only






1. Brand new showers and bathroom
2. Truck repair shop
3. 20 Cents cheaper reefer fuel
4. Free Scale with 100 gallons fuel purchase
5. Fully Paved truck parking,
6. Free Wi-Fi & Driver lounge
7. Pizza & Arby's Restaurant

ਪੰਜਾਬੀਆਂ ਦਾ ਆਪਣਾ ਟਰੱਕ ਸਟਾਪ

Indian Restaurant Coming Soon.

Guaranteed 100% pure diesel no bio diesel.
100% ਪਿਓਰ ਡੀਜ਼ਲ, ਕੋਈ ਬਾਇਓ ਡੀਜ਼ਲ ਨਹੀਂ

ਹਰ ਗੈਲਨ 'ਤੇ 10 ਸੈਂਟ ਬਚਾਓ, ਖਰਚ ਘਟਾਓ, ਪੈਸੇ ਬਚਾਓ

Ph: 317-291-2300, ext. 22

# ਆਪਣੀ ਅੰਮ੍ਰਿਤਾ




## ਰੰਗਾਂ ਦੀ ਖਾਮੋਸ਼ ਇਬਾਰਤ

*ਅੰਮ੍ਰਿਤਾ ਸ਼ੇਰਗਿਲ ਨੇ ਕਦੀ ਕਿਹਾ ਸੀ ਕਿ ਯੂਰਪ ਪਿਕਾਸੋ, ਮਿਤਾਸੀ ਤੇ ਕਈ ਹੋਰ ਚਿੱਤਰਕਾਰਾਂ ਦਾ ਹੈ ਅਤੇ ਭਾਰਤ ਸਿਰਫ ਮੇਰਾ ਹੈ।...ਹਾਲ ਹੀ ਵਿਚ ਨਿਊ ਯਾਰਕ ਵਿਚ ਉਹਦੀ ਇਕ ਪੇਂਟਿੰਗ 29 ਲੱਖ ਡਾਲਰ ਦੀ ਵਿਕੀ ਹੈ। ਇਹ ਸੈਲਫ ਪੋਰਟਰੇਟ ਅੰਮ੍ਰਿਤਾ ਨੇ 1933 ਵਿਚ ਬਣਾਈ ਸੀ ਜਦੋਂ ਉਹਦੀ ਉਮਰ ਮਹਿਜ਼ 19 ਸਾਲ ਦੀ ਸੀ। ਇਸ ਵਿਚ ਵਰਤੇ ਸ਼ੋਖ ਰੰਗ ਉਹਦੀ ਆਪਣੀ ਜੀਵਨ ਕਹਾਣੀ ਭਲੀ-ਭਾਂਤ ਬਿਆਨ ਕਰਦੇ ਹਨ। ਇਸ ਪੇਂਟਿੰਗ, ਅੰਮ੍ਰਿਤਾ ਸ਼ੇਰਗਿਲ ਦੀ ਕਲਾ ਅਤੇ ਉਹਦੇ ਜੀਵਨ ਬਾਰੇ ਸ਼ਗੁਨ ਗੁਪਤਾ ਦਾ ਇਹ ਲੇਖ ਛਾਪ ਕੇ ਅਸੀਂ ਇਸ ਅਨੂਠੀ ਪੇਂਟਰ ਅਤੇ ਉਹਦੀ ਕਲਾ ਨੂੰ ਸਲਾਮੀ ਦੇ ਰਹੇ ਹਾਂ। -ਸੰਪਾਦਕ*

ਰੰਗਾਂ ਦੀ ਦੁਨੀਆਂ ਵਿਚ ਅੰਮ੍ਰਿਤਾ ਸ਼ੇਰਗਿਲ (30 ਜਨਵਰੀ 1913-5 ਦਸੰਬਰ 1941) ਦਾ ਨਾਂ ਕਈ ਮਾਮਲਿਆਂ ਕਰ ਕੇ ਬੜੇ ਮਾਇਨੇ ਰੱਖਦਾ ਹੈ। ਬਹੁਤੇ ਲੋਕੀ ਉਹਦੀ ਤੁਲਨਾ ਮੈਕਸੀਕਨ ਚਿੱਤਰਕਾਰ ਫਰੀਦਾ ਕਾਹਲੋ (1907-1954) ਨਾਲ ਕਰਦੇ ਹਨ ਅਤੇ ਕਈ ਤਾਂ ਉਸ ਨੂੰ 'ਭਾਰਤ ਦੀ ਫਰੀਦਾ ਕਾਹਲੋ' ਵੀ ਕਹਿੰਦੇ ਸੁਣੀਂਦੇ ਹਨ, ਪਰ ਕਈ ਲੋਕ ਅਜਿਹੇ

ਸ਼ਗੁਨ ਗੁਪਤਾ

ਵੀ ਮਿਲ ਜਾਣਗੇ ਜਿਹੜੇ ਇਹ ਕਹਿੰਦੇ ਹਨ ਕਿ 'ਅੰਮ੍ਰਿਤਾ ਭਾਰਤ ਦੀ ਫਰੀਦਾ ਕਾਹਲੋ' ਨਹੀਂ, ਬਲਕਿ 'ਫਰੀਦਾ ਕਾਹਲੋ ਮੈਕਸੀਕੋ ਦੀ ਅੰਮ੍ਰਿਤਾ ਸ਼ੇਰਗਿਲ' ਹੈ। ਇਸ ਨਿੱਕੀ, ਪਰ ਅਹਿਮ ਚਰਚਾ ਤੋਂ ਅੰਮ੍ਰਿਤਾ ਦੀ ਸੰਸਾਰ ਪੱਧਰ ਦੀ ਪ੍ਰਸਿੱਧੀ ਦੀ ਕਨਸੋਅ ਮਿਲਦੀ ਹੈ। ਉਹਦਾ ਨਾਂ ਸੰਸਾਰ ਚਿੱਤਰਕਲਾ ਵਿਚ ਵੱਜਦਾ ਹੈ ਅਤੇ ਉਸ ਵਲੋਂ ਕੈਨਵਸ ਉਤੇ ਰੰਗਾਂ ਦਾ ਜਿਹੜਾ ਨਾਚ ਕੀਤਾ ਗਿਆ ਹੈ, ਉਸ ਦਾ ਕੋਈ ਸਾਨੀ ਨਹੀਂ। ਉਹ ਆਪਣੀ ਮਿਸਾਲ ਆਪ ਹੈ ਅਤੇ ਇਸ ਲਿਹਾਜ਼ ਨਾਲ ਉਸ ਦੀ ਆਪਣੀ ਵੱਖਰੀ ਦੁਨੀਆਂ ਹੈ।

ਉਂਜ ਜੇ ਰਤਾ ਕੁ ਘੋਖਵੀਂ ਨਿਗ੍ਹਾ ਮਾਰੀ ਜਾਵੇ ਤਾਂ ਅੰਮ੍ਰਿਤਾ ਦੇ ਚਿੱਤਰਾਂ ਦੇ ਮੁੱਖ ਤੌਰ 'ਤੇ ਦੋ ਰੂਪ ਬਹੁਤ ਉਘੜ ਕੇ ਸਾਹਮਣੇ ਆਉਂਦੇ ਹਨ। ਉਹਦੇ ਬਹੁਤੇ ਚਿੱਤਰਾਂ ਵਿਚ ਸ਼ੋਖ ਰੰਗ ਤਾਂ ਹੈਨ ਹੀ, ਜਿਹੜੇ ਉਸ ਦੀਆਂ ਕਲਾ ਕ੍ਰਿਤਾਂ ਦੀ ਖਾਸੀਅਤ ਵੀ ਹਨ, ਪਰ ਅਜਿਹੇ ਚਿੱਤਰ ਵੀ ਬਥੇਰੇ ਹਨ ਜਿਨ੍ਹਾਂ ਵਿਚ ਪੇਸ਼ ਚਿਹਰੇ ਬਹੁਤ ਖਾਮੋਸ਼ ਦਿਖਾਈ ਦਿੰਦੇ ਹਨ। ਇਹ ਅੰਮ੍ਰਿਤਾ ਦੇ ਜੀਵਨ ਦੀ ਇਕ ਬੁਝਾਰਤ ਹੀ ਹੈ ਕਿ ਜ਼ਿੰਦਗੀ ਦੇ ਪਾਣੀਆਂ ਵਿਚ ਗਲ-ਗਲ ਤੱਕ ਡੁੱਬੀ ਹੋਈ ਅੰਮ੍ਰਿਤਾ ਦੇ ਇਨ੍ਹਾਂ ਚਿੱਤਰਾਂ ਵਿਚ ਇੰਨੀ ਖਾਮੋਸ਼ੀ ਕਿਸ ਤਰ੍ਹਾਂ ਆਣ ਬੈਠੀ ਹੈ!

ਅੰਮ੍ਰਿਤਾ ਸ਼ੇਰਗਿਲ ਦਾ ਜਨਮ ਹੰਗਰੀ ਦੇ ਸ਼ਹਿਰ ਬੁੱਦਾਪੈਸਟ ਵਿਚ ਸਿੱਖ ਵਿਦਵਾਨ ਤੇ ਅਰਿਸਟੋਕਰੇਟ ਉਮਰਾਓ ਸਿੰਘ ਸ਼ੇਰਗਿਲ ਅਤੇ ਹੰਗਰੀ ਦੀ ਓਪੇਰਾ ਗਾਇਕਾ ਮੇਰੀ ਅੰਤੋਨੀ ਗੌਤਸਮਾਨ ਦੇ ਘਰੇ ਹੋਇਆ। ਖੁਸ਼ਕਿਸਮਤੀ ਨੂੰ ਅੰਮ੍ਰਿਤਾ ਨੂੰ ਇਰਵਨ ਬਕਤੇ ਵਰਗਾ ਰਿਸ਼ਤੇਦਾਰ ਮਿਲਿਆ ਜਿਹੜਾ ਉਸ ਲਈ ਪ੍ਰੇਰਨਾ ਦਾ ਸਰੋਤ ਬਣਿਆ। ਇਰਵਨ ਖੁਦ ਚਿੱਤਰਕਾਰ ਸੀ, ਪਰ ਬਾਅਦ ਵਿਚ ਉਹਨੇ ਭਾਰਤ ਬਾਰੇ ਖੋਜ ਲਈ ਚਿੱਤਰਕਾਰੀ ਨੂੰ ਅਲਵਿਦਾ ਆਖ ਦਿੱਤੀ। ਹੁਣ ਉਹਦਾ ਨਾਂ ਇੰਡੋਲੋਜਿਸਟ ਵਜੋਂ ਮਸ਼ਹੂਰ ਹੈ। ਅੰਮ੍ਰਿਤਾ ਉਦੋਂ 16 ਵਰ੍ਹਿਆਂ ਦੀ ਸੀ ਜਦੋਂ ਉਹ ਚਿੱਤਰਕਾਰੀ ਦੀ ਸਿਖਲਾਈ ਲਈ ਪੈਰਿਸ ਪੁੱਜੀ। ਉਹਦੀ ਮਾਂ ਉਦੋਂ ਉਹਦੇ ਨਾਲ ਸੀ। ਪੈਰਿਸ ਵਿਚ ਉਸ ਨੇ ਸੰਸਾਰ ਪ੍ਰਸਿੱਧ ਚਿੱਤਰਕਾਰਾਂ ਅਤੇ ਉਨ੍ਹਾਂ ਦੀਆਂ ਕਲਾ ਕਿਰਤਾਂ ਨਾਲ ਆਪਣੇ ਆਪ ਨੂੰ ਜੋੜਿਆ ਅਤੇ ਫਿਰ ਖੁਦ ਰੰਗਾਂ ਦੀ ਦੁਨੀਆਂ ਸਿਰਜਣੀ ਅਰੰਭ ਕੀਤੀ। ਉਹਦੀ ਕਲਾ-ਉਡਾਣ ਨੇ ਸਭ ਦਾ ਧਿਆਨ ਖਿੱਚਿਆ ਅਤੇ ਜਦੋਂ 1932 ਵਿਚ ਉਸ ਨੇ 'ਯੰਗ ਗਰਲਜ਼' ਨਾਂ ਦੀ ਪੇਂਟਿੰਗ ਦੀ ਸਿਰਜਣਾ ਕੀਤੀ ਤਾਂ ਕਹਿੰਦੇ-ਕਹਾਉਂਦੇ ਚਿੱਤਰਕਾਰਾਂ ਦੀ ਨਜ਼ਰਾਂ ਉਸ ਵੱਲ ਘੁੰਮ ਗਈਆਂ। ਬਾਅਦ ਵਿਚ ਅੰਮ੍ਰਿਤਾ ਨੇ ਚਿੱਤਰਕਲਾ ਵਿਚ ਪੂਰਬ ਅਤੇ ਪੱਛਮ ਦਾ ਜਿਹੜਾ ਸੁਮੇਲ ਬਿਠਾਇਆ, ਉਹ ਬੇਜੋੜ ਹੋ ਨਿਬੜਿਆ।

ਆਪਣੀ 28 ਕੁ ਵਰ੍ਹਿਆਂ ਦੀ ਨਿੱਕੀ ਜਿਹੀ ਹਯਾਤੀ ਦੌਰਾਨ ਅੰਮ੍ਰਿਤਾ ਸ਼ੇਰਗਿਲ ਨੇ ਤਕਰੀਬਨ ਪੌਣੇ ਦੋ ਸੌ ਚਿੱਤਰ ਵਾਹੇ ਜਿਨ੍ਹਾਂ ਵਿਚੋਂ 95 ਭਾਰਤ ਦੇ ਵੱਖ-ਵੱਖ ਮਿਊਜ਼ੀਅਮਾਂ ਦਾ ਸ਼ਿੰਗਾਰ ਹਨ। ਇਨ੍ਹਾਂ ਕਲਾ ਕ੍ਰਿਤਾਂ ਨੂੰ ਭਾਰਤ ਦਾ ਅਨਮੋਲ ਖਜ਼ਾਨਾ ਗਿਣਿਆ ਗਿਆ ਹੈ। ਅੰਮ੍ਰਿਤਾ ਅਸਲ ਵਿਚ ਰੰਗਾਂ ਦੀ ਦੁਨੀਆਂ ਦਾ ਅਚੰਭਾ ਸੀ। ਉਸ ਨੇ ਰੰਗਾਂ ਦੇ ਆਕਾਸ਼ ਉਤੇ ਬਹੁਤ ਉਚੀ ਪਰਵਾਜ਼ ਭਰਨੀ ਸੀ, ਪਰ ਲਾਹੌਰ ਵਿਚ ਮੌਤ ਨੇ ਇਹ ਪਰਵਾਜ਼ ਵਿਚਾਲਿਓਂ ਵੱਢ ਦਿੱਤੀ। ਉਂਜ ਉਹਦੀਆਂ ਕਲਾ ਕ੍ਰਿਤਾਂ ਇਹ ਪਰਵਾਜ਼, ਨਿੱਤ ਭਰਦੀ ਪ੍ਰਤੀਤ ਹੁੰਦੀ ਹੈ।

**ਕਲਾ ਪਰਿਕਰਮਾ**




*ਸਿਰਜਣਾ ਦੇ ਪਲਾਂ ਦੌਰਾਨ ਅੰਮ੍ਰਿਤਾ।*




## ਸੋਨਮ ਕਪੂਰ ਬਣੇਗੀ ਅੰਮ੍ਰਿਤਾ ਸ਼ੇਰਗਿਲ

***...ਖਬਰ ਹੈ ਕਿ ਅੰਮ੍ਰਿਤਾ ਸ਼ੇਰਗਿਲ ਦੇ ਜੀਵਨ ਉਤੇ ਹਿੰਦੀ ਫਿਲਮ ਬਣਾਈ ਜਾ ਰਹੀ ਹੈ। ਫਿਲਮ ਵਿਚ ਅਦਾਕਾਰਾ ਸੋਨਮ ਕਪੂਰ ਨੂੰ ਲਿਆ ਜਾ ਰਿਹਾ ਹੈ। ਫਿਲਮ ਦੇ ਸਿਲਸਿਲੇ ਵਿਚ ਸੋਨਮ ਨੇ ਅੰਮ੍ਰਿਤਾ ਦੇ ਪਰਿਵਾਰ ਦੇ ਜੀਆਂ ਨਾਲ ਰਾਬਤਾ ਵੀ ਬਣਾਇਆ ਹੈ।***




# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 4 ਅਪਰੈਲ 2015 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-162



*ਖੇਡਣ ਉਮਰੇ ਫਰੋਲ ਆਏ ਹਾਂ, ਕੂੜਾ-ਕਰਕਟ ਸਾਰਾ।*
*ਆ ਜਾ ਕਲੂ, ਸ਼ਾਲੂ ਲਈਏ ਢੋਲ ਦਾ ਜ਼ਰਾ ਨਜ਼ਾਰਾ।*
*ਨੰਗੇ ਪਿੰਡੇ ਮਾਂ ਨੇ ਕੱਢ'ਤੇ, ਬੁਰਕੀ ਨਾ ਇੱਕ ਖਾਧੀ।*
*ਇਹੋ ਪਲ ਦੋ ਪਲ ਦੀ ਰਹਿ ਗਈ ਸਾਡੇ ਲਈ ਆਜ਼ਾਦੀ।*

## ਕੈਪਸ਼ਨ ਮੁਕਾਬਲਾ-160



ਮਾੜੇ ਢੱਗੇ ਰੋਗ ਨੇ ਛੱਤੀ
ਨਿਕਲੇ ਪਏ ਕਰੰਗ।
ਕਰਜੇ ਦੀ ਪੰਡ ਭਾਰੀ ਹੋ ਗਈ
ਹੋ ਗਿਆ ਜੱਟ ਮਲੰਗ।
ਸੱਚਾਂ ਦੇ ਵਿਚ ਡੁੱਬੇ ਹੋਏ ਨੇ
ਰਹਿਲ ਵਗਲ ਲਈ ਵੱਡੀ।
ਭੁੱਖਾ ਢਿੱਡ ਅੰਨ ਦਾਤੇ ਦਾ,
ਸਰਕਾਰਾਂ ਵੀ ਬਾਂਹ ਛੱਡੀ।

***-ਜਗਮੀਤ ਸਿੰਘ ਪੰਧੇਰ***
***ਫੋਨ: 91-98783-37222***

---

ਟਿਊਬਵੈਲਾਂ ਨੇ ਸਭ ਖੂਹ ਸੁਕਾਏ
ਨਾ ਗਾਧੀ ਉਤੇ ਹੁਣ ਰੱਬ ਵੱਸਦਾ।
ਨਾਰੇ-ਬੱਗੇ ਦੀਆਂ ਹੇਕਾਂ ਨਾ ਲੱਗਣ
ਨਾ ਢੋਲੇ-ਮਾਹੀਆ ਵਾਲਾ ਜੱਟ ਲੱਭਦਾ।
ਅੰਮ੍ਰਿਤ ਵੇਲੇ ਉਠ ਹਾਲੀ ਨਾ ਤੁਰਦਾ
ਜੋ ਖੜਕਾਵੇ ਬਲਦਾਂ ਗੱਲ ਟੱਲੀਆਂ।
ਸਮੇਂ ਦੀ ਚਾਲ ਨੇ ਸਭ ਗੁਆਏ
ਸਮਝੋ ਹਲ ਪੰਜਾਲੀਆਂ ਵੀ ਹੁਣ ਚੱਲੀਆਂ।

***-ਸੇਵਾ ਸਿੰਘ ਨੂਰਪੁਰੀ***
***ਸੈਨ ਹੋਜ਼ੇ, ਕੈਲੀਫੋਰਨੀਆ।***
***ਫੋਨ: 408-912-3438***

---

ਬਲਦਾਂ ਦੇ ਗਲ਼ ਪੰਜਾਲੀ
ਜੱਟ ਹੁਣ ਕੋਈ ਪਾਉਂਦਾ ਨ੍ਹੀਂ।
ਖੇਤਾਂ ਦੇ ਵਿਚ ਹੇਕਾਂ ਲਾ ਕੇ
ਹਾਲੀ ਕੋਈ ਗਾਉਂਦਾ ਨ੍ਹੀਂ।
ਖੇਤੀ ਦਾ ਕੰਮ ਸਾਂਭ ਲਿਆ
ਸਭ ਆ ਕੇ ਭੱਈਆਂ ਨੇ।
ਕਹਿੰਦੇ ਹੁਣ ਉਹੋ ਪਿੰਡ ਰਹੇ ਨਾ
ਗੱਲ ਆਖੀ ਕਈਆਂ ਨੇ।
ਨਾ ਆਪਸ ਵਿਚ ਪਿਆਰ ਰਿਹਾ
ਨਾ ਉਹ ਸਾਂਝਾਂ ਰਹੀਆਂ ਨੇ।

***-ਸਿਕੰਦਰ ਸਿੰਘ ਇਕੋਲਾਹਾ***
***ਡਿਕੇਟਰ, ਮਿਸ਼ੀਗਨ।***
***ਫੋਨ: 269-744-6986***

---

ਜੱਟ ਕਰਦਾ ਏ ਮਿਹਨਤ
ਪਰ ਪੱਲੇ ਕੱਖ ਨਾ ਪਵੇ।
ਕਿਸਾਨ ਵਿਰੋਧੀ ਸਰਕਾਰਾਂ ਦਾ
ਰੱਬਾ ਕੱਖ ਨਾ ਰਵ੍ਹੇ।

***-ਪਰਸ਼ੋਤਮ ਸਿੰਘ ਯੂਬਾ ਸਿਟੀ***

---

ਹੋ ਗਈ ਜ਼ਿੰਦਗੀ ਸੁਖਾਲੀ
ਜਿਨ੍ਹਾਂ ਕੋਲ ਹੈ ਮਸ਼ੀਨਰੀ।
ਵਾਹ, ਬੀਜ, ਭੁਗਤ ਦਿੰਦੇ ਫਸਲ ਇਕ ਦਮ
ਕੰਨ੍ਹੇ ਘੱਟ ਰਿਸਦੇ ਬਲਦਾਂ-ਝੋਟਿਆਂ ਦੇ।
ਹੋਇਆ ਸੌਖਾ ਹਾਲੀ ਵਹੀ ਵੀ
ਫੜ ਮੁੰਨਾ ਪਾ ਪੰਜਾਲੀ
ਸਿਆੜ ਵਹੁੰਦਾ ਸੀ ਦਿਨ ਭਰ।
ਲੁੱਟਿਆ ਜਾਂਦਾ ਹਮੇਸ਼ਾ ਅੰਨਦਾਤਾ
ਕੋਈ ਨਹੀਂ ਹੈ ਜੋ ਦਰਦ ਪਛਾਣੇ।

***-ਦਰਸ਼ਨ ਪਾਲ ਦੋਸਾਂਝ***

# ਜੋਗਾ ਜਦੋਂ ਆਪਣੇ 'ਜੋਗਾ' ਵੀ ਨਹੀਂ ਰਿਹਾ

## ਨੋਕ-ਝੋਕ



ਐਸ. ਅਸ਼ੋਕ ਭੌਰਾ

*ਵਿਕਸਤ ਯੁੱਗ ਦੇ ਲੋਕਾਂ ਦੀ ਇਸ ਪ੍ਰਵਿਰਤੀ ਨੂੰ ਤੁਸੀਂ ਵੀ ਪ੍ਰਵਾਨ ਕਰੋਗੇ ਕਿ ਜਿਹੜਾ ਸਾਹਮਣੇ ਬੈਠ ਕੇ ਤੁਹਾਡੀਆਂ ਸਿਫ਼ਤਾਂ ਦਾ 'ਲਵ-ਕੋਸ਼' ਲਿਖ ਰਿਹਾ ਹੁੰਦਾ ਹੈ, ਬਾਹਰ ਉਹੀ ਤੁਹਾਡੀਆਂ ਬੁਰਾਈਆਂ ਦਾ ਤਿੱਖਾ ਨਸ਼ਤਰ ਬਣ ਕੇ ਕੁਝ ਵੀ ਵੱਢਣ-ਟੁੱਕਣ ਲਈ ਤਿਆਰ ਹੁੰਦਾ ਹੈ। ਪੈਸੇ ਨਾਲ ਅਮੀਰ ਤਾਂ ਹੋਇਆ ਜਾ ਸਕਦਾ ਏ, ਪਰ ਜੇ ਵੱਡੇ ਬਣਨ ਦਾ ਚਾਅ ਪੂਰਾ ਕਰਨਾ ਹੈ, ਤਾਂ ਲੋਕਾਂ ਦੇ ਦਿਲਾਂ ਦੀਆਂ ਕੁੰਡੀਆਂ ਤੋੜੋ। ਗਧਾ ਤੇ ਕੁੱਤਾ ਇਕੱਠੇ ਪਾਲ ਕੇ ਵੇਖੋ, ਅੰਤਰ ਆਪਣੇ ਆਪ ਸਪਸ਼ਟ ਹੋ ਜਾਵੇਗਾ। ਕਈ ਲੱਭਣ ਗਏ ਆਪ ਇਸ ਕਰ ਕੇ ਗੁਆਚ ਗਏ, ਕਿਉਂਕਿ ਨਕਸ਼ਾ ਉਨ੍ਹਾਂ ਕੋਲ ਵੀ ਨਹੀਂ ਸੀ। ਜੇ ਮਨ ਨਫ਼ਰਤ ਦੇ ਕੁੱਜੇ ਵਿਚ ਢਕ ਕੇ ਈਰਖਾ ਦੀ ਅੱਗ ਵਿਚ ਸੁੱਟ ਆਏ ਹੋ ਤਾਂ ਅਰਦਾਸ ਇਕ ਲੱਤ ਭਾਰ ਖਲੋ ਕੇ ਜਾਂ ਨੱਕ ਰਗੜ ਕੇ ਵੀ ਪ੍ਰਵਾਨ ਨਹੀਂ ਹੋਵੇਗੀ। ਇਕ ਚਿੱਤ ਹੋ ਕੇ ਵੇਖਿਓ, ਉਨ੍ਹਾਂ ਦੇ ਨੱਕ ਨੂੰ ਹੀ ਵਧੇਰੇ ਰਗੜੇ ਸਹਿਣੇ ਪੈਂਦੇ ਹਨ ਜਿਨ੍ਹਾਂ ਨੇ ਪਹਿਲਾਂ ਇਸ ਦਾ ਖਿਆਲ ਹੀ ਨਹੀਂ ਰੱਖਿਆ ਹੁੰਦਾ। ਕੀਮਤੀ ਕੱਫਣ ਦੇ ਕੇ ਜਾਂ ਚੰਦਨ ਦੀ ਲੱਕੜੀ ਨਾਲ ਫੂਕ ਕੇ ਪਤਾ ਨਹੀਂ ਲੱਗ ਰਿਹਾ ਕਿ ਲੋਕ ਮੁਰਦੇ ਨੂੰ ਖੁਸ਼ ਕਰਨ ਲੱਗੇ ਹੋਏ ਨੇ, ਜਾਂ ਪਰਮਾਤਮਾ ਨੂੰ ਰਿਸ਼ਵਤ ਦੀ ਗਿਫਟ ਦਿੱਤੀ ਜਾ ਰਹੀ ਹੈ? ਮਰਦ ਤਾਂ ਚਲੋ ਵਿਸ਼ਵਾਸ ਪਾਤਰ ਹੁੰਦੇ ਈ ਘੱਟ ਹਨ, ਪਰ ਜੇ ਤਲਾਕ ਲੈ ਕੇ ਆਈ ਬੀਵੀ ਆਖੇ-'ਤੂੰ ਤਾਂ ਮੇਰੇ ਸਾਹਾਂ ਦੀ ਪੂੰਜੀ ਆਂ' ਤਾਂ ਥੋੜ੍ਹਾ-ਬਹੁਤਾ ਤਾਂ ਸ਼ੱਕ ਕੀਤਾ ਹੀ ਜਾ ਸਕਦਾ ਹੈ। ਕਿਸੇ ਦਾ ਬਣਨਾ ਸੁਖਾਲਾ ਨਹੀਂ, ਤੇ ਕਿਸੇ ਨੂੰ ਬਣਾਉਣਾ ਬਹੁਤ ਔਖਾ ਹੈ; ਇਸ ਕਰ ਕੇ ਹੁਣ ਦੋਸਤੀ, ਪ੍ਰੇਮ ਤੇ ਰਿਸ਼ਤੇਦਾਰੀ ਸ਼ੱਕ ਨਾਲ ਹੀ ਸ਼ੁਰੂ ਹੁੰਦੇ ਹਨ। ਕਈ ਝੁਕੇ ਤਾਂ ਮਿਹਰਬਾਨ ਅੱਗੇ ਉਹਦੀ ਮਿਹਰਬਾਨੀ ਲਈ ਹੀ ਸਨ, ਪਰ ਉਹ ਐਸਾ ਖਫ਼ਾ ਹੋਇਆ ਕਿ ਮੁੜ ਕੇ ਸਿੱਧੇ ਹੋਣ ਹੀ ਨਹੀਂ ਦਿੱਤੇ; ਜਿਵੇ:*

"ਯਾਰ ਇਹ ਤੀਮੀਆਂ-ਤੂਮੀਆਂ ਵੀ ਕੁਛ ਨ੍ਹੀਂ ਹੁੰਦੀਆਂ। ਇਨ੍ਹਾਂ ਦਾ ਜਿੰਨਾ ਮਰਜ਼ੀ ਕਰੀ ਜਾਓ, ਲਹੂ ਈ ਪੀਨੀਆਂ...ਕੀ ਕਰੂ ਹਮਾਤੜ ਆਦਮੀ।"

"ਉਹ ਲਹਿੰਬਰਾ, ਹਾਅ ਕੀ 'ਕੱਲਾ ਈ ਬੋਲੀ ਜਾਨੈਂ ਸ਼ਦਾਈਆਂ ਵਾਂਗੂੰ?" ਬੋਹੜ ਹੇਠ ਬੈਠੇ ਕਰਮੇ ਨੇ ਬੁੜ-ਬੁੜ ਕਰਦੇ ਆਉਂਦੇ ਨੂੰ ਪੁੱਛਿਆ ਤਾਂ ਹੌਲੀ ਦੇਣੀ ਸੀ, ਪਰ ਅੱਗਿਉਂ ਉਹ ਹੋਰ ਉਖੜ ਕੇ ਪੈ ਨਿਕਲਿਆ-"ਆਹੋ...ਤੈਨੂੰ ਕੰਜਰ ਦਿਆ ਹੁਣ ਮੈਂ ਸ਼ਦਾਈ ਲੱਗਦੈਂ...'ਕੱਤੀ ਨੋਟ ਤੇਰੇ ਡਰੈਵਲ ਭਰਾ ਨੂੰ ਦਿੱਤੇ ਸੀ ਜਿਹੜਾ ਬੰਬੇ ਅੱਲ ਨੂੰ ਚੱਲਦੈ; ਤਾਂ ਕਿਤੇ ਅਮਲੀ ਦਾ ਘਰ ਵਸਿਐ...।"

"ਤੇ ਹੁਣ ਕੀ ਹੋ ਗਿਐ?"

"ਕਰਮਿਆ, ਮੇਰੀ ਤਾਂ ਜਾਨ ਨਿਕਲੀ ਪਈ ਐ।"

"ਕੁਛ ਭੌਂਕ ਵੀ, ਐਵੇਂ ਵਿਸ ਘੋਲੀ ਜਾਨੈਂ।"

"ਚਮਚੇ ਤਾਂ ਮੈਂ ਦੋ-ਤਿੰਨ ਈ ਲਾਏ ਸੀ ਸਵੇਰੇ ਭੁੱਕੀ ਦੇ, ਘਰੋਂ ਨਿਕਲਿਆ ਤਾਂ ਲੰਬੜਾਂ ਦੀ ਟਾਹਲੀ ਹੇਠ ਮੁੰਡੇ 'ਭਾਬੀ ਬਣਨ' ਤਾਸ਼ ਖੇਡਦੇ ਸੀ। ਸਹੁਰੀ ਦਿਆਂ ਨੇ ਮੈਨੂੰ ਦੋ ਵਾਰੀ 'ਭਾਬੀ' ਬਣਾ ਤਾਂ। ਸੋਚਿਆ, ਚੱਲ ਘਰ ਜਾ ਕੇ ਤਿੱਖੇ ਮਿੱਠੇ ਆਲੀ ਕੈੜੀ ਜਿਹੀ ਚਾਹ ਪੀਨੇ ਆਂ...ਭੋਰਾ ਅਮਲ ਖਿੜ'ਜੂ।"

"ਫੇ...?"

"ਦੱਸਦਾਂ, ਤੂੰ ਵੀ ਸੁਣ ਕੇ ਮੇਰੇ ਬੰਨ੍ਹੀਓ ਧਾਹ ਮਾਰੇਂਗਾ! ਭਰਾਵਾ ਘਰ ਗਿਆ ਤਾਂ ਅੰਦਰੋਂ ਕੁੰਡਾ ਲੱਗਿਆ। ਮੈਂ 'ਵਾਜ ਮਾਰੀ, ਪਈ ਲੱਛਮੀਏ! ਖੋਲ੍ਹ ਕੁੰਡਾ।...ਭਰਾਵਾ ਉਹ ਅੰਦਰੋਂ ਬਾਹਲਾ ਈ ਅਹੁਰਾ ਬੋਲੀ।"

"ਕੀ ਕਹਿ'ਤਾ ਉਹਨੇ?"

"ਕਰਮਿਆਂ, ਤੀਵੀਂ ਬਦਲਦੀ ਨੂੰ ਕਿਤੇ ਟੈਮ ਲਗਦਾ...ਆਂਹਦੀ, ਜਾਹ ਚਲਾ ਜਾਹ ਮੈਂ ਨਾਉਂਦੀ ਆਂ ਤੇ ਨਾਹ ਕੇ ਜੋਗਾ ਕਰਨਾ।...ਮੈਂ ਤਾਂ ਮਚ ਪਿਆ, ਪਈ ਜੋਗਾ ਦੋ ਦਿਨ ਘਰ ਚਾਹ ਪੀਣ ਨੂੰ ਕੀ ਲੈ ਆਇਆ, ਸਾਲਾ ਉਪਰ ਦੀ ਹੋ ਗਿਐ ਕਾਣਾ ਜਿਹਾ। ਖੁੱਚਾਂ ਨਾ ਭਨੂੰ ਉਹਦੀਆਂ। ਲੁੱਚਾ ਮੰਗ ਕੇ ਮੈਥੋਂ ਭੁੱਕੀ ਪੀਂਦਾ, ਅੱਖ ਵੀ ਇਕ ਐ, ਬਾਂਹ ਵੀ ਜਮਾਂਦਰੂ ਸੁੱਕੀ ਪਈ ਐ...ਚੱਕੀ ਜੋਗੇ ਦੀ?"

"ਉਹ ਕੁਛ ਬੋਲੀ?"

"ਉਹਨੇ ਹੋਰ ਪਾ'ਤਾ ਬਲਦੀ 'ਤੇ.. ਆਂਹਦੀ, ਜਾਹ ਚਲਾ ਜਾਹ...ਮੈਂ ਰਾਮ ਦੇਵ ਦੇ ਜੋਗੇ ਦੀ ਗੱਲ ਕਰਦੀ ਆਂ...।"

"ਆਹੋ, ਉਹ ਜਿਹੜਾ ਸੁੱਕਿਆ ਜਿਹਾ ਟੈਲੀਵਿਜ਼ਨ 'ਤੇ ਢਿੱਡ ਨਚਾਉਂਦਾ ਹੁੰਦਾ...।"

"ਉਹੀ ਉਹੀ...ਮੈਂ ਕਿਹਾ ਲੱਛਮੀਏ! ਤੇਰਾ ਡਮਾਕ ਹਿੱਲ ਗਿਐ...ਉਹ ਤਾਂ ਕੰਜਰ ਦਾ ਛੜਾ ਐ...ਉਹਦੇ ਕਿਥੋਂ ਜੰਮ ਪਿਐ ਜੋਗਾ।"

"ਲਹਿੰਬਰਾ, ਨਾਉਂਦੀ ਨਾਲ ਈ ਫੌਜੀਆਂ ਵਾਂਗੂੰ ਵੈਰਲਸ ਕਰੀ ਗਿਆ?" ਧੋਤੀ 'ਕੱਠੀ ਕਰ ਕੇ ਪੈਰਾਂ ਭਾਰ ਬਹਿੰਦੇ ਨਾਜ਼ਰ ਨੇ ਵਿਚ ਦੀ ਹੋਰ ਛੱਡ ਦਿੱਤੀ।

"ਆ ਗਿਐ ਇਹ ਵੀ ਤੀਵੀਂ ਤਾਂ ਝਾੜਿਆ-ਝੰਬਿਆ ਘਰੋਂ। ਹੋਰ ਸਿੱਟੂ 'ਮਰੀਕਾ ਵਾਂਗੂੰ ਬੰਬ।"

"ਕਰੀ ਜਾਹ ਗੱਲ ਕਰਮਿਆਂ...ਨਾ ਤੋਪ ਮੇਰੇ ਵੱਲ ਕਰੀ ਜਾਨੈਂ ਐਵੇਂ।"

"ਲੈ ਬਈ ਕਰਮਿਆਂ! ਫੇ' ਲੱਛਮੀ ਬਣਾ-ਸੁਆਰ ਕੇ ਆਂਹਦੀ, ਕਾਹਨੂੰ ਜੀਜਾ ਸਾਲਾ ਧੱਕੇ ਨਾ' ਬਣੀ ਜਾਂਦੈ...ਉਹ ਤਾਂ ਦੁਆਈਆਂ ਦਿੰਦੈ...ਮੈਂ ਤਾਂ ਮਾਰੀ ਫੇ' ਬੂਹੇ ਵਿਚ ਲੱਤ ਖਿੱਚ ਕੇ, ਪਈ ਅੱਜ ਨ੍ਹੀਂ ਛੱਡਦਾ...ਉਹ ਜਿਹੜਾ ਅੱਡੇ ਵਿਚ ਦੁਆਈਆਂ ਵੇਚਦੈ ਕੈਲੇ ਦਾ ਜੋਗਾ...ਉਹਦੀਆਂ ਹਰਾਮਦੇ ਦੀਆਂ ਲੱਤਾਂ ਭੰਨ ਕੇ ਟੁੱਟੀ ਮੰਜੀ 'ਤੇ ਨਾ ਸੱਟੂੰ...ਮੁੰਡੇ ਗਾਲ'ਤੇ ਨਸ਼ੇ ਦੀਆਂ ਗੋਲੀਆਂ ਕੈਪਸੂਲ ਵੇਚ-ਵੇਚ ਕੇ...ਸਾਲਾ ਖੜੱਪੇ ਨਾਗ ਅਰਗੈ...ਚਿੱਟੇ ਲੀੜਿਆਂ ਆਲਿਆਂ ਨਾਲ ਰਲ ਕੇ ਚਿੱਟਾ ਵੇਚਦੈ...ਹੁਣ ਚਾਰ ਪੈਸੇ ਆ ਗਏ ਉਹਦੇ ਕੋਲ, ਤਾਂ ਤੈਂ ਹੁਣ ਉਹ ਜੋਗਾ ਕਰਨੈ.. ਗਲਾ ਨਾ' ਘੁੱਟੂੰ ਉਹਦਾ।"

"ਫੇ' ਗੱਲ ਮੁੱਕੀ ਕਿ ਨਹੀਂ?"

"ਕਾਹਨੂੰ ਭੁੰਨੇ ਪੈਣ ਦੇਵੇ, ਅੱਗੇ ਵਧੀ ਜਾਵੇ। ਅਖੇ, ਮੇਰਾ ਚੂਲਾ ਦੁਖਦੈ। ਗੋਡੇ ਜੁੜੇ ਪਏ ਆ...ਜੋਗਾ ਕਰੂੰ ਤਾਂ ਫੇ' ਠੀਕ ਹੋ ਜੂੰ...ਲੈ ਬਈ ਕਰਮਿਆਂ...ਮੈਨੂੰ ਇੱਟ-ਰੋੜਾ ਨਾ ਲੱਭੇ, ਪਈ ਸਿੱਟਾਂ ਕੰਧ ਤੋਂ ਦੀ ਗੁਸਲਖਾਨੇ ਵਿਚ, ਪਾੜ ਦਿਆਂ ਸਿਰ ਇਸ ਤੀਵੀਂ ਦਾ...ਭੋਰਾ ਸ਼ਰਮ ਕਰ, ਉਹ ਜਿਹੜਾ ਲੱਤਾਂ ਬੰਨ੍ਹਦੈ ਅੱਛਰੂ ਹੋਰਾਂ ਦਾ ਬੂੜਾ, ਖੂੰਡੀ ਨਾ' ਤੁਰਦੈ, ਬੰਦਾ ਸਿਆਣਦਾ ਨ੍ਹੀਂ...ਪਤਾ ਨਹੀਂ ਲਹਿੰਬਰ ਤੋਂ ਕਾਹਤੋਂ ਅੱਕੀ ਪਈ ਆ...ਜੋਗਾ ਕਰਨੈ!"

"ਕਾਹਨੂੰ ਬੌਰਾ ਹੋਇਆ ਪਿਐਂ ਲਹਿੰਬਰਾ! ਤੈਨੂੰ ਕੀ ਪਤਾ ਓਸ ਜੋਗੇ ਦਾ।" ਮਾਸਟਰ ਹਰੀ ਕਿਸ਼ਨ ਨੇ ਵੀ ਸਾਈਕਲ ਥੜ੍ਹੇ ਨਾਲ ਖੜ੍ਹਾ ਕਰਦਿਆਂ ਕਿਹਾ।

"ਲਓ ਜੀ, ਸੁਣ ਲਓ ਪੜ੍ਹੇ-ਲਿਖੇ ਦੀ ਗੱਲ, ਪਈ ਲਹਿੰਬਰ ਨ੍ਹੀਂ ਜਾਣਦਾ ਉਸ ਜੋਗੇ ਨੂੰ...ਸਾਰੇ ਪਿੰਡ ਦੇ ਮੈਂ ਜੋਗੇ ਗਣਾ'ਤੇ...ਇਕ ਰਹਿ ਗਿਐ ਉਹ ਬਾਬੂ ਤੀਰਥ ਦਾ ਜੋਗਾ...ਉਹ ਤਾਂ ਸਾਲੇ ਦੇ ਨਲੀ ਲਮਕਦੀ ਐ...ਊਂ ਵੀ ਪੰਜ-ਸੱਤ ਸਾਲਾਂ ਦੈ...ਤੂੰ ਮਾਹਟਰਾ ਕਿਹੜਾ ਜੋਗਾ ਜੇਬ ਵਿਚ ਨਵਾਂ ਈ ਪਾਈ ਫ਼ਿਰਦੈਂ...?"

"ਅਮਲੀਆਂ ਆਲੀ ਗੱਲ ਕਰੀ ਜਾਨੈਂ, ਲੱਛਮੀ ਉਸ ਜੋਗੇ ਦੀ ਗੱਲ ਕਰਦੀ ਜਿਹੜਾ 'ਯੋਗਾ'...ਅੰਗ ਪੈਰ ਹਲਾਉਣੇ, ਕਸਰਤ ਕਰਨੀ...ਤੂੰ ਪਤਾ ਨ੍ਹੀਂ ਬਿਮਾਰ ਬੋਤਾ ਕਾਹਤੋਂ ਰੇਲ ਵਿਚ ਚੜ੍ਹਾਈ ਜਾਨੈਂ।"

"ਹਾਅ ਤਾਂ ਸਵੇਰੇ-ਸਵੇਰੇ ਨਿੱਕਰਾਂ ਪਾ ਕੇ ਸਿਰ 'ਤੇ ਟੋਪੀਆਂ ਲਈ ਸਕੂਲ ਦੀ ਗਰਾਊਂਡ ਵਿਚ ਲੱਗੇ ਹੁੰਦੇ ਆ ਬਾਹਮਣਾਂ ਦੇ ਕੁੱਕੂ ਹੋਰੀਂ।...ਹੁਣ ਪਈ ਕਾਲਜੇ ਠੰਢ! ਮੈਂ ਤਾਂ ਸੋਚਿਆ ਪਤਾ ਨ੍ਹੀਂ ਕਿਹੜਾ ਲੱਛਮੀ ਨੂੰ ਆ ਗਿਆ ਪਸੰਦ ਜੋਗਾ।"

"ਹਲਾ ਮਾਹਟਰਾ! ਤੂੰ ਦੱਸ, ਪਈ ਸੈਕਲ ਨਾਲ ਝੋਲਾ ਟੰਗੀ ਫਿਰਦਾ ਤੂੰ ਕਿਥੋਂ ਆਇਐਂ?"

"ਕੀ ਦੱਸਾਂ! ਅਮਲੀ ਨੇ ਤਾਂ ਪਤਾ ਨ੍ਹੀਂ ਕਿਹੜੇ ਜੋਗੇ ਦੀ ਖੱਪ ਪਾਈ ਪਈ ਆ...ਮੈਂ ਤਾਂ ਬਦਕਿਸਮਤ ਜੋਗੇ ਦੇ ਪਿੰਡੋਂ ਆਇਐਂ।"

"ਚੱਲ ਸਾਡੀ ਗੱਲ ਛੱਡ, ਸਾਡੇ ਤਾਂ ਡਮਾਕ 'ਚ ਤੂੜੀ ਭਰੀ ਪਈ ਐ, ਤੂੰ ਦੱਸ ਕਿਹੜਾ ਜੋਗਾ ਉਜੜ ਗਿਐ?" ਇਕਦਮ ਢਿੱਲਾ ਜਿਹਾ ਮੂੰਹ ਕਰ ਕੇ ਲਹਿੰਬਰ ਨੇ ਵੀ ਸਾਫ਼ਾ ਮੋਢੇ ਤੋਂ ਲਾਹ ਕੇ ਹੇਠਾਂ ਵਿਛਾ ਕੇ ਆਸਣ ਲਾ ਲਿਆ।

"ਦਸ ਕੁ ਦਿਨ ਹੋਏ, ਮਰ ਗਿਆ ਲਹਿੰਬਰਾ ਜੋਗਾ। ਲੱਖ ਕਹੀ ਜਾਓ, ਪਰ ਇਹਨੂੰ ਕਹਿੰਦੇ ਆ ਲੋਹੜਾ ਹੋਇਐ...ਮਸਾਂ ਸੱਠ ਕੁ ਸਾਲਾਂ ਦਾ ਹੋਊ ਜੋਗਾ।"

"ਮਾਹਟਰਾ, ਆਹ ਤਾਂ ਜਿਵੇਂ ਮੂੰਹ ਬੱਸ ਦਾ, ਤੇ ਪਿੱਛਾ ਟਰੱਕ ਦਾ ਹੋਵੇ, ਕਹਾਣੀ ਪੁੱਠੀ ਕਰ'ਤੀ ਸਾਰੀ। ਹੋਇਆ ਕੀ ਸੀ ਜੋਗੇ ਨੂੰ, ਤੇ ਜੋਗਾ ਹੈਗਾ ਕੌਣ ਸੀ।" ਤੇ ਮਾਸਟਰ ਹਰੀ ਕਿਸ਼ਨ ਰਾਜੇ ਹਰੀਸ਼ ਚੰਦਰ ਵਾਂਗ ਦੁਖੀ ਜੋਗੇ ਦੀ ਬਾਤ ਸੁਣਾਉਣ ਲੱਗ ਪਿਆ...

ਜਿਸ ਸਾਲ ਫੌਜ ਨੇ ਦਰਬਾਰ ਸਾਹਿਬ 'ਤੇ ਹੱਲਾ ਬੋਲਿਆ ਸੀ, ਉਸ ਤੋਂ ਇਕ ਸਾਲ ਪਹਿਲਾਂ ਜੋਗਾ ਫੌਜ ਵਿਚ ਭਰਤੀ ਹੋਇਆ ਸੀ। 'ਕੱਲ੍ਹਾ-ਕਹਿਰਾ' ਸੀ, ਮਾਂ-ਬਾਪ ਕਿਤੇ ਨਿੱਕੇ ਹੁੰਦੇ ਦੇ ਸੜਕ ਹਾਦਸੇ ਵਿਚ ਮਾਰੇ ਗਏ ਸਨ ਸਾਈਕਲ 'ਤੇ ਜਾਂਦੇ। ਉਹ ਨਾਨਕੇ ਰਹਿ ਕੇ ਮਸਾਂ ਦਸ ਜਮਾਤਾਂ ਹੀ ਪੜ੍ਹ ਸਕਿਆ। ਛੋਹਲਾ ਗੱਭਰੂ ਸੀ, ਲੰਮਾ-ਝੰਮਾ। ਚੰਗਾ ਕੱਦ-ਕਾਠ। ਨਾਨਕਿਆਂ ਨੂੰ ਪਿੰਡ ਗੇੜਾ ਮਾਰਨ ਦਾ ਬਹਾਨਾ ਲਾ ਕੇ ਜਲੰਧਰ ਗਿਆ ਤੇ ਫੌਜ ਵਿਚ ਭਰਤੀ ਹੋ ਗਿਆ। ਚਲੋ ਨਾਨਕਿਆਂ ਦਾ ਵੀ ਹਮਾਤੜ ਪਰਿਵਾਰ ਸੀ। ਸੋਚਿਆ, ਆਪਣੇ ਪੈਰੀਂ ਖੜ੍ਹਾ ਹੋ ਜਾਵੇਗਾ। ਸੋ, ਨਾ ਚਾਹੁੰਦਿਆਂ ਵੀ ਮਾਮੇ-ਨਾਨਾ ਖੁਸ਼ ਜਿਹੇ ਹੋ ਗਏ।...ਰੰਗਰੂਟੀ ਪਿਛੋਂ ਆਉਂਦੇ ਦਾ ਹੀ ਨਾਨਕਿਆਂ ਨੇ ਰਿਸ਼ਤੇਦਾਰੀ ਵਿਚੋਂ ਦੂਰੋਂ-ਨੇੜਿਓਂ ਕੁੜੀ ਲੱਭ ਕੇ ਵਿਆਹ ਕਰ'ਤਾ। ਬੰਸੋ ਸੁਨੱਖੀ ਸੀ ਤੇ ਪੰਜ ਜਮਾਤਾਂ ਪਾਸ। ਸਾਲ ਪਿਛੋਂ ਜੋਗਾ ਛੁੱਟੀ ਆਉਂਦਾ, ਪਿੰਡ ਰਹਿੰਦਾ ਤੇ ਜਾਣ ਲੱਗਾ ਬੰਸੋ ਨੂੰ ਨਾਨਕੇ ਛੱਡ ਜਾਂਦਾ। ਇਉਂ ਚਾਰ-ਪੰਜ ਸਾਲ ਗੁਜ਼ਰ ਗਏ, ਪਰ ਬੰਸੋ ਦਾ ਪੈਰ ਭਾਰਾ ਨਾ ਹੋਇਆ। 'ਉਪਰ ਆਲੇ ਦੇ ਘਰ ਦੇਰ' ਦੇ ਚੱਕਰ ਵਿਚ ਫੌਜਣ ਵੀ ਫੌਜੀ ਦੀ ਉਡੀਕ ਨਾਲੋਂ ਕੁੱਖ ਭਰਨ ਦੀ ਉਡੀਕ ਵਿਚ ਰਹਿਣ ਲੱਗੀ। ਜਦੋਂ ਸਮਾਂ ਹੋਰ ਲੰਘਦਾ ਗਿਆ ਤਾਂ ਉਡੀਕ ਉਦਾਸੀ ਵਿਚ ਬਦਲ ਗਈ। ਜੋਗਾ ਵੀ ਸੋਚਦਾ ਸੀ, ਬਚਪਨ ਤਾਂ ਮਾਂ-ਬਾਪ ਬਿਨਾਂ ਅਸੀਂ ਗੁਜ਼ਾਰਿਆ ਹੀ ਹੈ, ਸਾਡੇ ਘਰ ਵਿਚ ਕੋਈ ਜੀਅ ਆਵੇ ਤਾਂ ਸਹੀ!...

ਹੌਲੀ-ਹੌਲੀ ਜੋਗੇ ਤੇ ਬੰਸੋ ਨੂੰ ਆਪਣੀ ਜ਼ਿੰਦਗੀ ਵਿਚ ਦੇਰ ਨਾਲੋਂ ਹਨ੍ਹੇਰ ਦਾ ਵੱਧ ਅਹਿਸਾਸ ਹੋਣ ਲੱਗ ਪਿਆ। ਪਹਿਲਾਂ ਡਾਕਟਰਾਂ ਦੇ ਚੱਕਰਾਂ ਤੋਂ ਆਸ ਦਾ ਸਫ਼ਰ ਸ਼ੁਰੂ ਹੋਇਆ, ਪਰ ਇਹ ਵੀ ਨਾ ਮੁੱਕਣ ਵਾਲਾ ਲੱਗਣ ਲੱਗ ਪਿਆ। ਫਿਰ ਨਾ ਚਾਹੁੰਦਿਆਂ ਵੀ ਧਰਮ ਦੇ ਨਕਲੀ ਠਿਕਾਣਿਆਂ ਵੱਲ ਮੱਲੋ-ਜ਼ੋਰੀ ਜ਼ਿੰਦਗੀ ਮੋੜ ਕੱਟਣ ਲੱਗ ਪਈ। ਉਮੀਦ ਫਿਰ ਹਟਕੋਰਿਆਂ ਨਾਲ ਲੱਗ ਕੇ ਰੋਣ ਲੱਗ ਪਈ ਤੇ ਬੰਸੋ ਮਾਂ ਬਣਨ ਦੀ ਮੱਧਮ ਚਾਹਤ ਵਿਚ ਕੁੱਖ 'ਤੇ ਨਿਹੋਰਿਆਂ ਦਾ ਹੱਥ ਫੇਰ ਕੇ ਰੋਣ ਲੱਗ ਪੈਂਦੀ।...

ਜਦੋਂ ਵੀਹ ਸਾਲ ਫੌਜ ਵਿਚ ਜੋਗੇ ਦੀ ਨੌਕਰੀ ਪੂਰੀ ਹੋ ਗਈ, ਉਹ ਬਣ ਤਾਂ ਲੈਸਨੈਕ ਗਿਆ ਸੀ, ਪਰ ਔਲਾਦ ਦੀਆਂ ਫੀਤੀਆਂ ਲਾਉਣ ਤੋਂ ਡਾਢਾ ਜਿਵੇਂ ਮੁਨਕਰ ਹੀ ਹੋ ਗਿਆ ਹੋਵੇ। ਬੰਸੋ ਨੇ ਨਾਲ ਜਾਣ ਦੀ ਜ਼ਿਦ ਕਰ ਲਈ। ਉਦੋਂ ਜੋਗੇ ਦੀ ਡਿਊਟੀ ਅਸਾਮ ਵਿਚ ਡਿਬਰੂਗੜ੍ਹ ਸੀ। 'ਕੱਲੇ-'ਕੱਲੇ ਝੂਰਨ ਨਾਲੋਂ ਦੋਵੇਂ 'ਕੱਠੇ ਇਕ-ਦੂਜੇ ਦੇ ਚਿਹਰਿਆਂ ਤੋਂ ਨਮੋਸ਼ੀ ਦੀ ਕਥਾ ਆਪਸ ਵਿਚ ਹੀ ਪੜ੍ਹਦੇ ਰਹੇ। ਥੱਕੀ ਜ਼ਿੰਦਗੀ ਤੇ ਅੱਕੀ ਨੌਕਰੀ ਤੋਂ ਜੋਗੇ ਨੇ ਲਾਂਭੇ ਹੋਣ ਦਾ ਮਨ ਬਣਾ ਲਿਆ। ਉਹ ਹੌਲਦਾਰ ਬਣਨ ਵਾਲਾ ਸੀ, ਪਰ ਉਸ ਨੇ ਰਿਟਾਇਰਮੈਂਟ ਮੰਗ ਲਈ।

ਇਤਫਾਕ ਇਹ ਹੋਇਆ ਕਿ ਫੌਜ ਛੱਡਣ ਵਿਚ ਮਹੀਨਾ ਕੁ ਰਹਿੰਦਾ ਸੀ, ਉਹਦਾ ਪੈਸੇ-ਧੇਲੇ ਤੇ ਪੈਨਸ਼ਨ ਦਾ ਹਿਸਾਬ-ਕਿਤਾਬ ਹੋ ਰਿਹਾ ਸੀ, ਤਾਂ ਅਸਾਮ ਦੇ ਇਸ ਖੇਤਰ ਵਿਚ ਭਿਆਨਕ ਹੜ੍ਹ ਆ ਗਏ। ਫੌਜ ਲੋਕਾਂ ਨੂੰ ਬਚਾਉਣ ਦੇ ਕਾਰਜਾਂ ਵਿਚ ਲੱਗੀ ਹੋਈ ਸੀ। ਬਹੁਤ ਸਾਰੇ ਲੋਕ ਹੜ੍ਹ ਗਏ ਸਨ। ਫੌਜ ਜਦੋਂ ਪੂਰੀ ਤਰ੍ਹਾਂ ਉਜੜੇ ਪਿੰਡ ਦੇ ਵਿਰਾਨ ਘਰ ਵਿਚ ਗਈ ਤਾਂ ਜੋਗਾ ਵੀ ਨਾਲ ਸੀ। ਅੱਠ ਕੁ ਦਿਨਾਂ ਵਿਚ ਪਾਣੀ ਉਤਰ ਚੁੱਕਾ ਸੀ। ਉਸ ਘਰ ਦੀ ਛੱਤ 'ਤੇ ਜੋਗੇ ਨੇ ਕਿਸੇ ਬੱਚੇ ਦੀ ਮੱਧਮ ਜਿਹੀ ਅਵਾਜ਼ ਸੁਣੀ। ਜੋਗਾ ਜਦੋਂ ਛੱਤ 'ਤੇ ਗਿਆ ਤਾਂ ਦਸਾਂ ਕੁ ਸਾਲਾਂ ਦੀ ਬੱਚੀ ਦੀ ਭੁੱਖ ਨਾਲ ਆਵਾਜ਼ ਵੀ ਨਹੀਂ ਸੀ ਨਿਕਲ ਰਹੀ। ਉਹਨੇ ਬੱਚੀ ਨੂੰ ਚੁੱਕ ਕੇ ਗਲੇ ਲਾਇਆ। ਫੌਜੀਆਂ ਵਾਲੀ ਖਾਕੀ ਬੋਤਲ ਵਿਚੋਂ ਪਾਣੀ ਮੂੰਹ ਨੂੰ ਲਾਇਆ, ਤਾਂ ਉਹ 'ਮਾਂ ਮਾਂ' ਕਹਿਣ ਲੱਗ ਪਈ। ਜੋਗੇ ਨੂੰ ਲੱਗਾ ਜਿਵੇਂ ਬੰਸੋ ਦੀ ਕੁੱਖ ਸੁਲੱਖਣੀ ਹੋ ਗਈ ਹੋਵੇ ਤੇ ਉਹਦੀਆਂ ਫਰਿਆਦਾਂ ਪ੍ਰਵਾਨ ਹੋ ਗਈਆਂ ਹੋਣ। ਉਹਨੇ ਆਪਣੇ ਮੁਖੀ ਸੂਬੇਦਾਰ ਮੇਜਰ ਨੂੰ ਅੱਖਾਂ ਵਿਚ ਪਾਣੀ ਭਰ ਕੇ ਕਿਹਾ, 'ਸਰ ਤੁਹਾਨੂੰ ਪਤਾ, ਸਾਡੇ ਔਲਾਦ ਨਹੀਂ, ਤੇ ਜੇ ਸੰਭਵ ਹੋਵੇ ਤਾਂ ਇਸ ਬੱਚੀ ਨੂੰ ਮੈਂ ਗੋਦ ਲੈਣਾ ਚਾਹੁੰਦਾ।'...

ਅਫ਼ਸਰ ਨਾ ਬੋਲਿਆ। ਬੱਚੀ ਨੂੰ ਮਿਲਟਰੀ ਹਸਪਤਾਲ ਲਿਆਂਦਾ ਗਿਆ। ਪਤਾ ਲੱਗਾ ਕਿ ਉਹਨੂੰ ਮਿਰਗੀ ਦੀ ਸ਼ਿਕਾਇਤ ਸੀ ਤੇ ਜਦੋਂ ਹੜ੍ਹ ਦਾ ਪਾਣੀ ਵੇਖਣ ਲਈ ਉਹ ਛੱਤ 'ਤੇ ਚੜ੍ਹੀ ਤਾਂ ਦੌਰਾ ਪੈ ਗਿਆ। ਮਾਂ-ਬਾਪ ਇਧਰ-ਉਧਰ ਬੱਚੀ ਦੀ ਭਾਲ ਵਿਚ ਆਪ ਰੁੜ੍ਹ ਗਏ। ਕਿਸੇ ਨੂੰ ਪਤਾ ਹੀ ਨਾ ਲੱਗਾ ਕਿ ਉਹ ਛੱਤ 'ਤੇ ਚੜ੍ਹ ਗਈ ਸੀ!

ਡਿਪਟੀ ਕਮਿਸ਼ਨਰ ਨੇ ਗੋਦ ਲੈਣ ਦੀ ਅਰਜ਼ੀ ਮਨਜ਼ੂਰ ਕਰ ਲਈ, ਕਿਉਂਕਿ ਇਹ ਫੌਜੀ ਪ੍ਰਣਾਲੀ ਤਹਿਤ ਭੇਜੀ ਗਈ ਸੀ, ਤੇ ਸੇਵਾ ਮੁਕਤ ਹੋ ਕੇ ਜਦੋਂ ਜੋਗਾ ਪਿੰਡ ਆਇਆ ਤਾਂ ਬੰਸੋ ਦੀ ਉਂਗਲੀ ਫੜੀ ਬੱਚੀ ਵੇਖ ਕੇ ਢੋਲ ਵੱਜਿਆ। ਪਰਿਆ ਵਿਚ ਜੋਗੇ ਨੇ ਸਾਰਾ ਭੇਤ ਵੀ ਖੋਲ੍ਹ ਦਿੱਤਾ। ਬੱਚੀ ਦਾ ਨਾਂ ਜੀਵਨਜੋਤ ਰੱਖਿਆ ਗਿਆ।

ਜੀਵਨ ਜਵਾਨ ਹੋ ਗਈ ਤੇ ਉਹਦੀ ਮਿਰਗੀ ਦੀ ਬਿਮਾਰੀ ਦਾ ਇਲਾਜ ਵੀ ਇਕ ਤਰ੍ਹਾਂ ਨਾਲ ਪੂਰਾ ਹੋ ਗਿਆ ਸੀ। ਉਸ ਦਿਨ ਜੋਗਾ ਸ਼ਹਿਰ ਗਿਆ ਸੀ, ਇਸ ਕਰ ਕੇ ਕਿ ਜੀਵਨ ਨੇ ਬਾਰ੍ਹਵੀਂ ਪਾਸ ਕਰ ਲਈ ਹੈ ਤੇ ਕਾਲਜ ਦਾਖ਼ਲ ਕਰਾਉਣਾ ਹੈ। ਉਹਨੇ ਦਾਖ਼ਲਾ ਫਾਰਮ ਲੈਣਾ ਸੀ।

ਦਸ ਕੁ ਵਜੇ ਜੀਵਨ ਦੇ ਮਾਮਾ-ਮਾਮੀ ਆ ਗਏ। ਸਰਕਾਰੀ ਟੈਂਕੀ 'ਤੇ ਲੱਗੀਆਂ ਟੂਟੀਆਂ ਵਿਚ ਬੰਸੋ ਲੀੜੇ ਸੁੱਕਣੇ ਪਾ ਕੇ ਆਈ ਸੀ। ਕਾਲੀ ਘਟਾ ਚੜ੍ਹੀ ਵੇਖ ਕੇ ਬੰਸੋ ਰੱਬ ਨੂੰ ਕੋਸਣ ਲੱਗੀ, 'ਅੱਜ ਮਸਾਂ ਧੁੱਪ ਨਿਕਲੀ ਸੀ, ਫਿਰ ਦਾਦੇ ਮਗਾਉਣਾ ਆ ਗਿਆ ਛੂਟ ਵੱਟ ਕੇ। ਜਾਹ ਪੁੱਤ ਜੀਵਨ...ਲੀੜੇ ਲਾਹ ਲਿਆ। ਇਹਨੇ ਕਿਥੇ ਸੁੱਕਣ ਦੇਣੇ ਆਂ'।...ਤੇ ਜਦੋਂ ਜੀਵਨ ਲੀੜੇ ਲਾਹ ਰਹੀ ਸੀ, ਤਾਂ ਮਾਂ ਦੀ ਚੁੰਨੀ ਤੇਜ਼ ਹਵਾ ਦੇ ਬੁੱਲੇ ਨਾਲ ਉਡ ਕੇ ਟੈਂਕੀ ਦੇ ਨਾਲ ਪੁਰਾਣੇ ਖੂਹ ਵਿਚ ਜਾ ਡਿਗੀ, ਤੇ ਜਿਉਂ ਹੀ ਜੀਵਨ ਖੂਹ ਅੰਦਰ ਝਾਕਣ ਲੱਗੀ, ਲਿਸ਼ਕਦੀ ਬਿਜਲੀ ਦੀ ਲਿਸ਼ਕੋਰ ਪਾਣੀ ਵਿਚ ਪਈ, ਤੇ ਭੋਲੀ ਧੀ ਨੂੰ ਮਿਰਗੀ ਦਾ ਦੌਰਾ ਫਿਰ ਪੈ ਗਿਆ। ਉਹ ਭੁੜਕ ਕੇ ਖੂਹ ਵਿਚ ਜਾ ਪਈ। ਅੱਧਾ ਕੁ ਖੂਹ ਮੀਂਹ ਦੇ ਪਾਣੀ ਨਾਲ ਭਰਿਆ ਪਿਆ ਸੀ। ਪਿੰਡ 'ਕੱਠਾ ਹੋ ਗਿਆ। ਜੀਵਨ ਮਸਾਂ ਇਕ ਵਾਰ ਉਪਰ ਆਈ, ਤੇ ਉਹ ਵੀ ਤਰਦੀ ਹੋਈ...ਜਾਹ ਜਾਂਦੀ ਹੋ ਗਈ ਸੀ! ਬੰਸੋ ਨੰਗੇ ਪੈਰੀਂ ਵਿਲਕਦੀ ਆਈ, 'ਵੇ ਪਾਪੀਆ! ਤੈਨੂੰ ਖੁਆਜਾ ਪੀਰ ਆਖਦੇ ਆ...ਤੈਥੋਂ ਬਚਾ ਕੇ ਤਾਂ ਅਸੀਂ ਇਸ ਧੀ ਨੂੰ ਲਿਆਏ ਸੀ'। ਤੇ ਖੂਹ ਦੀ ਮੌਣ ਦੁਆਲੇ ਪਾਗਲਾਂ ਵਾਂਗ ਘੁੰਮਦੀ ਬੰਸੋ ਵੀ ਧਾਹ ਦੇਣੀ ਵਿਚ ਜਾ ਪਈ, ਜਦੋਂ ਪੁਰਾਣੇ ਖੂਹ ਦੀਆਂ ਕਿਨਾਰੇ ਵਾਲੀਆਂ ਇੱਟਾਂ ਵੀ ਨਾਲ ਹੀ ਹੇਠਾਂ ਡਿਗ ਪਈਆਂ!...

ਚੰਦ ਮਿੰਟਾਂ ਵਿਚ ਦੋ ਜਾਨਾਂ! ਬੱਸ ਅੱਡੇ ਲਾਰੀ ਵਿਚੋਂ ਉਤਰਦੇ ਜੋਗੇ ਨੂੰ ਪਤਾ ਲੱਗਾ ਕਿ ਧੀ ਵੀ ਡੁੱਬ ਗਈ ਤੇ ਬੰਸੋ ਵੀ; ਉਹਨੇ ਭੱਜੇ ਆਉਂਦੇ ਨੇ ਮਾਰੀ ਛਾਲ ਉਸੇ ਖੂਹ ਵਿਚ।...ਤੇ ਵੰਸ਼ ਦਾ ਬਾਂਸ ਪੋਰੀਆਂ ਹੋ ਕੇ ਖਿਲਰ ਗਿਆ।...

"ਚਲੋ ਬਈ ਹੁਣ ਕੀ ਰਹਿ ਗਿਐ ਕੁਛ ਕਹਿਣੇ ਨੂੰ...ਉਪਰ ਵਾਲਾ ਜਦੋਂ ਅੱਖਾਂ ਕੱਢਦੈ ਤਾਂ ਜੋਗਾ ਕੋਈ ਵੀ ਹੋਵੇ, ਕਾਸੇ ਜੋਗਾ ਨ੍ਹੀਂ ਛੱਡਦਾ।" ਕਰਮੇ ਦੀ ਗੱਲ ਸੁਣ ਕੇ ਲਹਿੰਬਰ ਵੀ ਬਿਨਾਂ ਬੋਲੇ ਹੀ ਚਲਾ ਗਿਆ। ਉਹਨੂੰ ਲੱਗਾ ਸੀ, ਕਈ ਬੱਕਰਾ ਤਾਂ ਨਹੀਂ ਵੱਢਦੇ, ਪਰ ਕਸਾਈ ਫਿਰ ਵੀ ਪੂਰੇ ਹੁੰਦੇ ਹਨ।

## ਗੱਲ ਬਣੀ ਕਿ ਨਹੀਂ

### ਮਾਡਰਨ ਛੜੇ

ਛੜਾ ਛੜੇ ਦੇ ਕੰਨ ਵਿਚ ਕਹਿਣ ਲੱਗਾ,
ਆਪਾਂ ਚੰਗਾ ਈ ਵਕਤ ਲੰਘਾ ਲਿਆ ਏ।
ਰੰਨਾਂ ਵਾਲਿਆਂ ਨਾਲ ਬੜੀ ਕੁਪੱਤ ਹੁੰਦੀ,
ਗੋਲਾ ਬੇਗੀ ਨੇ ਨਿੱਤ ਹੀ ਢਾਅ ਲਿਆ ਏ।
ਆਪਾਂ ਫੂਕ ਨਹੀਂ ਚੁੱਲ੍ਹੇ ਵਿਚ ਕਦੇ ਮਾਰੀ,
ਫੁਲਕਾ ਰੱਜ ਕੇ ਡੇਰੇ ਤੋਂ ਖਾਈਦਾ ਏ।
'ਸਾਰੇ ਜਹਾਂ ਸੇ ਅੱਛਾ' ਵੇਖਣੇ ਨੂੰ,
ਮੰਜਾ ਚਾੜ੍ਹ ਚੁਬਾਰੇ 'ਤੇ ਡਾਹੀਦਾ ਏ।
ਹੋਵੇ ਮੰਤਰੀ ਅਫ਼ਸਰ ਕੋਈ ਪੁਲਿਸ ਵਾਲਾ,
ਬਹਿ ਕੇ ਦਫ਼ਤਰ ਹੀ ਮੁੱਛਾਂ ਵੱਟਦੇ ਨੇ।
ਕਿਤੇ ਲੁਕ ਨੇ ਆਥਣੇ ਘਰੇ ਦੇਖੀਂ,
ਸਾਰੇ ਬੀਵੀ ਦੀਆਂ ਤਲੀਆਂ ਚੱਟਦੇ ਨੇ।
ਜਾਗਰ ਕਰੇ ਕਮਾਈ ਬਾਹਰ ਮਰੇ ਟੁੱਟ ਕੇ,
ਮੌਜਾਂ ਘਰੇ ਜਗੀਰੋ ਲੁੱਟਦੀ ਆ।
ਇਹ ਚੋਪੜੀਆਂ ਤੇ ਪਰੌਂਠੇ ਫੂਕਣੇ ਆਂ,
ਲੱਤਾਂ ਰੋਜ਼ ਮਹੰਤ ਦੀਆਂ ਘੁੱਟਦੀ ਆ।
ਨਾ ਛੜਾ ਨਾ ਵਿਆਹਿਆ ਨਾ ਮੰਗ ਛੁੱਟੀ,
ਕੈਸਾ ਮੋਦੀ ਨੇ ਚੱਕਰ ਚਲਾ ਲਿਆ ਏ।
ਸੱਚੀਂ ਉਹਦੀਆਂ ਉਹੀਓ ਹੀ ਜਾਣਦਾ ਏ,
ਹੱਥ ਮੁਲਕ ਦੀ ਗੱਦੀ ਨੂੰ ਪਾ ਲਿਆ ਏ।
ਪਹਿਲਾਂ ਪੁੱਤ ਆਵੇ ਪਿਛੋਂ ਪਤੀ ਡੱਕ ਕੇ,
ਛਿੱਲ ਦੋਹਾਂ ਦੀ ਧੰਨੋ ਉਧੇੜਦੀ ਆ।
'ਭੌਰੇ' ਚੰਗੇ ਆਂ ਚੂੜੇ ਵਾਲੀਆਂ ਤੋਂ,
ਕਾਟੋ ਫੁੱਲਾਂ 'ਤੇ ਛੜਿਆਂ ਦੀ ਖੇਡਦੀ ਆ।

-ਐਸ. ਅਸ਼ੋਕ ਭੌਰਾ



ਗੁਰਮਤਿ ਗਿਆਨ

# ਕਾਇਆ ਪਲਟਿ ਸਰੂਪੁ ਬਣਾਇਆ



ਡਾ. ਗੁਰਨਾਮ ਕੌਰ, ਕੈਨੇਡਾ

ਭਾਈ ਗੁਰਦਾਸ ਪਹਿਲੀ ਵਾਰ ਦੀ 38ਵੀਂ ਪਉੜੀ ਵਿਚ ਗੁਰੂ ਨਾਨਕ ਸਾਹਿਬ ਦੀਆਂ ਚਾਰ ਦਿਸ਼ਾਵਾਂ ਵਿਚ ਕੀਤੀਆਂ ਚਾਰ ਉਦਾਸੀਆਂ ਪਿੱਛੋਂ ਦਰਿਆ ਰਾਵੀ ਕੰਢੇ ਆਪਣੇ ਸਿਧਾਂਤਾਂ ਦੇ ਪ੍ਰਚਾਰ ਲਈ ਕਰਤਾਰਪੁਰ ਵਸਾਉਣ ਦੀ ਗੱਲ ਕਰਦੇ ਹਨ ਕਿ ਗੁਰੂ ਨਾਨਕ ਸਾਹਿਬ ਨੇ ਉਦਾਸੀਆਂ ਵਾਲਾ ਭੇਖ ਉਤਾਰ ਦਿੱਤਾ ਅਤੇ ਗ੍ਰਿਹਸਥੀਆਂ ਵਾਲਾ ਵੇਸ ਧਾਰਨ ਕਰਕੇ ਮੰਜੀ 'ਤੇ ਬੈਠ ਕੇ ਆਪਣੇ ਮਿਸ਼ਨ ਦਾ ਅਰੰਭ ਕੀਤਾ। ਗੁਰੂ ਨਾਨਕ ਸਾਹਿਬ ਵਲੋਂ ਆਪਣੇ ਪੁੱਤਰਾਂ ਨੂੰ ਛੱਡ ਕੇ ਭਾਈ ਲਹਿਣਾ ਨੂੰ ਗੁਰਗੱਦੀ ਸੌਂਪ ਕੇ ਗੁਰੂ ਅੰਗਦ ਬਣਾਉਣਾ ਇੱਕ ਤਰ੍ਹਾਂ ਨਾਲ 'ਉਲਟੀ ਗੰਗਾ ਵਹਾਉਣਾ' ਸੀ। ਗੁਰੂ ਨਾਨਕ ਸਾਹਿਬ ਦੇ ਪੁੱਤਰ ਗੁਰੂ ਅਨੁਸਾਰੀ ਹੋ ਕੇ ਨਹੀਂ ਵਿਚਰੇ। ਭਾਈ ਗੁਰਦਾਸ ਕਰਤਾਰਪੁਰ ਵਿਚ ਗੁਰੂ ਸਾਹਿਬ ਵਲੋਂ ਸਥਾਪਤ ਕੀਤੇ ਜਾ ਰਹੇ ਮਾਰਗ ਦਾ ਬਿਆਨ ਕਰਦੇ ਹਨ ਕਿ ਗੁਰੂ ਨਾਨਕ ਸਾਹਿਬ ਬਾਣੀ ਦਾ ਉਚਾਰਨ ਕਰਦੇ, ਜਿਸ ਨਾਲ ਅਗਿਆਨ ਦਾ ਅੰਧਕਾਰ ਦੂਰ ਹੁੰਦਾ ਅਤੇ ਗਿਆਨ ਦੀ ਰੌਸ਼ਨੀ ਫੈਲਦੀ। ਕਰਤਾਰਪੁਰ ਵਿਚ 'ਸੋ ਦਰੁ' ਅਤੇ 'ਆਰਤੀ' ਦਾ ਕੀਰਤਨ ਹੁੰਦਾ ਅਤੇ ਅੰਮ੍ਰਿਤ ਵੇਲੇ ਜਪੁ ਦਾ ਉਚਾਰਨ ਹੁੰਦਾ। ਗੁਰੂ ਨਾਨਕ ਨੇ ਲੁਕਾਈ ਨੂੰ ਤੰਤਰਾਂ-ਮੰਤਰਾਂ ਦੇ ਬੋਝ ਤੋਂ ਬਚਾ ਲਿਆ,

ਫਿਰਿ ਬਾਬਾ ਆਇਆ ਕਰਤਾਰਪੁਰਿ
ਭੇਖੁ ਉਦਾਸੀ ਸਗਲ ਉਤਾਰਾ॥
ਪਹਿਰਿ ਸੰਸਾਰੀ ਕਪੜੇ
ਮੰਜੀ ਬੈਠਿ ਕੀਆ ਅਵਤਾਰਾ॥
ਉਲਟੀ ਗੰਗ ਵਹਾਈਓਨਿ
ਗੁਰ ਅੰਗਦੁ ਸਿਰਿ ਉਪਰਿ ਧਾਰਾ॥
ਪੁਤਰੀ ਕਉਲੁ ਨ ਪਾਲਿਆ
ਮਨਿ ਖੋਟੇ ਆਕੀ ਨਸਿਆਰਾ॥...

ਭਾਈ ਗੁਰਦਾਸ ਨੇ ਪਹਿਲੀ ਵਾਰ ਦੀ 45ਵੀਂ ਪਉੜੀ ਵਿਚ ਵੀ ਇਸੇ ਤੱਥ ਨੂੰ ਦੁਹਰਾਇਆ ਹੈ ਕਿ ਮੁਲਤਾਨ ਦੀ ਯਾਤਰਾ ਤੋਂ ਬਾਅਦ ਗੁਰੂ ਨਾਨਕ ਸਾਹਿਬ ਨੇ ਕਰਤਾਰਪੁਰ ਨੂੰ ਕੇਂਦਰ ਬਣਾ ਲਿਆ। ਗੁਰੂ ਸਾਹਿਬ ਦੀ ਸਿੱਖਿਆ ਦਾ ਅਸਰ ਦਸਾਂ ਦਿਸ਼ਾਵਾਂ ਵਿਚ ਫੈਲ ਰਿਹਾ ਸੀ ਅਤੇ ਕਲਿਜੁਗ ਦੇ ਸਮੇਂ ਵਿਚ ਉਨ੍ਹਾਂ ਨੇ ਲੋਕਾਂ ਨੂੰ ਅਕਾਲ ਪੁਰਖ ਦੇ ਨਾਮ ਸਿਮਰਨ ਵੱਲ ਲਾਇਆ। ਅਕਾਲ ਪੁਰਖ ਦੇ ਨਾਮ ਸਿਮਰਨ ਤੋਂ ਬਿਨਾਂ ਅਕਾਲ ਪੁਰਖ ਤੋਂ ਹੋਰ ਕੁਝ ਮੰਗਣਾ ਦੁੱਖਾਂ ਨੂੰ ਸੱਦਾ ਦੇਣਾ ਹੈ। ਗੁਰੂ ਨਾਨਕ ਸਾਹਿਬ ਨੇ ਦੁਨੀਆਂ 'ਤੇ ਆਪਣੀ ਸਥਾਪਤੀ ਕਾਇਮ ਕੀਤੀ ਅਤੇ 'ਨਿਰਮਲ ਪੰਥ' ਸ਼ੁਰੂ ਕਰ ਦਿੱਤਾ। ਆਪਣੇ ਜੀਵਨ ਸਮੇਂ ਵਿਚ ਹੀ ਉਨ੍ਹਾਂ ਆਪਣੇ ਅੰਦਰ ਜਗ ਰਹੀ ਰੱਬੀ ਜੋਤਿ ਨੂੰ ਭਾਈ ਲਹਿਣੇ ਅੰਦਰ ਰੱਖ ਦਿੱਤਾ। ਇਸ ਰਹੱਸ ਨੂੰ ਸਮਝ ਸਕਣਾ ਔਖਾ ਹੈ ਜੋ ਕੌਤਕ ਗੁਰੂ ਨਾਨਕ ਸਾਹਿਬ ਨੇ ਰਚਿਆ। ਇਸ ਤਰ੍ਹਾਂ ਸਰੀਰ ਬਦਲ ਕੇ ਗੁਰੂ ਅੰਗਦ ਨੂੰ ਆਪਣਾ ਸਰੂਪ ਬਣਾ ਦਿੱਤਾ,

ਥਾਪਿਆ ਲਹਿਣਾ ਜੀਂਵਦੇ
ਗੁਰਿਆਈ ਸਿਰਿ ਛਤ੍ਰੁ ਫਿਰਾਇਆ॥
ਜੋਤੀ ਜੋਤਿ ਮਿਲਾਇ ਕੈ
ਸਤਿਗੁਰ ਨਾਨਕਿ ਰੂਪੁ ਵਟਾਇਆ॥
ਲਖਿ ਨ ਕੋਈ ਸਕਈ
ਆਚਰਜੇ ਆਚਰਜੁ ਦਿਖਾਇਆ॥
ਕਾਇਆ ਪਲਟਿ ਸਰੂਪੁ ਬਣਾਇਆ॥

ਭਾਈ ਲਹਿਣਾ ਅਰਥਾਤ ਗੁਰੂ ਅੰਗਦ ਦੇਵ ਦੂਸਰੀ ਨਾਨਕ ਜੋਤਿ ਦਾ ਜਨਮ 31 ਮਾਰਚ ਸੰਨ 1504 ਨੂੰ ਮੱਤੇ ਦੀ ਸਰਾਇ (ਮੁਕਤਸਰ) ਵਿਖੇ ਬਾਬਾ ਫੇਰੂ ਮੱਲ ਅਤੇ ਮਾਤਾ ਸਭਰਾਈ (ਦਇਆ ਕੌਰ) ਦੇ ਘਰ ਹੋਇਆ। ਉਨ੍ਹਾਂ ਦਾ ਵਿਆਹ ਬੀਬੀ ਖੀਵੀ ਨਾਲ ਹੋਇਆ, ਜਿਸ ਤੋਂ ਦੋ ਪੁੱਤਰ- ਦਾਤੂ ਤੇ ਦਾਸੂ ਅਤੇ ਦੋ ਧੀਆਂ- ਬੀਬੀ ਅਮਰੋ ਤੇ ਅਨੋਖੀ ਪੈਦਾ ਹੋਈਆਂ। ਬੀਬੀ ਅਮਰੋ ਦਾ ਵਿਆਹ ਗੁਰੂ ਅਮਰਦਾਸ ਦੇ ਭਤੀਜੇ ਨਾਲ ਪਿੰਡ ਬਾਸਰਕੇ ਹੋਇਆ। ਬੀਬੀ ਅਮਰੋ ਤੋਂ ਬਾਣੀ ਦਾ ਪਾਠ ਸੁਣ ਕੇ ਹੀ ਗੁਰੂ ਅਮਰਦਾਸ ਗੁਰੂ ਅੰਗਦ ਦੇਵ ਦੇ ਦਰਸ਼ਨਾਂ ਨੂੰ ਖਡੂਰ ਸਾਹਿਬ ਆਏ ਅਤੇ ਗੁਰੂ ਦੀ ਸੇਵਾ ਵਿਚ ਟਿਕ ਗਏ। ਭਾਈ ਲਹਿਣਾ ਦੁਰਗਾ ਦੇ ਭਗਤ ਸਨ ਪਰ ਇੱਕ ਦਿਨ ਅੰਮ੍ਰਿਤ ਵੇਲੇ ਭਾਈ ਜੋਧਾ ਨੂੰ ਗੁਰੂ ਨਾਨਕ ਦੀ ਬਾਣੀ ਜਪੁਜੀ ਦਾ ਉਚਾਰਨ ਕਰਦਿਆਂ ਸੁਣਿਆ ਤਾਂ ਗੁਰੂ ਨਾਨਕ ਬਾਰੇ ਜਾਣਨ ਤੋਂ ਬਾਅਦ ਉਨ੍ਹਾਂ ਦੇ ਮਨ ਵਿਚ ਗੁਰੂ ਦੇ ਦਰਸ਼ਨਾਂ ਦੀ ਇੱਛਾ ਪੈਦਾ ਹੋਈ। ਉਹ ਕਰਤਾਰਪੁਰ ਦਰਸ਼ਨਾਂ ਲਈ ਆਏ ਅਤੇ ਉਥੇ ਹੀ ਗੁਰੂ ਦੀ ਸੇਵਾ ਵਿਚ ਲੱਗ ਗਏ। ਉਸ ਵੇਲੇ ਉਨ੍ਹਾਂ ਦੀ ਉਮਰ ਕਰੀਬ 27 ਸਾਲ ਸੀ।

ਗੁਰੂ ਬਾਬਾ ਨੇ ਉਨ੍ਹਾਂ ਨੂੰ ਖਡੂਰ ਜਾ ਕੇ ਸੰਗਤਾਂ ਵਿਚ ਸਿੱਖ ਸਿਧਾਂਤਾਂ ਅਤੇ ਬਾਣੀ ਦਾ ਪ੍ਰਚਾਰ ਕਰਨ ਲਈ ਕਿਹਾ। ਗੁਰੂ ਦੀ ਆਗਿਆ ਦਾ ਪਾਲਣ ਕਰਦਿਆਂ ਭਾਈ ਲਹਿਣਾ ਖਡੂਰ ਚਲੇ ਗਏ ਅਤੇ ਆਪਣਾ ਸਮਾਂ ਸਿੱਖੀ ਸਿਧਾਂਤਾਂ ਦਾ ਪ੍ਰਚਾਰ ਕਰਨ, ਲੋਕਾਂ ਦੀ ਸੇਵਾ ਕਰਨ ਅਤੇ ਲੋੜਵੰਦਾਂ ਨੂੰ ਲੰਗਰ ਛਕਾਉਣ ਵਿਚ ਗੁਜ਼ਾਰਨ ਲੱਗੇ। ਕੁਝ ਸਮਾਂ ਬੀਤਣ ਪਿਛੋਂ ਉਹ ਕਰਤਾਰਪੁਰ ਗੁਰੂ ਨਾਨਕ ਦੇ ਦਰਸ਼ਨਾਂ ਨੂੰ ਆਏ ਅਤੇ ਪੂਰੀ ਤਰ੍ਹਾਂ ਸਮਰਪਣ ਨਾਲ ਸੇਵਾ ਵਿਚ ਜੁਟ ਗਏ। ਸਾਖੀਕਾਰਾਂ ਅਨੁਸਾਰ ਬਹੁਤ ਸਾਰੇ ਇਮਤਿਹਾਨਾਂ ਵਿਚੋਂ ਸਫਲਤਾ ਪੂਰਬਕ ਗੁਜ਼ਰ ਜਾਣ 'ਤੇ ਗੁਰੂ ਨਾਨਕ ਦੇਵ ਨੇ ਉਨ੍ਹਾਂ ਨੂੰ ਗੁਰਗੱਦੀ 'ਤੇ ਸੁਸ਼ੋਭਿਤ ਕਰਕੇ ਆਪ ਮੱਥਾ ਟੇਕਿਆ ਜਿਸ ਦਾ ਜ਼ਿਕਰ ਭਾਈ ਗੁਰਦਾਸ ਦੀਆਂ ਵਾਰਾਂ ਵਿਚ "ਉਲਟੀ ਗੰਗ ਵਹਾਈਓਨਿ ਗੁਰ ਅੰਗਦੁ ਸਿਰਿ ਉਪਰਿ ਧਾਰਾ" ਕਹਿ ਕੇ ਕੀਤਾ ਹੈ। ਗੁਰੂ ਨਾਨਕ ਸਾਹਿਬ ਦੇ ਜੋਤੀ ਜੋਤਿ ਸਮਾਉਣ 'ਤੇ ਗੁਰੂ ਅੰਗਦ ਵਾਪਸ ਖਡੂਰ ਸਾਹਿਬ ਆ ਗਏ ਅਤੇ ਸਿੱਖ ਧਰਮ ਦੇ ਸਿਧਾਂਤਾਂ ਨੂੰ ਅਮਲੀ ਰੂਪ ਦੇਣ ਦਾ ਆਪਣਾ ਕਾਰਜ ਜਾਰੀ ਰੱਖਿਆ।

ਸਿੱਖ ਧਰਮ ਚਿੰਤਨ ਦਾ ਇਲਹਾਮ ਗੁਰੂ ਜੋਤਿ ਅਤੇ ਗੁਰੂ ਜੁਗਤਿ ਰਾਹੀਂ ਬਾਣੀ ਦੇ ਰੂਪ ਵਿਚ ਹੋਇਆ। ਸ੍ਰੀ ਗ੍ਰੰਥ ਸਾਹਿਬ ਵਿਚ ਇਲਹਾਮ ਦਾ ਸੰਕੇਤ ਸਬਦਿ, ਗੁਰਬਾਣੀ, ਬਾਣੀ, ਦ੍ਰਿਸਟਿ, ਪਰਗਟ, ਪਰਗਾਸ, ਦਿਖਾਲਿਆ, ਕਹਿਣ, ਕਹਾਇ, ਜੋਤਿ, ਗਿਆਨ ਅਤੇ ਬ੍ਰਹਮਗਿਆਨ ਆਦਿ ਸ਼ਬਦਾਂ ਤੋਂ ਮਿਲਦਾ ਹੈ। ਇਸ ਵਿਲੱਖਣ ਇਲਹਾਮ ਦਾ ਅਮਲ ਤਿੰਨ ਤਰ੍ਹਾਂ ਨਾਲ ਵਾਪਰਦਾ ਹੈ। ਪਰਮਸਤਿ, ਸਤਿ ਜਾਂ ਸ਼ਬਦ ਦਾ ਇਲਹਾਮ ਗੁਰੂ ਨੂੰ ਆਪਣੇ ਰਹੱਸਾਤਮਕ ਅਨੁਭਵ ਵਿਚ ਰੱਬੀ ਸੁਰਤਿ ਨਾਲ ਇਕਸੁਰਤਾ ਦੇ ਪਲਾਂ ਵਿਚ ਅਕਾਲ ਪੁਰਖ ਵਲੋਂ ਹੁੰਦਾ ਹੈ। ਫਿਰ ਇਸ ਪਰਮ ਸਤਿ ਜਾਂ ਸ਼ਬਦ ਦਾ ਸੰਚਾਰ ਗੁਰੂ ਵਲੋਂ ਸਿੱਖ ਨੂੰ ਸ਼ਬਦ ਅਰਥਾਤ ਬਾਣੀ ਦੇ ਰੂਪ ਵਿਚ ਕੀਤਾ ਜਾਂਦਾ ਹੈ। ਫਿਰ ਗੁਰਮੁਖਿ ਜਾਂ ਬ੍ਰਹਮਗਿਆਨੀ ਗੁਰੂ ਰਾਹੀਂ ਇਸ ਸਤਿ ਜਾਂ ਸ਼ਬਦ ਨੂੰ ਅਨੁਭਵ ਕਰਨ ਦੇ ਯੋਗ ਹੁੰਦਾ ਹੈ। ਉਸ ਦੀ ਸੁਰਤਿ ਪਰਮਾਤਮ-ਸੁਰਤਿ ਨਾਲ ਇਕਸੁਰ ਹੁੰਦੀ ਹੈ। ਉਹ ਭਾਵੇਂ ਰੱਬੀ ਅਨੁਭਵ ਕਰਨ ਦੇ ਯੋਗ ਗੁਰੂ ਰਾਹੀਂ ਹੁੰਦਾ ਹੈ ਪਰ ਜਦੋਂ ਸੁਰਤਿ ਪਰਮਾਤਮ-ਸੁਰਤਿ ਨਾਲ ਇਕਸੁਰ ਹੋ ਜਾਂਦੀ ਹੈ ਤਾਂ ਸਿੱਖ ਆਪ ਉਸ ਉਚਾਈ 'ਤੇ ਪਹੁੰਚ ਜਾਂਦਾ ਹੈ ਜਿਥੇ ਗੁਰੂ ਦਾ ਰੋਲ ਖਤਮ ਹੋ ਜਾਂਦਾ ਹੈ।

ਕਰਤਾਰਪੁਰ ਵਿਚ ਗੁਰੂ ਦੀ ਸੇਵਾ ਵਿਚ ਰਹਿੰਦਿਆਂ ਭਾਈ ਲਹਿਣਾ ਗੁਰੂ ਮਿਹਰ ਸਦਕਾ ਅਧਿਆਤਮਕ ਉਚਾਈਆਂ ਤੱਕ ਪਹੁੰਚਦੇ ਹਨ। ਉਪਰ ਦਿੱਤੇ ਸਿੱਖ ਇਲਹਾਮ ਦੇ ਜ਼ਿਕਰ ਦੀ ਪ੍ਰੋੜਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗ ਰਾਮਕਲੀ ਵਿਚ ਸਤੇ ਅਤੇ ਬਲਵੰਡ ਦੀ ਰਚੀ ਵਾਰ ਵਿਚੋਂ ਹੋ ਜਾਂਦੀ ਹੈ। 'ਵਾਰ' ਵਿਚ ਗੁਰੂ ਅੰਗਦ ਦੇ ਗੁਰੂ ਬਣਨ ਦਾ ਜ਼ਿਕਰ ਕਰਦਿਆਂ ਦੱਸਿਆ ਗਿਆ ਹੈ ਕਿ ਜਦੋਂ ਕਿਸੇ ਦਾ ਨਾਮਣਾ ਅਕਾਲ ਪੁਰਖ ਆਪ ਉਚਾ ਕਰਦਾ ਹੈ ਤਾਂ ਉਸ ਨੂੰ ਪਰਖਣ ਜਾਂ ਤੋਲਣ ਲਈ ਕੋਈ ਗੱਲ ਕਰ ਸਕਣੀ ਮੁਸ਼ਕਿਲ ਹੈ। ਸੰਸਾਰ ਸਮੁੰਦਰ ਤੋਂ ਪਾਰ ਲੰਘਾਉਣ ਵਾਲੀ ਆਤਮ ਅਵਸਥਾ ਦੀ ਬਖਸ਼ਿਸ਼ ਹਾਸਲ ਕਰਨ ਲਈ ਜੋ ਸਤਿ ਆਦਿ ਰੱਬੀ ਗੁਣ ਹਨ, ਗੁਰੂ ਨਾਨਕ ਵਿਚ ਪਹਿਲਾਂ ਹੀ ਮੌਜੂਦ ਹਨ ਅਤੇ ਇਸ ਉਚੀ ਅਵਸਥਾ ਨੂੰ ਪ੍ਰਾਪਤ ਗੁਰੂ ਨਾਨਕ ਨੇ ਸੱਚ-ਰੂਪ ਕਿਲਾ ਬਣਾ ਕੇ ਅਤੇ ਪੱਕੀ ਨੀਂਹ ਰੱਖ ਕੇ ਧਰਮ ਦਾ ਰਾਜ ਚਲਾਇਆ। ਗੁਰੂ ਨੇ ਅਕਾਲ ਪੁਰਖ ਦੀ ਬਖਸ਼ਿਸ਼ ਕੀਤੀ ਮਤਿ-ਰੂਪੀ ਤਲਵਾਰ ਅਤੇ ਜ਼ੋਰ ਨਾਲ ਆਤਮਕ ਜ਼ਿੰਦਗੀ ਬਖਸ਼ਿਸ਼ ਕਰਕੇ ਭਾਈ ਲਹਿਣਾ, ਜੋ ਅਕਾਲ ਪੁਰਖ ਦੀ ਸਿਫਤਿ-ਸਾਲਾਹ ਵਿਚ ਲੱਗੇ ਹੋਏ ਆਤਮਕ ਜੀਵਨ ਦੇਣ ਵਾਲਾ ਨਾਮ-ਜਲ ਪੀ ਰਹੇ ਸਨ, ਦੇ ਸਿਰ ਉਤੇ ਗੁਰਿਆਈ ਦਾ ਛਤਰ ਰੱਖ ਦਿੱਤਾ। ਆਪਣੀ ਸਲਾਮਤੀ ਵਿਚ ਹੀ ਗੁਰੂ ਨਾਨਕ ਸਾਹਿਬ ਨੇ ਆਪਣੇ ਸਿੱਖ ਅੱਗੇ ਮੱਥਾ ਟੇਕਿਆ ਅਤੇ ਆਪਣੇ ਜਿਉਂਦਿਆਂ ਹੀ ਗੁਰਿਆਈ ਦਾ ਤਿਲਕ ਬਾਬਾ ਲਹਿਣਾ ਜੀ ਨੂੰ ਦੇ ਦਿੱਤਾ,

ਨਾਉ ਕਰਤਾ ਕਾਦਰੁ ਕਰੇ
ਕਿਉ ਬੋਲੁ ਹੋਵੈ ਜੋਖੀਵਦੈ॥
ਦੇ ਗੁਨਾ ਸਤਿ ਭੈਣ ਭਰਾਵ ਹੈ
ਪਾਰੰਗਤਿ ਦਾਨੁ ਪੜੀਵਦੈ॥
ਨਾਨਕਿ ਰਾਜੁ ਚਲਾਇਆ
ਸਚੁ ਕੋਟੁ ਸਤਾਣੀ ਨੀਵ ਦੈ॥
ਲਹਿਣੇ ਧਰਿਓਨੁ ਛਤੁ ਸਿਰਿ
ਕਰਿ ਸਿਫਤੀ ਅੰਮ੍ਰਿਤੁ ਪੀਵਦੈ॥
ਮਤਿ ਗੁਰ ਆਤਮ ਦੇਵ ਦੀ
ਖੜਗਿ ਜੋਰਿ ਪਰਾਕੁਇ ਜੀਅ ਦੈ॥
ਗੁਰਿ ਚੇਲੇ ਰਹਰਾਸਿ ਕੀਈ
ਨਾਨਕਿ ਸਲਾਮਤਿ ਥੀਵਦੈ॥
ਸਹਿ ਟਿਕਾ ਦਿਤੋਸੁ ਜੀਵਦੈ॥ (ਪੰਨਾ ੯੬੬)

ਗੁਰੂ ਨਾਨਕ ਦੇਵ, ਗੁਰੂ ਅੰਗਦ ਦੇਵ ਰਾਹੀਂ ਸਿੱਖ ਸਿਧਾਂਤਾਂ ਦਾ ਅਮਲੀ ਪ੍ਰਕਾਸ਼ਨ ਕਰਦੇ ਹਨ। ਗੁਰੂ ਨਾਨਕ ਦੇਵ ਦਾ ਜਨਮ ਤਲਵੰਡੀ ਰਾਇਭੋਇ (ਨਨਕਾਣਾ ਸਾਹਿਬ) ਦਾ ਹੈ ਅਤੇ ਸਿੱਖ ਧਰਮ ਦਾ ਅਗਾਜ਼ ਸੁਲਤਾਨਪੁਰ ਲੋਧੀ ਵਿਚ 'ਵੇਈਂ ਨਦੀ ਪ੍ਰਵੇਸ਼' ਤੋਂ ਹੁੰਦਾ ਹੈ। ਚਾਰ ਦਿਸ਼ਾਵਾਂ ਵਿਚ ਚਾਰ ਉਦਾਸੀਆਂ ਤੋਂ ਬਾਅਦ ਉਹ ਸਿੱਖ ਧਰਮ ਦਾ ਕੇਂਦਰ ਰਾਵੀ ਕਿਨਾਰੇ ਕਰਤਾਰਪੁਰ ਨੂੰ ਬਣਾਉਂਦੇ ਹਨ ਅਤੇ ਗੁਰਗੱਦੀ ਦੀ ਜਾਂ-ਨਸ਼ੀਨਤਾ ਨੂੰ ਯੋਗਤਾ-ਮੂਲਕ ਬਣਾਉਂਦਿਆਂ ਭਾਈ ਲਹਿਣਾ ਨੂੰ ਗੁਰਗੱਦੀ ਸੌਂਪਦੇ ਹਨ। ਗੁਰੂ ਅੰਗਦ ਸਿੱਖ ਧਰਮ ਦੇ ਸਿਧਾਂਤਾਂ ਦੀ ਸਥਾਪਤੀ ਨੂੰ ਅੱਗੇ ਲੈ ਜਾਣ ਹਿੱਤ ਗੁਰੂ ਹੁਕਮ ਅਨੁਸਾਰ ਕਰਤਾਰਪੁਰ ਛੱਡ ਦਿੰਦੇ ਹਨ ਅਤੇ ਪ੍ਰਚਾਰ ਦਾ ਕੇਂਦਰ ਖਡੂਰ ਵਿਚ ਸਥਾਪਤ ਕਰਦੇ ਹਨ ਜਿਥੇ ਬਾਣੀ ਪੜ੍ਹੀ ਤੇ ਸੁਣੀ ਜਾਂਦੀ ਹੈ, ਸ਼ਬਦ ਦਾ ਕੀਰਤਨ ਤੇ ਪ੍ਰਚਾਰ ਹੁੰਦਾ ਹੈ। ਗੁਰੂ ਅੰਗਦ ਦੇਵ ਨੇ ਲਿਪੀ ਸੋਧ ਕੇ ਉਸ ਨੂੰ ਵਰਤਮਾਨ ਗੁਰਮੁਖੀ ਲਿਪੀ ਦਾ ਸਰੂਪ ਬਖਸ਼ਿਸ਼ ਕੀਤਾ। ਇਸੇ ਲਿਪੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਲਿਖਤੀ ਪ੍ਰਕਾਸ਼ਨ ਹੋਇਆ। ਇਸ ਨੇ ਪੰਜਾਬੀ ਬੋਲੀ ਅਤੇ ਇਸ ਨੂੰ ਬੋਲਣ ਵਾਲਿਆਂ ਨੂੰ ਇੱਕ ਵਿਲੱਖਣ ਪਛਾਣ ਦਿੱਤੀ। ਕਿਹਾ ਜਾਂਦਾ ਹੈ ਕਿ ਇਸ ਤੋਂ ਪਹਿਲਾਂ ਪੰਜਾਬੀ 'ਲੰਡਿਆਂ' ਅਤੇ 'ਮਹਾਜਨੀ' ਲਿਪੀ ਵਿਚ ਲਿਖੀ ਜਾਂਦੀ ਸੀ ਜਿਸ ਵਿਚ ਕੋਈ ਸਵਰ ਅੱਖਰ ਨਹੀਂ ਸੀ ਹੁੰਦੇ।

ਗੁਰੂ ਅੰਗਦ ਦੇਵ ਨੇ ਨੌਜੁਆਨਾਂ ਦੀ ਸਿਹਤ ਸੰਭਾਲ ਅਤੇ ਬੱਚਿਆਂ ਦੀ ਸਿੱਖਿਆ ਵੱਲ ਖਾਸ ਧਿਆਨ ਦਿੱਤਾ। ਖਡੂਰ ਸਹਿਬ ਵਿਚ ਕੁਸ਼ਤੀ ਵਰਗੀਆ ਪਰੰਪਰਕ ਅਤੇ ਸਿਹਤ ਪੱਖੀ ਖੇਡਾਂ ਦਾ ਖਾਸ ਪ੍ਰਬੰਧ ਕੀਤਾ। ਬੱਚਿਆਂ ਦੇ ਪੜ੍ਹਨ-ਲਿਖਣ ਵੱਲ ਗੁਰੂ ਅੰਗਦ ਦੇਵ ਨਿਜੀ ਤੌਰ 'ਤੇ ਧਿਆਨ ਦਿੰਦੇ ਅਤੇ ਉਨ੍ਹਾਂ ਨੇ ਗੁਰਮੁਖੀ ਲਿਪੀ ਵਿਚ ਕੈਦੇ ਤਿਆਰ ਕਰਾਏ। ਕਿਰਤ ਕਰਨਾ, ਵੰਡ ਛਕਣਾ ਅਤੇ ਨਾਮ ਜਪਣਾ ਗੁਰੂ ਨਾਨਕ ਸਾਹਿਬ ਵਲੋਂ ਸਿੱਖ ਵਾਸਤੇ ਤਿੰਨ ਬੁਨਿਆਦੀ ਨਿਯਮ ਦਿੱਤੇ ਗਏ ਹਨ। ਗੁਰੂ ਅੰਗਦ ਦੇਵ ਆਪਣਾ ਨਿਜੀ ਗੁਜ਼ਾਰਾ ਮੁੰਜ ਦਾ ਵਾਣ ਵੱਟ ਕੇ ਕਰਦੇ ਅਤੇ ਜੋ ਕੁਝ ਵੀ ਸੰਗਤ ਵਲੋਂ ਚੜ੍ਹਾਵੇ ਵਿਚ ਆਉਂਦਾ, ਉਸ ਨੂੰ ਸਾਂਝੇ ਕੰਮਾਂ ਵਿਚ ਵਰਤਿਆ ਜਾਂਦਾ। ਗੁਰੂ ਨਾਨਕ ਦੇਵ ਨੇ ਇੱਕ ਨਰੋਏ ਸਮਾਜ ਦੀ ਉਸਾਰੀ ਲਈ ਉਸ ਦੀ ਨੀਂਹ ਸੇਵਾ ਅਤੇ ਮਨੁੱਖੀ ਬਰਾਬਰੀ ਦੇ ਸਿਧਾਂਤ 'ਤੇ ਰੱਖੀ ਅਤੇ ਇਸ ਦੀ ਪੂਰਤੀ ਲਈ ਲੰਗਰ ਦੀ ਸੰਸਥਾ ਕਾਇਮ ਕੀਤੀ। ਲੰਗਰ ਦੀ ਸੰਸਥਾ ਅਜਿਹੀ ਸੰਸਥਾ ਹੈ ਜਿੱਥੇ ਸੇਵਾ ਅਤੇ ਮਨੁੱਖੀ ਬਰਾਬਰੀ ਦੋਵਾਂ ਦੀ ਪੂਰਤੀ ਹੁੰਦੀ ਹੈ।

ਸਤਾ ਅਤੇ ਬਲਵੰਡ ਦੀ ਵਾਰ ਵਿਚ ਸਾਰਾ ਬਿਰਤਾਂਤ ਬਿਆਨ ਕੀਤਾ ਹੈ ਕਿ ਗੁਰੂ ਨਾਨਕ ਸਾਹਿਬ ਦੀ ਵਡਿਆਈ ਦੀ ਜੋ ਧੁੰਮ ਪਈ ਹੋਈ ਸੀ, ਉਸ ਦਾ ਸਦਕਾ ਹੀ ਭਾਈ ਲਹਿਣਾ ਦੀ ਵਡਿਆਈ ਦੀ ਧੁੰਮ ਵੀ ਚਾਰ ਚੁਫੇਰੇ ਪੈ ਗਈ ਕਿਉਂਕਿ ਗੁਰੂ ਜੁਗਤ ਵੀ ਉਹੀ ਸੀ ਅਤੇ ਗੁਰੂ ਜੋਤਿ ਵੀ ਉਹੀ ਸੀ। ਗੁਰੂ ਅੰਗਦ ਦੇ ਸਿਰ 'ਤੇ ਰੱਬੀ ਛਤਰ ਝੁਲ ਰਿਹਾ ਹੈ। ਭਾਈ ਲਹਿਣਾ ਭਾਵ ਗੁਰੂ ਅੰਗਦ ਦੇਵ ਗੁਰੂ ਨਾਨਕ ਦੇਵ ਦੀ ਹੱਟੀ ਵਿਚ ਗੱਦੀ ਮੱਲ ਕੇ ਬੈਠੇ ਗੁਰੂ ਨਾਨਕ ਸਾਹਿਬ ਦੇ ਦੱਸੇ ਹੁਕਮ ਦੀ ਪਾਲਣਾ ਕਰ ਰਹੇ ਹਨ। ਇਸ ਹੁਕਮ ਦੀ ਪਾਲਣਾ ਜੋਗ ਦੀ ਕਮਾਈ ਅਲੂਣੀ ਸਿਲ ਚੱਟਣ ਦੇ ਬਰਾਬਰ ਹੈ। ਇਥੇ ਦਿਨ ਰਾਤ ਅਕਾਲ ਪੁਰਖ ਦੀ ਸਿਫ਼ਤਿ-ਸਲਾਹ ਹੋ ਰਹੀ ਹੈ, ਰੂਹਾਨੀ ਨੂਰ ਵਰਸ ਰਿਹਾ ਹੈ ਅਤੇ ਸੱਚੇ ਪਾਤਿਸ਼ਾਹ ਗੁਰੂ ਅੰਗਦ ਦਾ ਦਰਸ਼ਨ ਕਰਕੇ ਜਨਮ-ਜਨਮ ਦੀ ਇਕੱਠੀ ਹੋਈ ਵਿਕਾਰਾਂ ਦੀ ਮੈਲ ਕੱਟੀ ਜਾ ਰਹੀ ਹੈ। ਇਹ ਸਭ ਕੁਝ ਇਸ ਲਈ ਵਾਪਰਿਆ ਕਿਉਂਕਿ ਗੁਰੂ ਨਾਨਕ ਸਾਹਿਬ ਨੇ ਜੋ ਵੀ ਹੁਕਮ ਕੀਤਾ ਭਾਈ ਲਹਿਣਾ ਨੇ ਆਗਿਆ ਦਾ ਪਾਲਣ ਕੀਤਾ। ਪੁੱਤਰਾਂ ਨੇ ਆਗਿਆ ਦਾ ਪਾਲਣ ਨਹੀਂ ਕੀਤਾ। ਉਹ ਗੁਰੂ ਦੇ ਹੁਕਮ ਵਲੋਂ ਪਿੱਠ ਕਰਕੇ ਮੁੜਦੇ ਰਹੇ। ਜੇ ਇੱਕ ਪਾਸੇ ਅਧਿਆਤਮਕ ਭੁੱਖ ਨੂੰ ਸਰਚਾਉਣ ਲਈ ਗੁਰੂ ਅੰਗਦ ਦੇਵ ਸ਼ਬਦ ਦਾ ਲੰਗਰ ਚਲਾ ਰਹੇ ਹਨ ਤਾਂ ਦੂਜੇ ਪਾਸੇ ਉਨ੍ਹਾਂ ਦੀ ਧਰਮ ਪਤਨੀ ਮਾਤਾ ਖੀਵੀ ਆਈਆਂ ਸੰਗਤਾਂ ਦੀ ਪੇਟ ਦੀ ਭੁੱਖ ਸਰਚਾਉਣ ਲਈ ਪਰਸ਼ਾਦੇ ਦਾ ਲੰਗਰ ਚਲਾ ਰਹੇ ਹਨ। ਮਾਤਾ ਖੀਵੀ ਸੰਗਤਾਂ ਲਈ ਵਧੀਆ ਲੰਗਰ ਆਪ ਤਿਆਰ ਕਰਵਾਉਂਦੇ ਹਨ ਜਿਵੇਂ ਕਿ ਵਾਰ ਵਿਚ ਜ਼ਿਕਰ ਕੀਤਾ ਗਿਆ ਹੈ, ਮਾਤਾ ਜੀ ਦੇ ਲੰਗਰ ਵਿਚ ਦੇਸੀ ਘਿਉ ਦੀ ਵਧੀਆ ਅਤੇ ਸੁਆਦਲੀ ਖੀਰ ਤਿਆਰ ਕੀਤੀ ਜਾਂਦੀ। ਬਿਆਨ ਕੀਤਾ ਹੈ ਕਿ ਮਾਤਾ ਖੀਵੀ ਬਹੁਤ ਭਲੇ ਹਨ, ਜਿਨ੍ਹਾਂ ਦੀ ਛਾਂ ਬਹੁਤ ਸੰਘਣੀ ਹੈ ਅਰਥਾਤ ਉਨ੍ਹਾਂ ਦੀ ਸੰਗਤਿ ਵਿਚ ਜਾਇਆਂ ਹਿਰਦੇ ਵਿਚ ਠੰਢ ਪੈਂਦੀ ਹੈ। ਮਾਤਾ ਖੀਵੀ ਦਾ ਪਤੀ ਗੁਰੂ ਅੰਗਦ ਉਹ ਹੈ ਜਿਸ ਨੇ ਸਾਰੀ ਧਰਤੀ ਦਾ ਭਾਰ ਚੁੱਕਿਆ ਹੋਇਆ ਸੀ। ਉਨ੍ਹਾਂ (ਗੁਰੂ ਅੰਗਦ) ਨੇ ਮਰਦਾਂ ਵਾਲੀ ਘਾਲ ਘਾਲੀ ਤਾਂ ਗੁਰੂ ਨਾਨਕ ਦੇ ਦਰ 'ਤੇ ਕਬੂਲ ਹੋਏ,

ਬਲਵੰਡ ਖੀਵੀ ਨੇਕ ਜਨ
ਜਿਸੁ ਬਹੁਤੀ ਛਾਉ ਪਤ੍ਰਾਲੀ॥
ਲੰਗਰਿ ਦਉਲਤਿ ਵੰਡੀਐ
ਰਸੁ ਅੰਮ੍ਰਿਤੁ ਖੀਰਿ ਘਿਆਲੀ॥
ਗੁਰਸਿਖਾ ਕੇ ਮੁਖ ਉਜਲੇ
ਮਨਮੁਖ ਥੀਏ ਪਰਾਲੀ॥
ਪਏ ਕਬੂਲ ਖਸੰਮ ਨਾਲਿ
ਜਾਂ ਘਾਲ ਮਰਦੀ ਘਾਲੀ॥
ਮਾਤਾ ਖੀਵੀ ਸਹੁ ਸੋਇ
ਜਿਨਿ ਗੋਇ ਉਠਾਲੀ॥੩॥ (ਪੰਨਾ ੯੬੭)

ਗੁਰੂ ਅੰਗਦ ਦੇਵ 28 ਮਾਰਚ 1552 ਈ. ਨੂੰ ਕਰੀਬ 47 ਸਾਲ ਦੀ ਉਮਰ ਪੂਰੀ ਕਰਕੇ ਗੁਰੂ ਨਾਨਕ ਦੇ ਦਿੱਤੇ ਸਿਧਾਂਤਾਂ ਅਨੁਸਾਰ ਪਰਖ ਦੀ ਕਸਵੱਟੀ 'ਤੇ ਪੂਰੇ ਉਤਰਨ ਵਾਲੇ ਗੁਰੂ ਅਮਰਦਾਸ ਨੂੰ ਗੁਰਗੱਦੀ ਸੌਂਪ ਕੇ ਜੋਤੀ ਜੋਤਿ ਸਮਾ ਗਏ। ਗੁਰੂ ਅਮਰਦਾਸ ਰਿਸ਼ਤੇ ਵਿਚ ਗੁਰੂ ਅੰਗਦ ਦੇਵ ਦੇ ਕੁੜਮ ਲਗਦੇ ਸਨ।

## ਜੋਗ ਜੁਗਤਿ ਸੁਨਿ ਆਇਓ ਗੁਰ ਤੇ

ਗੁਰਬਾਣੀ ਗਿਆਨ

**ਗਉੜੀ ਮਹਲਾ 5**

ਜੋਗ ਜੁਗਤਿ ਸੁਨਿ ਆਇਓ ਗੁਰ ਤੇ॥
ਮੋ ਕਉ ਸਤਿਗੁਰ
ਸਬਦਿ ਬੁਝਾਇਓ॥੧॥ਰਹਾਉ॥
ਨਉ ਖੰਡ ਪ੍ਰਿਥਮੀ ਇਸੁ ਤਨ ਮਹਿ ਰਵਿਆ
ਨਿਮਖ ਨਿਮਖ ਨਮਸਕਾਰਾ॥
ਦੀਖਿਆ ਗੁਰ ਕੀ ਮੁੰਦ੍ਰਾ ਕਾਨੀ
ਦ੍ਰਿੜਿਓ ਏਕੁ ਨਿਰੰਕਾਰਾ॥੧॥
ਪੰਚ ਚੇਲੇ ਮਿਲਿ ਭਏ ਇਕਤ੍ਰਾ
ਏਕਸੁ ਕੈ ਵਸਿ ਕੀਏ॥
ਦਸ ਬੈਰਾਗਨਿ ਆਗਿਆਕਾਰੀ
ਤਬ ਨਿਰਮਲ ਜੋਗੀ ਥੀਏ॥੨॥
ਭਰਮੁ ਜਰਾਇ ਚਰਾਈ ਬਿਭੂਤਾ
ਪੰਥੁ ਏਕੁ ਕਰਿ ਪੇਖਿਆ॥
ਸਹਜ ਸੂਖ ਸੋ ਕੀਨੀ ਭੁਗਤਾ
ਜੋ ਠਾਕੁਰਿ ਮਸਤਕਿ ਲੇਖਿਆ॥੩॥
ਜਹ ਭਉ ਨਾਹੀ ਤਹਾ ਆਸਨੁ ਬਾਧਿਓ
ਸਿੰਗੀ ਅਨਹਤ ਬਾਨੀ॥
ਤਤੁ ਬੀਚਾਰੁ ਡੰਡਾ ਕਰਿ ਰਾਖਿਓ
ਜੁਗਤਿ ਨਾਮ ਮਨਿ ਭਾਈ॥੪॥
ਐਸਾ ਜੋਗੀ ਵਡਭਾਗੀ ਭੇਟੈ
ਮਾਇਆ ਕੇ ਬੰਧਨ ਕਾਟੈ॥
ਸੇਵਾ ਪੂਜ ਕਰਉ ਤਿਸੁ ਮੂਰਤਿ ਕੀ
ਨਾਨਕੁ ਤਿਸੁ ਪਗ ਚਾਟੈ॥੫॥

ਗੁਰੂ ਅਰਜਨ ਦੇਵ ਜੀ ਇਸ ਪਾਵਨ ਸ਼ਬਦ ਅੰਦਰ ਐਸਾ ਜੋਗ ਮਾਰਗ ਜੋ ਪ੍ਰਭੂ ਨਾਲ ਮਿਲਾਪ ਕਰਵਾ ਦਿੰਦਾ ਹੈ, ਉਸ ਬਾਬਤ ਉਪਦੇਸ਼ ਕਰਦੇ ਆਖਦੇ ਹਨ- ਜੋਗ ਜੁਗਤਿ ਸੁਨਿ ਆਇਓ ਗੁਰ ਤੇ, ਹੇ ਸੰਸਾਰ ਦੇ ਲੋਕੋ! ਮੈਂ ਐਸੇ ਜੋਗ ਦੀ ਜੁਗਤਿ, ਭਾਵ ਤਰੀਕਾ ਆਪਣੇ ਪੂਰੇ ਗੁਰੂ ਕੋਲੋਂ ਸੁਣ ਕੇ ਆਇਆ ਹਾਂ; ਹੇ ਭਾਈ! ਸਤਿਗੁਰ ਦੇ ਸ਼ਬਦ ਨੇ ਉਸ ਮਿਹਰਵਾਨ ਪ੍ਰੀਤਮ ਪ੍ਰਭ ਦੇ ਮਿਲਾਪ ਦੀ ਜਾਚ ਮੈਨੂੰ ਪੂਰੀ ਤਰ੍ਹਾਂ ਸਮਝਾ ਦਿੱਤੀ ਹੈ ਅਤੇ ਉਹ ਜੁਗਤ ਇਹੀ ਹੈ।

ਨਉ ਖੰਡ ਪ੍ਰਿਥਮੀ ਇਸੁ ਤਨ ਮਹਿ ਰਵਿਆ
ਨਿਮਖ ਨਿਮਖ ਨਮਸਕਾਰਾ॥
ਦੀਖਿਆ ਗੁਰ ਕੀ ਮੁੰਦ੍ਰਾ ਕਾਨੀ
ਦ੍ਰਿੜਿਓ ਏਕੁ ਨਿਰੰਕਾਰਾ॥੧॥

ਜੋਗੀ ਲੋਕ ਜੋ ਇਸ ਨੌਂ ਖੰਡ ਧਰਤੀ ਉਤੇ ਰੋਟੀ ਦੀ ਭਾਲ ਵਿਚ ਭਟਕਦੇ ਹਨ, ਮੈਂ ਉਸ ਪ੍ਰਭੂ ਨੂੰ ਜੋ ਇਸ ਮਨੁੱਖਾ ਸਰੀਰ ਦੇ ਵਿਚ ਭੀ ਮੌਜੂਦ ਹੈ; ਉਸ ਮਿਹਰਾਂ ਦੇ ਮਾਲਕ ਨੂੰ ਪਲ-ਪਲ ਨਮਸਕਾਰ ਕਰਦਾ ਰਹਿੰਦਾ ਹਾਂ; ਜੋਗੀ ਲੋਕ ਜੋ ਆਪਣੇ ਕੰਨਾਂ ਵਿਚ ਮੁੰਦਰਾਂ ਪਾਉਂਦੇ ਹਨ, ਮੇਰੇ ਲਈ ਮੇਰੇ ਗੁਰੂ ਦਾ ਉਪਦੇਸ਼ ਹੀ ਮੇਰੀਆਂ ਮੁੰਦਰਾਂ ਹਨ। ਹੇ ਭਾਈ! ਮੈਂ ਉਸ ਇਕ ਨਿਰੰਕਾਰ ਨੂੰ ਸਦਾ ਆਪਣੇ ਹਿਰਦੇ ਵਿਚ ਵਸਾਉਂਦਾ ਹਾਂ।

ਪੰਚ ਚੇਲੇ ਮਿਲਿ ਭਏ ਇਕਤ੍ਰਾ
ਏਕਸੁ ਕੈ ਵਸਿ ਕੀਏ॥
ਦਸ ਬੈਰਾਗਨਿ ਆਗਿਆਕਾਰੀ
ਤਬ ਨਿਰਮਲ ਜੋਗੀ ਥੀਏ॥੨॥

ਗੁਰਦੇਵ ਪਿਤਾ ਜੀ ਆਖ ਰਹੇ ਹਨ- ਗੁਰੂ ਦੇ ਉਪਦੇਸ਼ ਸਦਕਾ ਮੇਰੇ ਪੰਜੇ ਗਿਆਨ ਇੰਦਰੇ ਦੁਨਿਆਵੀ ਪਦਾਰਥਾਂ ਵੱਲ ਭਟਕਣ ਦੀ ਥਾਂ ਮਿਲ ਕੇ ਇਕੱਠੇ ਹੋ ਗਏ ਹਨ, ਭਟਕਣੋਂ ਹਟ ਗਏ ਹਨ ਤੇ ਸਾਰੇ ਇਕ ਉਚੀ ਸੁਰਤਿ ਦੇ ਅਧੀਨ ਹੋ ਗਏ ਹਨ; ਗੁਰੂ ਉਪਦੇਸ਼ ਸਦਕਾ ਜਦੋਂ ਤੋਂ ਮੇਰੀਆਂ ਦਸੇ ਇੰਦਰੀਆਂ ਵਿਕਾਰਾਂ ਵਲੋਂ ਉਪਰਾਮ ਹੋ ਕੇ ਉਚੀ ਮਤਿ ਦੀ ਆਗਿਆ ਵਿਚ ਤੁਰਨ ਲੱਗ ਪਈਆਂ ਹਨ, ਉਦੋਂ ਤੋਂ ਹੀ ਮੈਂ ਨਿਰਮਲ ਪਵਿੱਤਰ ਜੀਵਨ ਵਾਲਾ ਜੋਗੀ ਬਣ ਗਿਆ ਹਾਂ।

ਭਰਮੁ ਜਰਾਇ ਚਰਾਈ ਬਿਭੂਤਾ
ਪੰਥੁ ਏਕੁ ਕਰਿ ਪੇਖਿਆ॥
ਸਹਜ ਸੂਖ ਸੋ ਕੀਨੀ ਭੁਗਤਾ
ਜੋ ਠਾਕੁਰਿ ਮਸਤਕਿ ਲੇਖਿਆ॥੩॥

ਹੇ ਭਾਈ! ਮਨ ਦੀ ਭਟਕਣਾ ਨੂੰ ਸਾੜ ਕੇ ਇਹ ਸੁਆਹ ਮੈਂ ਆਪਣੇ ਸਰੀਰ ਉਤੇ ਮਲ ਲਈ ਹੈ; ਉਸ ਇਕ ਪਰਮਾਤਮਾ ਪ੍ਰਭੂ ਨੂੰ ਹੀ ਮੈਂ ਸਾਰੇ ਸੰਸਾਰ ਵਿਚ ਵਿਆਪਕ ਦੇਖਦਾ ਹਾਂ, ਇਹ ਹੀ ਮੇਰਾ ਜੋਗ ਪੰਥ ਹੈ; ਮੈਂ ਉਸ ਆਤਮਿਕ ਅਡੋਲਤਾ ਦੇ ਅਨੰਦ ਨੂੰ ਹੀ ਆਪਣੀ ਆਤਮਿਕ ਖੁਰਾਕ ਵਾਸਤੇ ਜੋਗੀਆਂ ਦੇ ਭੰਡਾਰੇ ਵਾਲਾ ਚੂਰਮਾ ਬਣਾ ਲਿਆ ਹੈ ਜਿਸ ਦੀ ਪ੍ਰਾਪਤੀ ਮੇਰੇ ਉਸ ਮਿਹਰਵਾਨ ਠਾਕੁਰ ਨੇ ਮੇਰੇ ਮੱਥੇ ਉਤੇ ਲਿਖ ਦਿੱਤੀ ਹੈ।

ਜਹ ਭਉ ਨਾਹੀ ਤਹਾ ਆਸਨੁ ਬਾਧਿਓ
ਸਿੰਗੀ ਅਨਹਤ ਬਾਨੀ॥
ਤਤੁ ਬੀਚਾਰੁ ਡੰਡਾ ਕਰਿ ਰਾਖਿਓ
ਜੁਗਤਿ ਨਾਮ ਮਨਿ ਭਾਈ॥੪॥

ਸਤਿਗੁਰ ਪਿਤਾ ਜੀ ਆਖਦੇ ਹਨ- ਹੇ ਭਾਈ! ਮੈਂ ਉਸ ਉਚੀ ਅਵਸਥਾ ਵਿਚ ਆਪਣਾ ਆਸਣ ਜਮਾਇਆ ਹੋਇਆ ਹੈ ਜਿਥੇ ਦੁਨੀਆਂ ਦਾ ਕੋਈ ਵੀ ਡਰ ਭੈ ਮੈਨੂੰ ਪੋਹ ਨਹੀਂ ਸਕਦਾ; ਉਸ ਆਸਣ 'ਤੇ ਬੈਠ ਕੇ ਮਿਹਰਵਾਨ ਪ੍ਰਭੂ ਸਿਫ਼ਤਿ ਸਾਲਾਹ ਦੀ ਮੈਂ ਇਕ-ਰਸ ਸਿੰਗੀ ਵਜਾ ਰਿਹਾ ਹਾਂ; ਇਸ ਸਾਰੇ ਜਗਤ ਦਾ ਮੂਲ ਪ੍ਰਭੂ ਹੈ, ਉਸ ਦੇ ਗੁਣਾਂ ਦੀ ਵੀਚਾਰ ਕਰਦੇ ਰਹਿਣਾ, ਇਸ ਨੂੰ ਹੀ ਮੈਂ ਜੋਗੀਆਂ ਵਾਲਾ ਡੰਡਾ ਬਣਾ ਕੇ ਆਪਣੇ ਕੋਲ ਰੱਖਿਆ ਹੈ। ਪ੍ਰਭੂ ਦਾ ਨਾਮ ਜਪਦੇ ਰਹਿਣਾ, ਇਹੀ ਜੁਗਤ ਮੇਰੇ ਮਨ ਨੂੰ ਚੰਗੀ ਲਗਦੀ ਹੈ।

ਐਸਾ ਜੋਗੀ ਵਡਭਾਗੀ ਭੇਟੈ
ਮਾਇਆ ਕੇ ਬੰਧਨ ਕਾਟੈ॥
ਸੇਵਾ ਪੂਜ ਕਰਉ ਤਿਸੁ ਮੂਰਤਿ ਕੀ
ਨਾਨਕੁ ਤਿਸੁ ਪਗ ਚਾਟੈ॥੫॥

ਗੁਰਦੇਵ ਆਖਦੇ ਹਨ- ਹੇ ਭਾਈ! ਇਹੋ ਜਿਹੀ ਜੁਗਤ ਨਿਭਾਉਣ ਵਾਲਾ ਜੋਗੀ ਵੱਡੇ ਭਾਗਾਂ ਨਾਲ ਜਿਸ ਜੀਵ ਨੂੰ ਮਿਲ ਪੈਂਦਾ ਹੈ; ਉਹ ਉਸ ਜੀਵ ਦੇ ਮੋਹ ਮਾਇਆ ਦੇ ਸਾਰੇ ਬੰਧਨ ਕੱਟ ਦਿੰਦਾ ਹੈ। ਹੇ ਭਾਈ! ਮੈਂ ਉਸ ਮਿਹਰਵਾਨ ਪਰਮਾਤਮਾ ਦੇ ਸਰੂਪ ਅਜਿਹੇ ਜੋਗੀ ਦੀ ਸੇਵਾ ਕਰਦਾ ਹਾਂ ਅਤੇ ਪੂਜਾ ਭੀ ਕਰਦਾ ਹਾਂ; ਹੇ ਭਾਈ! ਉਸ ਪ੍ਰਭੂ ਦੇ ਪਿਆਰੇ ਇਹੋ ਜਿਹੇ ਜੋਗੀ ਦੇ ਪੈਰਾਂ ਨੂੰ ਨਾਨਕ ਪਰਸਦਾ ਹੈ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਪਾਵ ਭਾਜੀ ਤੇ ਪਨੇਰਾ ਬਰੈੱਡ


**ਸ਼ਬਦ ਝਰੋਖਾ**



ਬਲਜੀਤ ਬਾਸੀ

*ਫੋਨ: 734-259-9353*




ਭਾਰਤ ਵਿਚ ਰਹਿੰਦਿਆਂ ਮੈਂ ਸ਼ਾਇਦ ਹੀ ਕਦੇ ਕਿਸੇ ਗੁਜਰਾਤੀ ਨੂੰ ਦੇਖਿਆ ਜਾਣਿਆ ਹੋਵੇਗਾ। ਕਿਸੇ ਗੱਡੀ ਜਾਂ ਬੱਸ ਆਦਿ ਦੀ ਭੀੜ ਵਿਚ ਭਾਵੇਂ ਕਦੀ ਕੋਈ ਮੇਰੇ ਨਾਲ ਖਹਿਸਰਿਆ ਹੋਵੇ। ਏਧਰ ਜਦ ਤੋਂ ਅਮਰੀਕਾ ਆਇਆ ਹਾਂ, ਆਪਣੀ ਰਿਹਾਇਸ਼ ਵਾਲੇ ਸ਼ਹਿਰ ਵਿਚ ਰਹਿੰਦੇ ਪਰਵਾਸੀ ਭਾਰਤੀਆਂ ਵਿਚ ਪੰਜਾਬੀਆਂ ਨਾਲੋਂ ਗੁਜਰਾਤੀ ਵਧੇਰੇ ਦੇਖੇ ਹਨ। ਗੁਜਰਾਤੀ ਖਾਣੇ ਪਾਵ ਭਾਜੀ ਬਾਰੇ ਮੈਂ ਭਾਰਤ ਵਿਚ ਰਹਿੰਦਿਆਂ ਪੜ੍ਹਿਆ-ਸੁਣਿਆ ਜ਼ਰੂਰ ਸੀ ਪਰ ਕਦੇ ਇਸ ਦੇ ਦਰਸ਼ਨ ਨਹੀਂ ਸਨ ਕੀਤੇ ਤੇ ਨਾ ਹੀ ਇਸ ਨੂੰ ਕਦੇ ਭੋਗ ਲਾਇਆ ਸੀ। ਇਕ ਦਿਨ ਕਿਸੇ ਗੁਜਰਾਤੀ ਵਾਕਿਫ ਦੇ ਜਾਣਾ ਹੋਇਆ ਤਾਂ ਉਨ੍ਹਾਂ ਘਰ ਬਣੀ ਹੋਈ ਪਾਵ ਭਾਜੀ ਛਕਾਉਣ ਦੀ ਜ਼ਿਦ ਕੀਤੀ। ਹਾਂ ਕਰਨ ਤੇ ਉਨ੍ਹਾਂ ਇਕ ਪਲੇਟ ਪਰੋਸ ਲਿਆਂਦੀ। ਪਹਿਲਾਂ ਤਾਂ ਪਾਵ ਦੇ ਨਾਲ ਲੱਗੀ ਭਾਜੀ ਮੈਨੂੰ ਇਕ ਥੋਬਾ ਜਿਹਾ ਹੀ ਲੱਗਾ ਤੇ ਚਖਣ ਨੂੰ ਦਿਲ ਨਾ ਕਰੇ ਪਰ ਆਖਰ ਹਾਂ ਕਰ ਬੈਠਾ ਸੀ, ਖਾਣਾ ਸ਼ੁਰੂ ਕਰਨਾ ਪਿਆ। ਉਹ ਵੀ ਮੈਨੂੰ ਖੁਆਉਣ ਤੇ ਤੁਲੇ ਹੋਏ ਸਨ, ਇਸ ਲਈ ਪੰਜਾਬੀ ਭੋਜਨ ਦੀਆਂ ਸਿਫਤਾਂ ਵੀ ਕਰੀ ਜਾ ਰਹੇ ਸਨ, "ਭਾਈ ਸਾਹਿਬ ਆਪ ਕੀ ਮਾਂਹ ਕੀ ਦਾਲ ਬਹੁਤ ਮਸਤ ਹੋਤੀ ਹੈ। ਆਪ ਸਰਸੋਂ ਕਾ ਸਾਗ ਕੈਸੇ ਬਨਾਤੇ ਹੋ? " ਉਨ੍ਹਾਂ ਦੇ ਦੱਸਣ 'ਤੇ ਪਤਾ ਲੱਗਾ ਕਿ ਉਬਾਲ ਕੇ ਫੇਹੇ ਹੋਏ ਆਲੂਆਂ ਦੀ ਪ੍ਰਧਾਨਗੀ ਹੇਠ ਹੋਰ ਬਹੁਤ ਸਾਰੀਆਂ ਮਸਾਲੇ ਮਿਲੀਆਂ ਸਬਜ਼ੀਆਂ ਨੂੰ ਖੂਬ ਤਲਿਆ ਜਾਂਦਾ ਹੈ ਤੇ ਨਾਲ ਦੀ ਨਾਲ ਸਭ ਕਾਸੇ ਨੂੰ ਖੁਰਚਣੇ ਨਾਲ ਦਬਾਅ-ਦਬਾਅ ਕੇ ਮਲੀਦਾ ਕਰ ਦਿੱਤਾ ਜਾਂਦਾ ਹੈ। ਬਸ ਇਹੋ ਭਾਜੀ ਹੈ। ਇਸ ਨੂੰ ਬੁਰਕੀਆਂ ਨਾਲ ਖਾਣ ਵਾਲੀ ਰੋਟੀ ਨੂੰ ਪਾਵ ਕਹਿੰਦੇ ਹਨ ਜੋ ਮੈਨੂੰ ਬੰਦ (ਬੰਨ) ਦੀ ਤਰਾਂ ਲੱਗਾ।

ਮੈਨੂੰ ਖਾਣਾ ਪਸੰਦ ਆਇਆ, ਭਾਵੇਂ ਇਸ ਨੂੰ ਬਹੁਤਾ ਲੱਜ਼ਤਦਾਰ ਨਹੀਂ ਕਿਹਾ ਜਾ ਸਕਦਾ। ਆਪਣੀ ਆਦਤ ਅਨੁਸਾਰ ਮੈਂ ਉਨ੍ਹਾਂ ਨੂੰ ਪੁਛਿਆ ਕਿ ਇਸ ਡਬਲ ਰੋਟੀ ਨੂੰ ਪਾਵ ਕਿਉਂ ਕਿਹਾ ਜਾਂਦਾ ਹੈ? ਮੇਰੇ ਦਿਮਾਗ ਵਿਚ ਇਹ ਗੱਲ ਸੀ ਕਿ ਇਤਿਹਾਸਕ ਤੌਰ 'ਤੇ ਡਬਲ ਰੋਟੀ ਭਾਰਤੀ ਚੀਜ਼ ਨਹੀਂ, ਭਾਰਤ ਵਿਚ ਤਾਂ ਪ੍ਰਾਚੀਨ ਕਾਲ ਤੋਂ ਹੀ ਪੇੜੇ ਤੋਂ ਵੇਲੀਆਂ ਗੈਰ-ਖਮੀਰੀ ਰੋਟੀਆਂ ਹੀ ਚਲਦੀਆਂ ਰਹੀਆਂ ਹਨ। ਤੰਦੂਰ, ਬੇਕਰੀ ਫਾਰਸੀਆਂ ਤੇ ਯੂਰਪੀਆਂ ਦੀ ਦੇਣ ਹਨ। ਫਿਰ ਪਾਵ ਦੇ ਰੂਪ ਵਿਚ ਡਬਲ ਰੋਟੀ ਗੁਜਰਾਤੀ ਖਾਣੇ ਦਾ ਵਿਸ਼ੇਸ਼ ਹਿੱਸਾ ਕਿਵੇਂ ਬਣ ਗਈ? ਇਸ ਨੂੰ ਪਾਵ ਕਹਿਣ ਪਿਛੇ ਮੈਨੂੰ ਜੋ ਜਵਾਬ ਮਿਲਿਆ ਉਹ ਇਹ ਸੀ ਕਿ ਇਹ ਡਬਲ ਰੋਟੀ ਪੁਰਾਣੇ ਜ਼ਮਾਨੇ ਵਿਚ ਪਾਵ ਭਾਰ (ਪਾਈਆ) ਮਤਲਬ ਸੇਰ ਦੇ ਚੌਥੇ ਹਿੱਸੇ (ਲਗ ਭਗ 250 ਗ੍ਰਾਮ) ਬਰਾਬਰ ਆਟੇ ਤੋਂ ਬਣਦੀ ਸੀ। ਬਹੁਤੇ ਗੁਜਰਾਤੀ ਇਸ ਭੇਤ ਨੂੰ ਨਹੀਂ ਜਾਣਦੇ ਤੇ ਮਨਘੜਤ ਨਿਰੁਕਤੀ ਨਾਲ ਵਿਆਖਿਆ ਕਰੀ ਜਾ ਰਹੇ ਹਨ। ਕੁਝ ਲੋਕ ਤਾਂ ਇਹ ਵੀ ਕਹਿੰਦੇ ਹਨ ਕਿ ਪਾਵ ਡਬਲ ਰੋਟੀ ਦੀ ਲੰਬਾਈ ਪਾਂਵ (ਪੈਰ) ਜਿੱਡੀ ਹੁੰਦੀ ਹੈ ਇਸ ਲਈ ਇਹ ਸ਼ਬਦ ਪ੍ਰਚਲਤ ਹੋਇਆ। ਇਕ ਹੋਰ ਵਿਆਖਿਆ ਹੈ ਕਿ ਬੇਕਰੀਆਂ ਤੋਂ ਪਾਵ ਦੀ ਮੰਗ ਏਨੀ ਜ਼ਿਆਦਾ ਹੁੰਦੀ ਸੀ ਕਿ ਵਰਤੇ ਜਾਣ ਵਾਲੇ ਮਣਾਂਮੂਹੀਂ ਆਟੇ ਨੂੰ ਪੈਰਾਂ ਨਾਲ ਗੁੰਨ੍ਹਣਾ ਪੈਂਦਾ ਸੀ। ਕੁਝ ਲੋਕ ਇਹ ਵੀ ਕਹਿੰਦੇ ਹਨ ਕਿ ਪਾਵ ਰੋਟੀ ਆਮ ਤੌਰ 'ਤੇ ਚਾਰ-ਚਾਰ ਕਰਕੇ ਹੀ ਬੇਕਰੀ ਤੋਂ ਮਿਲਦੀ ਹੈ, ਇਸ ਲਈ ਇਸ ਨੂੰ ਅਜਿਹਾ ਨਾਂ ਮਿਲਿਆ।

ਆਓ ਜ਼ਰਾ ਪਾਵ ਦਾ ਇਤਿਹਾਸ ਫੋਲੀਏ। ਪਹਿਲਾਂ ਇਹ ਜਾਣ ਲਈਏ ਕਿ ਪਾਵ ਦਾ ਪ੍ਰਚਲਨ ਤਕਰੀਬਨ ਸਾਰੇ ਦੱਖਣ ਪੱਛਮੀ ਤੱਟਵਰਤੀ ਪ੍ਰਦੇਸ਼ਾਂ ਯਾਨਿ ਗੁਜਰਾਤ, ਮਹਾਰਾਸ਼ਟਰ, ਗੋਆ, ਕਰਨਾਟਕ ਆਦਿ ਦੇ ਬੰਦਰਗਾਹਾਂ ਵਾਲੇ ਸ਼ਹਿਰਾਂ ਵਿਚ ਹੋਇਆ ਹੈ। ਪਾਵ ਜਾਂ ਪਾਂਵ ਦਰਅਸਲ ਬਰੈਡ ਜਾਂ ਡਬਲਰੋਟੀ ਨੂੰ ਆਖਦੇ ਹਨ। ਅਸੀਂ ਜਾਣਦੇ ਹਾਂ ਕਿ ਅੰਗਰੇਜ਼ਾਂ ਤੋਂ ਵੀ ਪਹਿਲਾਂ ਦੱਖਣ ਪਛਮੀ ਭਾਰਤ ਵਿਚ ਫਰਾਂਸੀਸੀਆਂ ਅਤੇ ਪੁਰਤਗਾਲੀਆਂ ਦਾ ਬੋਲਬਾਲਾ ਰਿਹਾ ਹੈ। ਉਨ੍ਹਾਂ ਭਾਰਤ ਦੇ ਇਸ ਹਿੱਸੇ ਵਿਚ ਕਈ ਨਵੀਆਂ ਚੀਜ਼ਾਂ ਤੇ ਉਨ੍ਹਾਂ ਨਾਲ ਜੁੜਦੇ ਸ਼ਬਦ ਲਿਆਂਦੇ। ਇਸ ਮੁੱਦੇ ਬਾਰੇ ਦੋ ਰਾਵਾਂ ਹਨ ਕਿ ਇਸ ਖੇਤਰ ਵਿਚ ਪਾਵ/ਪਾਂਵ ਫਰਾਂਸੀਸੀਆਂ ਜਾਂ ਪੁਰਤਗਾਲੀਆਂ ਨੇ ਲਿਆਂਦੀ। ਇਕ ਲਿਖਤ ਅਨੁਸਾਰ ਕੋਂਕਣ ਤੱਟ ਤੇ ਆਉਣ ਵਾਲੇ ਜਹਾਜ਼ਾਂ 'ਤੇ ਕੰਮ ਕਰਦੇ ਖਲਾਸੀ (ਸਮੁੰਦਰ ਚੋਂ ਜਹਾਜ਼ ਆਦਿ ਖਲਾਸ ਕਰਕੇ ਮਤਲਬ ਖਿਚ ਕੇ ਬੰਦਰਗਾਹ ਤੇ ਲਾਉਣ ਵਾਲੇ ਲੋਕ) ਇਹ ਖਮੀਰੀ ਰੋਟੀ ਖਾਂਦੇ ਸਨ। ਤਟਵਰਤੀ ਇਲਾਕਿਆਂ ਵਿਚ ਸਦੀਆਂ ਤੋਂ ਖਲਾਸੀ ਵਸੇ ਹੋਏ ਹਨ ਤੇ ਇਥੇ ਹੀ ਪਹਿਲਾਂ ਪਾਵ ਰੋਟੀ ਵਾਲੀਆਂ ਬੇਕਰੀਆਂ ਬਣੀਆਂ। ਇਨ੍ਹਾਂ ਇਲਾਕਿਆਂ ਵਿਚ ਵਪਾਰਕ ਕਾਰਨਾਂ ਕਰਕੇ ਫਰਾਂਸੀਸੀ ਅਤੇ ਪੁਰਤਗਾਲੀ ਆਉਂਦੇ ਰਹਿੰਦੇ ਸਨ। ਇਸ ਲਈ ਉਨ੍ਹਾਂ ਦੇ ਪ੍ਰਭਾਵ ਕਾਰਨ ਪਾਵ ਦੇ ਰੂਪ ਵਿਚ ਬਰੈਡ ਦਾ ਪ੍ਰਚਲਨ ਹੋਇਆ। ਫਰਾਂਸੀਸੀ ਵਿਚ ਬਰੈਡ ਨੂੰ ਪੌਂ ਆਖਦੇ ਹਨ ਤੇ ਪੁਰਤਗਾਲੀ ਵਿਚ ਪਊਂ।

ਹੋਰ ਰੁਮਾਂਸ ਭਾਸ਼ਾਵਾਂ ਵਿਚ ਵੀ ਇਸ ਨਾਲ ਮਿਲਦੇ-ਜੁਲਦੇ ਸ਼ਬਦ ਹਨ, ਮਸਲਨ ਇਤਾਲਵੀ ਵਿਚ ਪਾਅਨੇਂ ਹੈ ਤੇ ਸਪੈਨਿਸ਼ ਵਿਚ ਪੰਨ। ਧਿਆਨ ਦਿਓ ਕਿ ਸਾਰਿਆਂ ਵਿਚ ਅਨੁਨਾਸਿਕਤਾ ਹੈ। ਇਉਂ ਲਗਦਾ ਹੈ ਕਿ ਗੁਜਰਾਤੀ, ਮਰਾਠੀ ਆਦਿ ਭਾਸ਼ਾਵਾਂ ਵਿਚ ਵੀ ਪਹਿਲਾਂ ਪਾਂਵ ਹੀ ਹੋਵੇਗਾ ਪਰ ਬਾਅਦ ਵਿਚ ਇਸ ਨੂੰ ਪਾਵ (ਪਾਈਆ) ਭਾਰ ਨਾਲ ਜੋੜ ਲੈਣ ਕਾਰਨ ਇਸ ਦੀ ਅਨੁਨਾਸਿਕਤਾ ਜਾਂਦੀ ਰਹੀ। ਮੇਰਾ ਆਪਣਾ ਮੱਤ ਹੈ ਕਿ ਪਾਵ ਨੂੰ ਦੱਖਣੀ ਭਾਰਤ ਵਿਚ ਲਿਆਉਣ ਦਾ ਸਿਹਰਾ ਪੁਰਤਗਾਲੀਆਂ ਦੇ ਸਿਰ ਬਝਦਾ ਹੈ। ਲਿਖਤਾਂ ਅਨੁਸਾਰ ਪਹਿਲਾਂ-ਪਹਿਲਾਂ ਕਪੜੇ ਦੀਆਂ ਮਿੱਲਾਂ ਦੇ ਮਜ਼ਦੂਰਾਂ ਨੂੰ ਕੰਮ ਦੌਰਾਨ ਬਹੁਤ ਘਟ ਬਰੇਕ ਮਿਲਦੀ ਸੀ। ਇਸ ਲਈ ਕੋਈ ਛੇਤੀ ਖਾਧਾ ਜਾਣ ਵਾਲਾ ਭੱਤਾ ਚਾਹੀਦਾ ਸੀ। ਰੇੜ੍ਹੀਆਂ ਵਾਲਿਆਂ ਨੇ ਇਸ ਲੋੜ ਨੂੰ ਮਹਿਸੂਸ ਕਰਦਿਆਂ ਸਬਜ਼ੀ ਰੋਟੀ ਜਾਂ ਦਾਲ ਚੌਲ ਦੇ ਭਰਪੂਰ ਖਾਣੇ ਦੀ ਥਾਂ ਪਾਵ ਭਾਜੀ ਦਾ ਸੌਖਾ ਤੇ ਹਲਕਾ ਨੁਸਖਾ ਸਾਹਮਣੇ ਲਿਆਂਦਾ। ਅੱਜ ਵੀ ਭਾਵੇਂ ਪਾਵ ਭਾਜੀ ਮੁੰਬਈ, ਪੂਣੇ, ਸੂਰਤ, ਅਹਿਮਦਾਬਾਦ ਆਦਿ ਸ਼ਹਿਰਾਂ ਵਿਚ ਰੇੜ੍ਹੀਆਂ 'ਤੇ ਖੂਬ ਵਿਕਦੀ ਹੈ ਪਰ ਹੁਣ ਇਹ ਰੈਸਤੋਰਾਂ ਵਿਚ ਵੀ ਪਹੁੰਚ ਗਈ ਹੈ ਤੇ ਪੰਜਾਬ ਸਮੇਤ ਦੂਰ ਦੇਸ਼ਾਂ ਵਿਚ ਵੀ। ਇਸ ਦੇ ਬਹੁਤ ਸਾਰੇ ਵਿਅੰਜਨ ਬਣਨ ਲੱਗ ਪਏ ਹਨ ਜਿਵੇਂ ਵੜਾ ਪਾਵ, ਉਸਲ ਪਾਵ, ਮਿਸਲ ਪਾਵ, ਖੀਮਾ ਪਾਵ।

ਹੁਣ ਗੱਲ ਛੇੜਦੇ ਹਾਂ ਪਨੇਰਾ ਦੀ। ਬਹੁਤੇ ਸਮਝ ਹੀ ਗਏ ਹੋਣਗੇ ਕਿ ਪਨੇਰਾ ਅਤੇ ਪਾਵ ਦੀ ਆਪਸ ਵਿਚ ਭਾਸ਼ਾਈ ਸਾਂਝ ਕਰਕੇ ਹੀ ਦੋਵਾਂ ਦਾ ਇਕੱਠਿਆਂ ਜ਼ਿਕਰ ਕੀਤਾ ਜਾ ਰਿਹਾ ਹੈ। ਮੇਰੇ ਲਈ ਪਨੇਰਾ ਬਰੈਡ ਦਾ ਪਰਿਚੈ ਪਾਵ ਭਾਜੀ ਤੋਂ ਵਖਰਾ ਹੈ। ਮੇਰੇ ਅਮਰੀਕਾ ਆਉਣ ਤੋਂ ਕੁਝ ਹੀ ਦਿਨਾਂ ਬਾਅਦ ਮੇਰਾ ਇਕ ਦੇਸੀ ਜਿਹੇ ਵਾਕਿਫ਼ ਕੋਲ ਜਾਣਾ ਹੋਇਆ। ਉਹ ਮੈਨੂੰ ਅਮਰੀਕਾ ਦਿਖਾਲਣ ਲਈ ਸੜਕਾਂ ਤੇ ਪੁਲਾਂ 'ਤੇ ਘੁੰਮਾਈ ਜਾ ਰਿਹਾ ਸੀ ਪਰ ਕਿਸੇ ਖਰਚੇ ਵਾਲੇ ਥਾਂ ਦੇ ਕੋਲੋਂ ਵੀ ਨਹੀਂ ਸੀ ਲੰਘ ਰਿਹਾ। ਅਚਾਨਕ ਇਕ ਚੁਰਸਤੇ ਤੋਂ ਗੁਜ਼ਰਦਿਆਂ ਮੇਰੀ ਨਿਗਾਹ ਇਕ ਆਲੀਸ਼ਾਨ ਇਮਾਰਤ 'ਤੇ ਪਈ ਜਿਸ ਉਤੇ 'ਪਨੇਰਾ ਬਰੈਡ' ਲਿਖਿਆ ਹੋਇਆ ਸੀ। ਨਿਸਚੇ ਹੀ ਇਹ ਪਨੇਰਾ ਬਰੈਡ ਦਾ ਰੈਸਤੋਰਾਂ ਸੀ। ਆਖਰ ਮੈਂ ਉਸ ਨੂੰ ਇਹ ਕਹਿਣ ਦਾ ਹੌਂਸਲਾ ਕਰ ਹੀ ਲਿਆ, "ਚਲੋ ਬਈ ਅੰਦਰ ਚੱਲ ਕੇ ਦੇਖੀਏ ਆਹ ਕੀ ਹੈ।" ਮੈਨੂੰ ਭੁਖ ਵੀ ਲੱਗੀ ਹੋਈ ਸੀ ਤੇ ਸੋਚਿਆ ਸ਼ਾਇਦ ਇਸ ਬਹਾਨੇ ਕੁਝ ਖਾ ਲਵਾਂਗੇ। ਪਰ ਮੈਨੂੰ ਮੂੰਹ ਦੀ ਖਾਣੀ ਪਈ। ਕਹਿੰਦਾ, "ਓਇ ਏਦਾਂ ਦਾ ਖੇਹ-ਸੁਆਹ ਇਥੇ ਬੜਾ ਹੈ। ਕਿਸੇ ਕੰਮ ਦਾ ਨਹੀਂ ਇਹ, ਆਪਾਂ ਘਰ ਜਾ ਕੇ ਰੋਟੀ ਖਾਵਾਂਗੇ।"

ਫਿਰ ਜਦ ਮੈਂ ਆਪਣੇ ਪੈਰਾਂ ਤੇ ਖੜਾ ਹੋਇਆ ਤਾਂ ਜਾ ਕੇ ਸਥਾਨਕ ਪਨੇਰਾ ਬਰੈਡ ਰੈਸਤੋਰਾਂ 'ਤੇ ਜਾਣਾ ਹੋਇਆ। ਸਾਰਾ ਨਿਕਸੁਕ ਇਕ ਵਾਰੀ ਤਾਂ ਲੇਹ ਕੇ ਖਾਧਾ ਤੇ ਮਹਿਸੂਸ ਕੀਤਾ ਕਿ ਪਨੇਰਾ ਬਰੈਡ ਕੋਈ ਖੇਹ-ਸੁਆਹ ਨਹੀਂ ਬਲਕਿ ਇਕ ਬੇਹਤਰੀਨ ਆਹਾਰ ਹੈ, ਜਿਸ ਵਿਚ ਬਰੈਡ, ਸੂਪ, ਸਲਾਦ, ਸੈਂਡਵਿਚ, ਪੇਸਟਰੀਆਂ ਤੇ ਤਰ੍ਹਾਂ ਤਰ੍ਹਾਂ ਦੇ ਹੋਰ ਬੇਕਰੀ ਉਤਪਾਦ ਮਿਲਦੇ ਹਨ। ਪਨੇਰਾ ਬਰੈਡ ਦਰਅਸਲ ਫਰਾਂਸੀਸੀ ਕਿਸਮ ਦੀ ਡਬਲ ਰੋਟੀ ਦੇ ਆਧਾਰ ਵਾਲੀ ਇਕ ਫਰੈਂਚਾਈਜ਼ ਹੈ ਜਿਸ ਦੇ ਰੈਸਤੋਰਾਂ ਅਮਰੀਕਾ, ਕੈਨੇਡਾ ਵਿਚ ਫੈਲੇ ਹੋਏ ਹਨ।

ਅੱਜ ਪਨੇਰਾ ਬਰੈਡ ਸਭ ਤੋਂ ਹਰਮਨ ਪਿਆਰਾ ਅਤੇ ਸਿਹਤਮੰਦ ਫਾਸਟ ਫੂਡ ਮੰਨਿਆ ਜਾਂਦਾ ਹੈ, ਜਿਸ ਨੂੰ ਕਈ ਸਰਟੀਫੀਕੇਟ ਮਿਲ ਚੁੱਕੇ ਹਨ। ਇਸ ਦਾ ਅੱਡਾ ਗੱਡਾ ਮਿਸੂਰੀ ਰਾਜ ਦੇ ਸ਼ਹਿਰ ਸੇਂਟ ਲੂਈਸ ਵਿਚ ਹੈ। ਉਥੇ ਇਹ 'ਸੇਂਟ ਲੂਈਸ ਬਰੈਡ ਕੰਪਨੀ' ਦੇ ਨਾਂ 'ਤੇ ਚਲਦੀ ਹੈ। 1993 ਵਿਚ ਇਕ ਫਰਾਂਸੀਸੀ ਜ਼ਾਇਕੇ ਵਾਲੀ 'ਔਂ ਬੌਂ ਪੌਂ' (Au Bon Pain) ਦੇ ਨਾਂ ਨਾਲ ਜਾਣੀ ਜਾਂਦੀ ਬਰੈਡ ਕੰਪਨੀ ਦੇ ਮਾਲਕ ਫਰਾਂਸੀਸੀ ਪਿਛੋਕੜ ਵਾਲੇ ਲੂਈ ਕੇਨ ਤੇ ਹੋਰਾਂ ਨੇ ਇਸ ਨੂੰ ਖਰੀਦ ਲਿਆ। ਇਥੇ ਇਹ ਦੁਹਰਾ ਦਈਏ ਕਿ *ਪੌਂ ਫਰਾਂਸੀਸੀ ਸ਼ਬਦ ਹੈ ਜਿਸ ਦਾ ਅਰਥ ਡਬਲ ਰੋਟੀ ਹੈ ਤੇ "ਔਂ ਬੌਂ ਪੌਂ" ਦਾ ਸ਼ਾਬਦਿਕ ਮਤਲਬ ਹੋਇਆ ਵਧੀਆ ਡਬਲ ਰੋਟੀ। ਉਨ੍ਹਾਂ ਇਸ ਖਰੀਦੀ ਹੋਈ ਕੰਪਨੀ ਦਾ ਨਵਾਂ ਨਾਂ 'ਪਨੇਰਾ ਬਰੈਡ' ਰੱਖ ਦਿੱਤਾ ਤੇ ਆਪਣੀ ਔਂ ਬੌਂ ਪੌਂ ਕੰਪਨੀ ਅੱਗੇ ਕਿਸੇ ਹੋਰ ਨੂੰ ਵੇਚ ਦਿੱਤੀ। ਇਥੇ ਇਹ ਦੱਸ ਦੇਣਾ ਯੋਗ ਹੈ ਕਿ ਪਨੇਰਾ ਸ਼ਬਦ ਪੌਂ ਨਾਲ ਸਬੰਧਤ ਹੈ ਤੇ ਫਰਾਂਸੀਸੀ paner ਸ਼ਬਦ ਤੋਂ ਬਣਾਇਆ ਗਿਆ ਹੈ ਜਿਸ ਦਾ ਅਰਥ ਹੁੰਦਾ ਹੈ ਡਬਲ ਰੋਟੀ ਦੇ ਚੂਰੇ ਨੂੰ ਤਲਣਾ। ਸਪੈਨਿਸ਼ ਵਿਚ ਪਨੇਰਾ ਦਾ ਅਰਥ ਡਬਲ ਰੋਟੀ ਵਾਲੀ ਟੋਕਰੀ ਹੈ। ਸੋ ਪਨੇਰਾ ਬਰੈਡ ਦਾ ਇਕ ਤਰ੍ਹਾਂ ਅਰਥ ਹੋਇਆ ਪੌਂ ਵਰਗੀ ਯਾਨਿ ਫਰਾਂਸੀਸੀ ਜ਼ਾਇਕੇ ਵਾਲੀ ਬਰੈਡ। ਪਾਵ ਰੋਟੀ ਵਿਚ ਵੀ ਅਸਲ ਵਿਚ ਇਹੋ ਭਾਵ ਹਨ।

ਉਪਰੋਕਤ ਚਰਚਾ ਤੋਂ ਪਾਠਕ ਸਮਝ ਹੀ ਗਏ ਹੋਣਗੇ ਕਿ ਪਾਵ ਭਾਜੀ ਵਾਲੇ ਪਾਵ ਅਤੇ ਪਨੇਰਾ ਸ਼ਬਦ ਸਕੇ ਹਨ। ਇਨ੍ਹਾਂ ਸਾਰੇ ਸ਼ਬਦਾਂ ਦਾ ਸਰੋਤ ਲਾਤੀਨੀ panis ਹੈ ਜਿਸ ਦਾ ਅਰਥ ਖਮੀਰੀ ਰੋਟੀ ਹੈ। ਅੰਗਰੇਜ਼ੀ ਵਿਚ ਇਸ ਤੋਂ ਬਣੇ ਹੋਰ ਕਈ ਸ਼ਬਦ ਹਨ। ਕੁਝ ਜਾਣੇ-ਪਛਾਣੇ ਗਿਣਾਉਂਦੇ ਹਾਂ। ਕੰਪਨੀ ਸ਼ਬਦ ਬਣਿਆ ਹੈ co+panis ਤੋਂ ਜਿਸ ਦਾ ਮੁਢਲਾ ਅਰਥ ਹੈ ਜਿਥੇ ਰੋਟੀ (ਰੋਜ਼ੀ) ਦਾ ਸਾਂਝਾ ਜੁਗਾੜ ਹੋਵੇ। ਰਸੋਈ ਨਾਲ ਜੁੜੀ ਪੈਂਟਰੀ ਨੂੰ ਸਭ ਜਾਣਦੇ ਹਨ। ਇਸ ਵਿਚ ਖਾਣੇ ਵਾਲੀਆਂ ਚੀਜ਼ਾਂ, ਭਾਂਡੇ, ਆਦਿ ਰੱਖੀਦੇ ਹਨ। ਪੰਜਾਬੀ ਵਿਚ ਇਸ ਲਈ ਕੋਠੀ ਸ਼ਬਦ ਚੱਲ ਸਕਦਾ ਹੈ। ਪ੍ਰਾਚੀਨ ਲਾਤੀਨੀ ਵਿਚ ਇਹ ਖਾਣਾ ਬਣਾਉਣ ਵਾਲੇ ਨੌਕਰ ਦਾ ਕਮਰਾ ਹੁੰਦਾ ਸੀ। ਗ਼ਜ਼ਲ ਹੈ, ਬਾਤ ਨਿਕਲੇਗੀ ਤੋ ਫਿਰ ਦੂਰ ਤਲਕ ਜਾਏਗੀ, ਸ਼ਬਦਾਂ ਦੀ ਬਾਤ ਸਚਮੁਚ ਬਹੁਤ ਦੂਰ ਤੱਕ ਜਾਂਦੀ ਹੈ। ਜ਼ਿਕਰਅਧੀਨ ਸ਼ਬਦ ਭਾਰੋਪੀ ਖਾਸੇ ਵਾਲੇ ਹਨ ਤੇ ਇਨ੍ਹਾਂ ਦੀਆਂ ਅੰਗਲੀਆਂ-ਸੰਗਲੀਆਂ ਦੂਰ ਤੱਕ ਜਾਂਦੀਆਂ ਹਨ। ਇਕ ਭਾਰੋਪੀ ਮੂਲ ਹੈ pa-ਜਿਸ ਦਾ ਅਰਥ ਪਾਲਣਾ, ਰੱਖਣਾ, ਖਲਾਉਣਾ, ਚਰਾਉਣਾ, ਰੱਖਿਆ ਕਰਨਾ, ਪਰਿਵਰਸ਼ ਕਰਨਾ ਆਦਿ ਮਿਥਿਆ ਗਿਆ ਹੈ। ਪੌਂ ਆਦਿ ਸ਼ਬਦ ਇਸ ਮੂਲ ਤੋਂ ਵਿਕਸਿਤ ਹੋਏ ਹਨ। ਇਥੇ ਸੰਕੇਤ ਦਿੱਤਾ ਜਾਂਦਾ ਹੈ ਕਿ ਅੰਗਰੇਜ਼ੀ ਸ਼ਬਦ ਫੂਡ (food) ਵੀ ਇਸੇ ਤੋਂ ਬਣਿਆ ਤੇ ਪੰਜਾਬੀ ਪਾਲਣਾ ਵੀ। ਇਹ ਲੰਬਾ-ਚੌੜਾ ਕਿੱਸਾ ਹੈ ਜਿਸ 'ਤੇ ਫਿਰ ਕਦੇ ਲਿਖਾਂਗੇ।

---

## ਕਾਵਿ-ਕਿਆਰੀ

### ਬਾਰੂਦੀ ਰੁੱਤ

*(1984: ਤੀਜੇ ਘੱਲੂਘਾਰੇ ਦੇ ਨਾਂ)*

ਉਹ ਪੁੱਤ ਜੋ ਮੌਲਦੇ ਰੁੱਖ ਸਨ
ਕਿਥੋਂ ਲੱਭਣ ਮਾਂਵਾਂ ਸਿਖਰ ਦੁਪਹਿਰੇ
ਹੁਣ ਉਹ ਠੰਡੀਆਂ ਛਾਂਵਾਂ
ਇਹ ਬਾਰੂਦੀ ਰੁੱਤ ਜੋ ਖਾ ਗਈ
ਸਣ ਪੱਤਿਆਂ ਪਰਛਾਂਵਾਂ?

ਇੱਛਰਾਂ ਵਾਂਗੂੰ ਵੈਣ ਪਾਉਂਦਿਆਂ
ਦਿਨ ਬੀਤਦਾ, ਰਾਤ ਬੀਤਦੀ
ਕਿਸ ਨੂੰ ਪੁੱਛਣ ਮਾਂਵਾਂ
ਅੰਗ ਕੱਟ ਕੇ ਅੰਨ੍ਹੇ ਖੂਹੀਂ ਸੁੱਟੇ
ਪੂਰਨ ਪੁੱਤਰਾਂ ਦਾ ਸਿਰਨਾਂਵਾਂ।

ਅੱਧੀ ਰਾਤ ਨੂੰ ਮਾਰ ਕੇ ਗੋਲੀ
ਖੇਤੀਂ ਦੱਬੇ, ਛੱਪੜੀਂ ਸੁੱਟੇ
ਵਿਚ ਅਖਬਾਰਾਂ ਸੁਰਖੀਆਂ ਲਾਈਆਂ,
'ਪੁਲਿਸ ਮੁਕਾਬਲੇ 'ਚ ਤਿੰਨ ਮਰੇ,
ਦੋ ਪਛਾਤੇ, ਇਕ ਬੇਨਾਂਵਾਂ।'

ਦੇ ਦੇ ਬੁਰਕੀਆਂ ਮੂੰਹ ਤੱਕਦਿਆਂ
ਚੱਪਾ ਚੱਪਾ ਮਿਣਕੇ ਪਾਲੇ
ਪੰਜ ਨਦ ਤਕ ਲਾਸ਼ਾਂ ਗਈਆਂ
ਕਿਥੋਂ ਲੱਭਣ ਮਾਂਵਾਂ
ਕੱਟੀਆਂ ਆਂਦਰਾਂ ਦਾ ਸਿਰਨਾਂਵਾਂ?

ਕੇਹੀ ਬਾਰੂਦੀ ਰੱਤ ਇਹ ਆਈ
ਦਾਵਾ ਨਲ ਦੀਆਂ ਲੰਬੀਆਂ ਜੀਭਾਂ
ਕੋਈ ਨਾ ਜਾਣੇ
ਕਿਸ ਗੋਲੀ 'ਤੇ ਕਿਸ ਦਾ ਨਾਂ ਏ?
ਕਿਸ ਰਫਲ ਦੇ ਘੋੜੇ ਉਤੇ
ਕਿਸ ਘਰ ਦਾ ਸਿਰਨਾਂਵਾਂ?

ਸ਼ਾਹ ਮੁਹੰਮਦਾ ਹੋਈ ਪੰਜਾਬ ਰੰਡੀ
ਡੂੰਘੇ ਵੈਣ ਪਾਉਂਦੀਆਂ ਮਾਂਵਾਂ ਪੁੱਛਣ,
ਕਿਸ ਕਿਸ ਘਰ ਦਾ ਦੀਵਾ ਬੁਝਿਆ?
ਕਿਸ ਕਿਸ ਘਰ ਦੀਆਂ ਭੱਜੀਆਂ ਬਾਹਵਾਂ?

***-ਜਰਨੈਲ ਸਿੰਘ***
***ਕਲੋਵਿਸ, ਕੈਲੀਫੋਰਨੀਆ।***
***ਫੋਨ: 559-547-6038***

---

### ਕੁਦਰਤੀ ਰਾਣੀ

ਕੁਦਰਤ ਰਾਣੀ ਨਹਾ ਰਹੀ ਹੈ ਬਾਰਸ਼ ਵਿਚ।
ਪੌਣ ਵੀ ਗਿੱਧਾ ਪਾ ਰਹੀ ਹੈ ਬਾਰਸ਼ ਵਿਚ।
ਕਾਲੀਆਂ ਘੋਰ ਘਟਾਵਾਂ ਤੱਕ ਅਸਮਾਨਾਂ 'ਤੇ,
ਧਰਤੀ ਵੀ ਨਸ਼ਿਆ ਰਹੀ ਹੈ ਬਾਰਸ਼ ਵਿਚ।
ਬੜਾ ਪਪੀਹਾ ਤਰਸਿਆ ਬੂੰਦ ਸਵਾਂਤੀ ਨੂੰ,
ਮਸਤੀ ਜਿਹੀ ਅੱਜ ਛਾ ਰਹੀ ਹੈ ਬਾਰਸ਼ ਵਿਚ।
ਨਦੀ ਦੌੜਦੀ ਜਾਵੇ ਵੱਲ ਸਮੁੰਦਰ ਦੇ,
ਸੋਚਦੇ ਕੁਝ ਸ਼ਰਮਾ ਰਹੀ ਹੈ ਬਾਰਸ਼ ਵਿਚ।
ਫੁੱਲ ਬੂਟੇ ਸਭ ਸੋਹਣੇ-ਸੋਹਣੇ ਲੱਗ ਰਹੇ ਨੇ,
ਤਿਤਲੀ ਵੀ ਲਹਿਰਾ ਰਹੀ ਹੈ ਬਾਰਸ਼ ਵਿਚ।
ਝੂਮ ਰਹੀ ਹੈ ਮਿਲ ਕੇ ਸਾਰੀ ਕੁਦਰਤ ਹੀ,
ਹਰ ਡਾਲੀ ਮੁਸਕਰਾ ਰਹੀ ਹੈ ਬਾਰਸ਼ ਵਿਚ।
ਨਿੱਕੀਆਂ-ਨਿੱਕੀਆਂ ਕਲੀਆਂ ਨੇ ਮੂੰਹ ਧੋਤੇ ਨੇ,
ਖੁਸ਼ਬੂ ਘੁਲਦੀ ਜਾ ਰਹੀ ਹੈ ਬਾਰਸ਼ ਵਿਚ।
ਰਿਮਝਿਮ ਰਿਮਝਿਮ ਰਿਮਝਿਮ ਬੂੰਦਾਂ ਬਰਸਦੀਆਂ,
ਹਰਿਆਲੀ ਗੁਣਗੁਣਾ ਰਹੀ ਹੈ ਬਾਰਸ਼ ਵਿਚ।
ਗੰਦਲ ਜਿਹੀ ਮੁਟਿਆਰ ਹੈ ਗੰਦਲਾਂ ਤੋੜ ਰਹੀ,
ਚੁੰਨੀ ਭਿੱਜਦੀ ਜਾ ਰਹੀ ਹੈ ਬਾਰਸ਼ ਵਿਚ।
ਪੀਂਘ ਪਈ ਸਤਰੰਗੀ ਵਿਚ ਅਸਮਾਨਾਂ ਦੇ,
ਕੁਦਰਤ ਪੀਂਘ ਚੜ੍ਹਾ ਰਹੀ ਹੈ ਬਾਰਸ਼ ਵਿਚ।
ਪੁੱਛੇ ਕੋਈ ਇਸ ਕਮਲੀ ਜਿਹੀ 'ਸੁਰਜੀਤ' ਨੂੰ,
ਇਹ ਕਿਉਂ ਨਗਮੇ ਗਾ ਰਹੀ ਹੈ ਬਾਰਸ਼ ਵਿਚ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***

---

### ਕਰੰਡ

ਨਰਮਾ ਸਾਡੇ ਪਿਆਰ ਦਾ
ਕਾਰਪੋਰੇਸ਼ਨਾਂ ਦੀ ਮਾਰ ਨਾਲ
ਕਰੰਡ ਹੋ ਗਿਆ।

ਅਫਸਰਸ਼ਾਹੀ ਦੀ ਪੰਜਾਲੀ
ਰਾਜਨੀਤੀ ਦਾ ਹਲ
ਰਿਸ਼ਵਤਖੋਰੀ ਦੀ ਚੌ ਨਾਲ
ਹਾਲੀ ਦਾ ਬਲਦ ਡੰਗ ਹੋ ਗਿਆ।

ਮੈਨਸੈਂਟੋ ਦਾ ਜੈਨੇਟਿਕ ਮੌਡੀਫਾਈਡ ਬੀਜ
ਹਰ ਸਾਲ ਨਹੀਂ ਉਗਦਾ
ਆਰਥਿਕ ਗੁਲਾਮੀ ਦਾ
ਝੰਡਾ ਬੁਲੰਦ ਹੋ ਗਿਆ।

ਸਮਾਜ ਖੜ੍ਹੇ ਪਾਣੀ ਦਾ ਛੱਪੜ
ਵਿਚ ਉਗੀ ਜਿਲਬ
ਉਤੇ ਲਿਖਿਆ ਤੇਰਾ
"ਆਈ ਲਵ ਯੂ"
ਪਲਾਂ ਵਿਚ ਬੇਰੰਗ ਹੋ ਗਿਆ।

ਕਰੰਡ ਫੁੱਟੇਗੀ ਓਸ ਦਿਨ
ਜਦ ਬੈੱਡਰੂਮ ਵਿਚ ਬਣੀ ਲਾਇਬਰੇਰੀ
ਰੋਟੀ ਵਾਲੇ ਛਾਬੇ ਕੋਲ
ਕਿਤਾਬਾਂ ਦਾ ਛਿੱਕੂ ਟੰਗ ਹੋ ਗਿਆ।

***-ਗੁਰਮੇਲ ਬੀਰੋਕੇ, ਕੈਨੇਡਾ***
***ਫੋਨ: 604-825-8053***

---

### ਜਾਮ-ਏ-ਸ਼ਹੀਦੀ

ਸਹੁੰ ਖਾ ਕੇ ਵਤਨ-ਪ੍ਰਸਤੀ ਦੀ,
ਸ਼ਹੀਦਾਂ ਨੇ ਫਾਂਸੀ ਚੁੰਮ ਲਈ,
ਮੇਰਾ ਲੋਕੋ ਵਤਨ ਜਿਉਂਦਾ ਰਹੇ,
ਅਸੀਂ ਜਾਮ-ਏ-ਸ਼ਹੀਦੀ ਪੀ ਚੱਲੇ।
ਸਾਡੀ ਰੱਜ-ਸ਼ਿੰਗਾਰੀ ਦੁਲਹਨ ਹੈ,
ਕੋਈ ਜਾਬਰ ਏਧਰ ਤੱਕੇ ਨਾ,
ਵੰਗਾਰ ਸੀ ਇਕ ਪਰਵਾਨੇ ਦੀ,
ਅਸੀਂ ਜਾਮ-ਏ-ਸ਼ਹੀਦੀ ਪੀ ਚੱਲੇ।
ਅਸੀਂ ਘੋੜੀ ਚੜ੍ਹਨਾ ਅੱਜ ਯਾਰੋ,
ਮੌਤ ਲਾੜੀ ਨੂੰ ਪਰਨਾਉਣ ਲਈ,
ਅਨਗਿਣਤ ਸੁਹਾਗਾਂ ਦੀ ਖਾਤਿਰ,
ਅਸੀਂ ਜਾਮ-ਏ-ਸ਼ਹੀਦੀ ਪੀ ਚੱਲੇ।

ਸਾਡੀ ਮਾਂ ਧਰਤੀ ਦੀ ਹਿੱਕੜੀ 'ਤੇ,
ਸਰਸਬਜ਼ ਬਹਾਰਾਂ ਰਹਿਣ ਸਦਾ,
ਇਹਦੇ ਜੰਗਲ-ਬੇਲੀਂ ਖੇੜਾ ਰਹੇ,
ਅਸੀਂ ਜਾਮ-ਏ-ਸ਼ਹੀਦੀ ਪੀ ਚੱਲੇ।
ਐ ਵਤਨ ਜਵਾਨੀਆਂ ਮਾਣੇ ਤੂੰ,
ਸਾਡੇ ਦਿਲ ਦੀ ਇਕੋ ਹਸ਼ਰਤ ਇਹ,
ਮਖਮੂਰ ਪਿਆਰ ਦੇ ਜਜ਼ਬੇ ਵਿਚ,
ਅਸੀਂ ਜਾਮ-ਏ-ਸ਼ਹੀਦੀ ਪੀ ਚੱਲੇ।
ਮੈਂ ਸਭ ਕੁਝ ਦੇਸ਼ ਤੋਂ ਵਾਰਾਂਗਾ,
ਵੰਗਾਰ ਸੀ ਇਕ ਪਰਵਾਨੇ ਦੀ,
ਇਨ੍ਹਾਂ ਪੂਰਨਿਆਂ ਨੂੰ ਭੁਲਿਓ ਨਾ,
ਅਸੀਂ ਜਾਮ-ਏ-ਸ਼ਹੀਦੀ ਪੀ ਚੱਲੇ।

***-ਮਨਜੀਤ ਸਿੰਘ, ਮਿਸ਼ੀਗਨ***
***ਫੋਨ: 248-885-6680***

---

### ਵਿਅੰਗ

ਕੁੜਮਚਾਰੀ 'ਚ ਨੱਕ ਵਢਾ ਦੇਵਣ,
ਨੀਤਾਂ ਖੋਟੀਆਂ ਗਹਿਣੇ ਘੜਨ ਜੱਟਾ।
ਤੜਕੇ ਤੁਰਦੇ ਨੇ ਚਿੱਟੇ ਦੀ ਲਾ ਚੂੰਢੀ,
ਚੋਬਰ ਸ਼ਾਮ ਨੂੰ ਠੇਕੇ ਖੜ੍ਹਨ ਜੱਟਾ।
ਲਹੂ ਪੀਂਵਦੀ ਵਹੀ ਆੜ੍ਹਤੀਏ ਦੀ,
ਹੱਡ ਛਿਮਾਹੀ 'ਤੇ ਹਿਸਾਬ ਤੋਂ ਰੜ੍ਹਨ ਜੱਟਾ।
ਮਿਸਲ ਫਸਲੀ ਖਰਾਬੇ ਦੀ ਗਈ ਬਦਲੀ,
ਪਟਵਾਰਖਾਨੇ 'ਚ ਫਾਈਲਾਂ ਸੜਨ ਜੱਟਾ।
ਵੇਚੀ ਜਾਂਦੇ ਜੋ ਨਕਲੀ ਬੀਜ ਤੇ ਖਾਦਾਂ,
ਵਿਚ ਜੇਲ੍ਹਾਂ ਦੇ ਕਿਉਂ ਨਾ ਸੜ੍ਹਨ ਜੱਟਾ।

ਨਰਮਾ ਚੁਗਦੀ ਜੱਟ ਨੂੰ ਕਹੇ ਜੱਟੀ,
ਅਮਰੀਕਨ ਸੁੰਡੀਆਂ ਮੇਰੇ ਵੀ ਲੜਨ ਜੱਟਾ।
ਲੁੱਟਣ ਵਾਸਤੇ ਜਿਨਸ ਦਲਾਲ ਅਫਸਰ,
ਘੇਰਾ ਢੇਰੀ ਦਾ ਘੱਤ ਕੇ ਖੜ੍ਹਨ ਜੱਟਾ।
ਮਿਲਦੀ ਹੱਟੀ 'ਚ ਹਰ ਇਕ ਚੀਜ਼ ਨਕਲੀ,
ਕੌਣ ਪਾਊਗਾ ਇਨ੍ਹਾਂ ਨੂੰ ਪੜ੍ਹਨ ਜੱਟਾ।
ਜ਼ਹਿਰ ਘੋਲਦੇ ਕਾਰਖਾਨੇਦਾਰ ਜਲ ਅੰਦਰ,
ਦੋਸ਼ ਪ੍ਰਦੂਸ਼ਣ ਦਾ ਸਾਡੇ 'ਤੇ ਮੜ੍ਹਨ ਜੱਟਾ।
'ਗਿੱਲ' ਖਿਸਕ ਜਾਹ ਉਸੇ ਅਮੀਰ ਮੁਲਕ 'ਚ,
ਡਾਲਰ, ਪੌਂਡ, ਯੂਰੋ ਜਿੱਥੇ ਝੜਨ ਜੱਟਾ।

***-ਜੁਗਰਾਜ ਗਿੱਲ, ਸ਼ਾਰਲਟ***
***ਫੋਨ: 704-257-6693***

# ਬੇਬਾਕ ਤੇ ਵਿਲੱਖਣ ਸ਼ਖਸੀਅਤ ਸਿਰਦਾਰ ਕਪੂਰ ਸਿੰਘ

***ਸਿੱਖ ਹਲਕਿਆਂ ਵਿਚ ਕਪੂਰ ਸਿੰਘ ਆਈ.ਸੀ.ਐਸ. ਦਾ ਮੁਕਾਮ ਬੜਾ ਵਿਲੱਖਣ ਤੇ ਉਚਾ ਹੈ। ਵਿਦਵਤਾ ਵਿਚ ਉਨ੍ਹਾਂ ਦਾ ਕੋਈ ਸਾਨੀ ਨਹੀਂ ਸੀ; ਦੇਸ ਦੀ ਪਾਰਲੀਮੈਂਟ ਹੋਵੇ ਜਾਂ ਅਕਾਲੀ ਦਲ ਦਾ ਕੋਈ ਜਲਸਾ, ਉਹ ਆਪਣੀ ਗੱਲ ਧੜੱਲੇ ਨਾਲ ਕਹਿੰਦੇ ਸਨ। ਉਨ੍ਹਾਂ ਦੇ ਖਰਵੇਂ ਸੁਭਾਅ ਦੇ ਬਥੇਰੇ ਕਿੱਸੇ ਪ੍ਰਚੱਲਿਤ ਹਨ, ਪਰ ਇਸ ਨਾਲੋਂ ਵੀ ਵੱਧ ਕਿੱਸੇ ਸਿੱਖੀ ਲਈ ਉਡ-ਉਡ ਪੈਂਦੇ ਪਿਆਰ ਬਾਬਤ ਹਨ। ਸਿੱਖ ਸਿਆਸਤ ਵਿਚ ਕਈ ਹੋਰਾਂ ਨੇ ਉਨ੍ਹਾਂ ਦੀ ਤਰਜ਼ 'ਤੇ ਸੁਰ ਚੁੱਕਣ ਦਾ ਯਤਨ ਕੀਤਾ, ਪਰ ਪੈਰਾਂ ਹੇਠਲੀ ਜ਼ਮੀਨ ਪੋਲੀ ਹੋਣ ਕਰ ਕੇ ਮਾਤ ਖਾ ਗਏ। ਉਨ੍ਹਾਂ ਦੀ ਰੀਸ ਸੰਭਵ ਹੀ ਨਹੀਂ ਸੀ। ਆਪਣੀ ਮਿਸਾਲ ਆਪ ਇਸ ਸਿਰਦਾਰ (ਉਹ ਆਪਣੇ ਆਪ ਨੂੰ ਇਹੋ ਅਖਵਾ ਕੇ ਖੁਸ਼ ਹੁੰਦੇ ਸਨ) ਬਾਰੇ ਸ. ਹਰਪਾਲ ਸਿੰਘ ਪੰਨੂ ਨੇ ਇਸ ਲੇਖ ਵਿਚ ਕਈ ਦਿਲਚਸਪ ਖੁਲਾਸੇ ਕੀਤੇ ਹਨ ਜੋ ਅਸੀਂ ਆਪਣੇ ਪਾਠਕਾਂ ਨਾਲ ਸਾਂਝੇ ਕਰ ਰਹੇ ਹਾਂ। -ਸੰਪਾਦਕ***

ਕਪੂਰ ਸਿੰਘ ਆਈ.ਸੀ.ਐਸ. ਜਿਸ ਨੇ ਪੱਚੀ ਸਾਲ ਅਕਾਲੀ ਦਲ ਨੂੰ ਪ੍ਰਭਾਵਿਤ ਕੀਤਾ, ਆਪਣੀ ਮਿਸਾਲ ਆਪ ਸੀ। ਇਕ ਦੋ ਹੋਰ ਵਿਦਵਾਨਾਂ ਨੇ ਉਹਦੇ ਰਸਤੇ ਉਪਰ ਤੁਰਨ ਦਾ ਯਤਨ ਕੀਤਾ, ਪਰ ਛੇਤੀ ਛਾਵੇਂ ਬਹਿ ਗਏ। ਉਸ ਨੇ ਅਕਾਲੀ ਦਲ ਨੂੰ ਪ੍ਰਭਾਵਿਤ ਕੀਤਾ, ਅਕਾਲੀ ਦਲ ਨੂੰ ਚਲਾਇਆ ਨਹੀਂ। ਇਹ ਵੀ ਉਹਨੇ ਨਹੀਂ ਕੀਤਾ ਕਿ ਜੇ ਪਾਰਟੀ ਪ੍ਰਧਾਨ, ਸ਼੍ਰੋਮਣੀ ਕਮੇਟੀ ਪ੍ਰਧਾਨ ਜਾਂ ਅਕਾਲੀ ਮੁੱਖ ਮੰਤਰੀ ਨਾਲ ਸੁਰ ਨਹੀਂ ਰਲੀ, ਜਿਹੜੀ ਕਦੀ ਵੀ ਨਹੀਂ ਸੀ ਰਲੀ, ਤਾਂ ਕੋਈ ਵੱਖਰਾ ਅਕਾਲੀ ਦਲ ਬਣਾ ਲਿਆ ਹੋਵੇ। ਅਕਾਲੀ ਦਲ ਨੇ ਉਹਨੂੰ ਅਸੈਂਬਲੀ ਦੀ ਟਿਕਟ ਦਿੱਤੀ ਤੇ ਅਕਾਲੀ ਦਲ ਨੇ ਪਾਰਲੀਮੈਂਟ ਵਿਚ ਵੀ ਭੇਜਿਆ, ਪਰ ਇਸ ਸਭ ਕੁਝ ਦੇ ਹੁੰਦਿਆਂ ਜਿਵੇਂ ਉਹ ਵੱਡੇ ਤੋਂ ਵੱਡੇ ਅਕਾਲੀ ਨੇਤਾ ਨੂੰ, ਗਵਰਨਰ ਹੋਵੇ ਭਾਵੇਂ ਮੁੱਖ ਮੰਤਰੀ,



**ਹਰਪਾਲ ਸਿੰਘ ਪੰਨੂ**
ਫੋਨ: 91-94642-51454

ਝਿੜਕ ਦਿੰਦਾ ਸੀ ਤੇ ਉਹਦੇ ਸਾਹਮਣੇ ਨੇਤਾ ਫਿਰ ਵੀ ਉਚਾ ਸੁਰ ਨਹੀਂ ਸਨ ਕੱਢਦੇ। ਅਜਿਹਾ ਇਸ ਕਰ ਕੇ ਸੀ ਕਿ ਉਹ ਵਿਦਵਾਨ ਵੀ ਸੀ ਤੇ ਇਮਾਨਦਾਰ ਵੀ। ਜਥੇਦਾਰ ਗੁਰਚਰਨ ਸਿੰਘ ਟੌਹੜਾ, ਸ. ਪ੍ਰਕਾਸ਼ ਸਿੰਘ ਬਾਦਲ, ਸ. ਸੁਰਜੀਤ ਸਿੰਘ ਬਰਨਾਲਾ ਜਿਹੇ ਵੱਡੇ ਲੀਡਰ ਉਹਦੇ ਖਰ੍ਹਵੇਂ ਬੋਲ ਸ਼ਾਂਤੀ ਨਾਲ ਸੁਣਦੇ ਸਨ। ਅਨੇਕਾਂ ਵਾਰ ਉਹਨੂੰ ਗੱਜਦਿਆਂ ਅੱਖੀਂ ਵੇਖਿਆ, ਪਰ ਸਾਹਮਣੇ ਬੈਠੇ ਖਲੋਤੇ ਬੰਦੇ ਇਹੋ ਸਮਝਦੇ ਕਿ ਇਨ੍ਹਾਂ ਗਰਜਾਂ ਵਿਚ ਠੰਢੇ ਪਾਣੀ ਦੀਆਂ ਬੂੰਦਾਂ ਵੀ ਹਨ ਜਿਨ੍ਹਾਂ ਨਾਲ ਤ੍ਰਿਪਤੀ ਮਿਲੇਗੀ।

ਸੈਮੀਨਾਰਾਂ ਜਾਂ ਕਾਨਫਰੰਸਾਂ ਵਿਚ ਤਾਂ ਉਸ ਨਾਲ ਮੇਲ-ਮਿਲਾਪ ਹੁੰਦਾ ਹੀ ਰਹਿੰਦਾ; ਦੋ ਸਾਲ (1977-78) ਚੰਡੀਗੜ੍ਹ ਉਸ ਦੀ ਕੋਠੀ ਮੈਂ ਬਿਨਾਂ ਨਾਗਾ ਜਾਂਦਾ। ਸ਼ਾਮ ਦੇ ਛੇ ਤੋਂ ਅੱਠ ਕੁ ਵਜੇ ਤੱਕ ਚਾਹ ਪੀਂਦੇ ਤੇ ਸੈਰ ਕਰਦੇ। ਕਦੀ ਕੋਈ ਉਸ ਨੂੰ ਕੋਠੀ ਮਿਲਣ ਆ ਰਿਹਾ ਹੈ, ਕਦੀ ਉਹ ਕਿਸੇ ਨੂੰ ਮਿਲਣ ਜਾ ਰਿਹਾ ਹੁੰਦਾ ਤਾਂ ਕਮਜ਼ੋਰ ਜਿਹੇ, ਮੱਧਮ ਜਿਹੇ ਪਰਛਾਵੇਂ ਵਾਂਗ ਮੈਂ ਉਸ ਦੇ ਨਾਲ-ਨਾਲ ਹੁੰਦਾ। ਕਦੀ ਧੋਬੀ ਨਾ ਆਉਂਦਾ ਤਾਂ ਕੁੜਤਾ ਪਜਾਮਾ ਪ੍ਰੈਸ ਕਰ ਦਿੰਦਾ। ਆਏ ਮਹਿਮਾਨਾਂ ਨੂੰ ਚਾਹ-ਪਾਣੀ ਪਿਲਾਉਂਦਾ; ਹਟ ਕੇ, ਕੁਝ ਪਿਛੇ ਬੈਠ ਕੇ ਉਨ੍ਹਾਂ ਦੀਆਂ ਗੱਲਾਂ ਸੁਣਦਾ। ਕਾਮਰੇਡ ਆਉਂਦੇ, ਕਾਂਗਰਸੀਏ ਆਉਂਦੇ, ਦੂਰੋਂ-ਨੇੜਿਓਂ ਦੇਸੋਂ-ਵਿਦੇਸ਼ੋਂ ਵਿਦਵਾਨ ਆਉਂਦੇ ਤਾਂ ਉਹ ਜਾਂਦੇ ਹੋਏ ਸ. ਕਪੂਰ ਸਿੰਘ ਤੋਂ ਕੁਝ ਲੈ ਕੇ ਜਾਂਦੇ ਜਾਂ ਨਹੀਂ, ਪਤਾ ਨਹੀਂ; ਪਰ ਮੈਨੂੰ ਕਈ ਕੁਝ ਮਿਲਦਾ।

ਮੈਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਹੋਸਟਲ ਵਿਚ ਰਹਿੰਦਾ ਪੀ.ਐਚ.ਡੀ. ਕਰ ਰਿਹਾ ਸਾਂ। ਇਕ ਦਿਨ ਬੈਠਿਆਂ-ਬੈਠਿਆਂ ਖਾਹਮਖਾਹ ਵਹਿਮ ਹੋ ਗਿਆ ਕਿ ਕਦੀ ਸ. ਕਪੂਰ ਸਿੰਘ ਮੈਨੂੰ ਆਪਣੇ ਘਰ ਆਉਣ ਦੇਣ ਤੋਂ ਮਨ੍ਹਾ ਤਾਂ ਨਹੀਂ ਕਰ ਦੇਣਗੇ? ਮੈਂ ਉਸ ਨੂੰ ਚਿੱਠੀ ਲਿਖੀ, ਬੰਦ ਲਿਫਾਫਾ ਕੋਠੀ ਵਿਚ ਸੁੱਟ ਆਇਆ। ਉਸ ਚਿੱਠੀ ਵਿਚ ਅਜਿਹਾ ਕੁਝ ਲਿਖਿਆ ਸੀ, "ਸਰਦਾਰ ਸਾਹਿਬ, ਤੁਹਾਡੇ ਪਾਸ ਬੜੇ ਵੱਡੇ ਲੋਕ ਆਉਂਦੇ ਹਨ, ਕੰਮ ਲੈਣ ਆਉਂਦੇ ਹਨ, ਨੌਕਰੀਆਂ ਲੈਣ ਆਉਂਦੇ ਹਨ, ਤੁਸੀਂ ਮਦਦ ਕਰਦੇ ਹੋ। ਮੈਂ ਵਾਅਦਾ ਕਰਦਾ ਹਾਂ ਕਿ ਨੌਕਰੀ ਲੈਣ ਦਾ ਸਵਾਲ ਤੁਹਾਡੇ ਪਾਸ ਨਹੀਂ ਪਾਵਾਂਗਾ। ਮੇਰੀ ਮਨਸ਼ਾ ਕੇਵਲ ਸਿੱਖੀ ਬਾਰੇ ਜਾਣਨ ਦੀ ਹੈ, ਹੋਰ ਕੋਈ ਲਾਲਸਾ ਨਹੀਂ। ਮੈਂ ਗੋਰਕੀ ਦੀਆਂ ਸਾਰੀਆਂ ਰਚਨਾਵਾਂ ਪੜ੍ਹੀਆਂ ਹਨ। ਟਾਲਸਟਾਏ ਦੇ ਘਰ ਉਹ ਨੌਕਰ-ਚਾਕਰ ਵਾਂਗ ਅੱਗੇ-ਪਿਛੇ ਸੇਵਾ ਕਰਦਾ ਰਹਿੰਦਾ ਤੇ ਆਪਣੀ ਸਵੈ-ਜੀਵਨੀ ਵਿਚ ਇਨ੍ਹਾਂ ਦਿਨਾਂ ਦੀ ਬਾਦਸ਼ਾਹਤ ਬਾਰੇ ਫਖਰ ਨਾਲ ਲਿਖਦਾ ਹੈ ਕਿ ਮੈਂ ਉਸ ਮਹਾਤਮਾ ਨਾਲ ਗੱਲਾਂ ਕੀਤੀਆਂ, ਝਿੜਕਾਂ ਖਾਧੀਆਂ ਹਨ; ਪਰ ਮੈਂ ਗੋਰਕੀ ਨਹੀਂ ਹਾਂ। ਮੈਨੂੰ ਅਦਨ ਦੇ ਬਾਗ ਵਿਚੋਂ ਕੱਢੋਗੇ ਤਾਂ ਨਹੀਂ ਕਦੀ? ਗਿਆਨ ਦੇ ਰੁੱਖ (Tree of Knowledge) ਤੋਂ ਜੇ ਸੇਬ ਤੋੜ ਕੇ ਖਾ ਲਵਾਂ, ਭਜਾ ਤਾਂ ਨਹੀਂ ਦਿਓਗੇ ਰੱਬ ਵਾਂਗ?"

ਅਗਲੇ ਦਿਨ ਸਵੇਰੇ ਅੱਠ ਕੁ ਵਜੇ ਕਮਰੇ ਦਾ ਦਰਵਾਜ਼ਾ ਖੜਕਿਆ, ਬਾਹਰ ਕਪੂਰ ਸਿੰਘ ਖਲੋਤਾ ਸੀ। ਨੀਲੀ ਜੀਨਜ਼ ਪੈਂਟ, ਨੀਲੀ ਜੀਨਜ਼ ਜੈਕਟ ਤੇ ਨੀਲੀ ਹੀ ਪੱਗ ਜਿਸ ਉਪਰ ਨਿੱਕੀ ਜਿਹੀ ਲਹਿਰਾਉਂਦੀ ਹੋਈ ਤੁਰਲੀ। ਮੈਂ ਗੋਡੀਂ ਹੱਥ ਲਾਏ। ਉਹ ਅੰਦਰ ਆਇਆ, ਖੂੰਡੀ ਇਕ ਪਾਸੇ ਰੱਖੀ ਤੇ ਮੰਜੇ ਉਪਰ ਬੈਠ ਕੇ ਕਹਿਣ ਲੱਗਾ, "ਇਹ ਚਿੱਠੀ ਕਿਉਂ ਲਿਖੀ ਹੈ ਤੂੰ?"

ਮੈਂ ਕਿਹਾ, "ਜੀ ਤੁਸੀਂ ਵੱਡੇ-ਵੱਡੇ ਖੱਬੀ ਖਾਨਾਂ ਮਰਾਤਬੇਦਾਨਾਂ ਨੂੰ ਭਜਾ ਦਿੰਦੇ ਹੋ। ਮੇਰੀ ਤਾਂ ਕੁਝ ਵੀ ਵੁਕਤ ਨਹੀਂ। ਮੈਂ ਤਾਂ ਵਿਦਿਆਰਥੀ ਹਾਂ ਕੇਵਲ। ਮੇਰੇ ਨਾਲ ਕਦੋਂ ਕੀ ਵਾਪਰ ਜਾਵੇ, ਕੀ ਪਤਾ।"


ਕਹਿਣ ਲੱਗਾ, "ਮੈਂ ਤੇਰੀ ਉਮਰ ਵਿਚੋਂ ਲੰਘ ਚੁੱਕਿਆ ਹਾਂ। ਚੜ੍ਹਦੀ ਜੁਆਨੀ ਦੀ ਇਹ ਉਮਰ ਕਿੰਨੀ ਨਿਰਛਲ, ਕਿੰਨੀ ਇਮਾਨਦਾਰ ਹੁੰਦੀ ਹੈ ਤੇ ਕਿੰਨੀ ਆਤਮ-ਵਿਸ਼ਵਾਸੀ, ਮੈਨੂੰ ਪਤਾ ਹੈ; ਪਰ ਤੂੰ ਮੇਰੀ ਉਮਰ ਵਿਚੋਂ ਨਹੀਂ ਗੁਜ਼ਰਿਆ ਅਜੇ। ਜਦੋਂ ਮੇਰੇ ਜਿੱਡੀ ਉਮਰ ਦਾ ਹੋਏਂਗਾ, ਤੈਨੂੰ ਵੀ ਪਤਾ ਲੱਗ ਜਾਵੇਗਾ ਕਿ ਬੁੱਢੇ ਕਿੱਡੇ ਬੇਈਮਾਨ ਤੇ ਵਿਦਵਾਨ ਕਿਹੋ ਜਿਹੇ ਜੱਲਾਦ ਹੁੰਦੇ ਹਨ। ਤੂੰ ਕਦੀ ਅਜਿਹਾ ਦੇਖਿਆ ਹੈ ਕਿ ਮੈਂ ਜੁਆਨਾਂ ਦਾ ਨਿਰਾਦਰ ਕੀਤਾ ਹੋਵੇ? ਕਦੀ-ਕਦਾਈਂ ਕਿਸੇ ਗੱਲ 'ਤੇ ਤੈਨੂੰ ਜਾਂ ਤੇਰੇ ਕਿਸੇ ਸੰਗੀ-ਸਾਥੀ ਨੂੰ ਝਿੜਕਦਾ ਹਾਂ, ਤਾਂ ਉਹ ਪਿਤਾ ਦੀ ਆਪਣੇ ਬੱਚੇ ਨੂੰ ਸਮਝਾਉਣ ਵਾਲੀ ਝਿੜਕ ਹੁੰਦੀ ਹੈ। ਤੂੰ ਤੁਰੰਤ ਸਮਝ ਜਾਂਦਾ ਹੈਂ। ਬੁੱਢੇ ਅਤੇ ਵਿਦਵਾਨ ਝਿੜਕਾਂ ਖਾ ਲੈਂਦੇ ਹਨ, ਪਰ ਗੱਲ ਸਮਝਣ ਲਈ ਤਿਆਰ ਨਹੀਂ ਹੁੰਦੇ, ਕਿਉਂਕਿ ਬੇਈਮਾਨ ਹਨ। ਸਿੱਖ ਨੌਜੁਆਨ ਮੇਰੇ ਬਿਹਤਰੀਨ ਸੁਫਨੇ ਹਨ। ਤੂੰ ਨਿਰੰਤਰ ਪੜ੍ਹ। ਗੋਰਕੀ ਨੂੰ ਤਾਂ ਪੜ੍ਹਨ ਲਈ ਸਾਧਨ ਨਹੀਂ ਸਨ ਮਿਲੇ। ਮਿਹਨਤ ਕਰੇਂ ਤੇ ਆਪਣੇ ਆਪ ਉਪਰ ਵਿਸ਼ਵਾਸ ਕਾਇਮ ਰੱਖੇਂ ਤਾਂ ਉਸ ਤੋਂ ਅੱਗੇ ਲੰਘੇਂ। ਹੁਣ ਕਦੀ-ਕਦੀ ਮੈਂ ਤੇਰੇ ਕੋਲ ਆਇਆ ਕਰਾਂਗਾ।"

ਕਦੀ ਹਫਤੇ ਬਾਅਦ, ਕਦੀ ਦੋ ਹਫਤੇ ਬਾਅਦ; ਕਦੀ ਹੋਸਟਲ, ਕਦੀ ਡਿਪਾਰਟਮੈਂਟ; ਫਿਰ ਉਹ ਆਪ ਵੀ ਆ ਜਾਂਦਾ। ਮੈਂ ਤਾਂ ਲਗਾਤਾਰ ਜਾਣਾ ਹੀ ਹੁੰਦਾ ਸੀ ਉਸ ਕੋਲ। ਇਕ ਦਿਨ ਡਾ. ਹਰਨਾਮ ਸਿੰਘ ਸ਼ਾਨ ਕੋਲ ਬੈਠਾ ਸੀ। ਮੈਨੂੰ ਅਤੇ ਮੇਰੇ ਜਮਾਤੀ ਭਗਵਾਨ ਸਿੰਘ ਨੂੰ ਵੀ ਉਥੇ ਸੱਦ ਲਿਆ ਤੇ ਕਾਫੀ ਆ ਗਈ। ਸਿੱਖਾਂ ਨਾਲ ਕੀ-ਕੀ ਵਧੀਕੀਆਂ ਹੋਈਆਂ, ਇਸ ਬਾਰੇ ਦੋਵੇਂ ਗੱਲਾਂ ਕਰਨ ਵਿਚ ਮਗਨ ਸਨ, ਤੇ ਅਸੀਂ ਦੋਵੇਂ ਸਰੋਤੇ ਸਾਂ। ਸ਼ਾਨ ਕਹਿਣ ਲੱਗਾ, "ਸਰਦਾਰ ਜੀ, ਦੇਖੋ ਅਨਿਆਂ। ਪੰਜਾਬੀ ਯੂਨੀਵਰਸਿਟੀ ਪਟਿਆਲੇ ਮੈਂ ਬਣਵਾਈ, ਪਰ ਜਦੋਂ ਵਾਈਸ ਚਾਂਸਲਰ ਲੱਗਿਆ, ਕੋਈ ਹੋਰ; ਜੇ ਰਜਿਸਟਰਾਰ ਲਾਇਆ ਤਾਂ ਕੋਈ ਹੋਰ। ਮੇਰਾ ਨਾਂ ਨਾ ਥਾਂ। ਫਿਰ ਮੈਂ ਅੰਮ੍ਰਿਤਸਰ ਦੀ ਯੂਨੀਵਰਸਿਟੀ ਬਣਵਾਈ। ਉਹੀ ਉਥੇ ਹੋਇਆ। ਮੇਰਾ ਕਿਧਰੇ ਜ਼ਿਕਰ ਨਹੀਂ ਹੈ। ਹੈ ਨਾ ਅਨਰਥ ਸਰਦਾਰ ਸਾਹਿਬ।"

ਕਪੂਰ ਸਿੰਘ ਬੋਲਿਆ, "ਜੀ, ਹਿੰਦੋਸਤਾਨ ਤੁਸੀਂ ਆਜ਼ਾਦ ਕਰਾਇਆ ਸ਼ਾਨ ਸਾਹਿਬ। ਰਾਸ਼ਟਰਪਤੀ ਕੋਈ ਹੋਰ ਲੱਗ ਗਿਆ, ਪ੍ਰਧਾਨ ਮੰਤਰੀ ਕੋਈ ਹੋਰ। ਫਿਰ ਪੰਜਾਬੀ ਸੂਬਾ ਤੁਸੀਂ ਬਣਵਾਇਆ। ਇਥੇ ਵੀ ਗਵਰਨਰ ਕੋਈ ਹੋਰ ਤੇ ਮੁੱਖ ਮੰਤਰੀ ਕੋਈ ਹੋਰ। ਤੁਹਾਡੇ ਨਾਲ ਹੋਈਆਂ ਬੇਇਨਸਾਫੀਆਂ ਦਾ ਕਿਸ ਨੂੰ ਪਤਾ ਨਹੀਂ!" ਇਹ ਕਹਿ ਕੇ ਉਹ ਠਹਾਕਾ ਮਾਰ ਕੇ ਹੱਸਿਆ, ਤਾਂ ਹੱਥ ਵਿਚ ਫੜੇ ਕੱਪ ਵਿਚੋਂ ਅੱਧੀ ਕਾਫੀ ਸ਼ਾਨ ਦੇ ਮੇਜ਼ ਉਪਰ ਡੁੱਲ੍ਹ ਗਈ। ਸ਼ਾਨ ਦੀ ਕਾਫੀ ਡੁੱਲ੍ਹੀ ਤਾਂ ਨਹੀਂ, ਪਰ ਉਸ ਤੋਂ ਪੀਤੀ ਨਾ ਗਈ। ਬੱਸ, ਅਸੀਂ ਦੋ ਤਾਲਿਬੇ-ਇਲਮ ਖੁਸ਼ ਹੋ ਕੇ ਕਾਫ਼ੀ ਦਾ ਆਨੰਦ ਲੈਂਦੇ ਰਹੇ। ਭਗਵਾਨ ਸਿੰਘ ਨੇ ਬਾਹਰ ਆਉਂਦਿਆਂ ਮੇਰੇ ਕੰਨ ਵਿਚ ਕਿਹਾ, "ਜਦੋਂ ਦੋ ਜੋਗੀ ਮੰਤਰ ਸੁੱਟ-ਸੁੱਟ ਕੇ ਸਰਾਪ ਦੇ-ਦੇ ਆਕਾਸ਼ ਵਿਚ ਇਕ-ਦੂਜੇ ਨਾਲ ਲੜਦੇ ਦੇਖੋ ਤਾਂ ਘਬਰਾਉਣ ਦੀ ਲੋੜ ਨਹੀਂ। ਬੱਸ, ਥੋੜ੍ਹੀ ਕੁ ਸੁਆਹ ਧਰਤੀ ਉਪਰ ਡਿਗੇਗੀ, ਹੋਰ ਕੁਝ ਨਹੀਂ ਹੁੰਦਾ।"

ਸ. ਕਪੂਰ ਸਿੰਘ ਅਤੇ ਸਮਕਾਲੀ ਅਕਾਲੀ ਜਥੇਦਾਰਾਂ ਦੀ ਰਾਜਨੀਤੀ ਵਿਚ ਇਹ ਫਰਕ ਸਦਾ ਰਿਹਾ ਕਿ ਜਥੇਦਾਰਾਂ ਦਾ ਨਿਸ਼ਾਨਾ ਰਾਜ ਸੱਤਾ ਦੀ ਪ੍ਰਾਪਤੀ ਹੁੰਦਾ ਅਤੇ ਕਪੂਰ ਸਿੰਘ ਦਾ ਨਿਸ਼ਾਨਾ ਸਿੱਖੀ। ਉਹ ਕਿਹਾ ਕਰਦਾ, "ਰਾਜਨੀਤੀ ਕਰਨੀ ਅਤੇ ਸੱਤਾ ਹਾਸਲ ਕਰਨੀ ਕੋਈ ਪਾਪ ਨਹੀਂ। ਚੰਗੀਆਂ ਵੱਡੀਆਂ ਕੁਰਸੀਆਂ ਇਸੇ ਲਈ ਬਣੀਆਂ ਹਨ ਕਿ ਕੋਈ ਇਨ੍ਹਾਂ 'ਤੇ ਸੁਸ਼ੋਭਤ ਹੋਵੇ। ਸਿੱਖ ਵੱਡੀਆਂ ਤੋਂ ਵੱਡੀਆਂ ਪਦਵੀਆਂ ਲੈਣ, ਪਰ ਇਸ ਉਦੇਸ਼ ਨਾਲ ਕਿ ਸਿੱਖੀ ਅਤੇ ਸਿੱਖਾਂ ਦੀ ਚੜ੍ਹਤ ਰਹੇ। ਕੁਰਸੀ ਪ੍ਰਾਪਤ ਕਰਨ ਸਾਰ ਉਹ ਸਭ ਕੁਝ ਭੁੱਲ-ਭੁਲਾ ਦਿੰਦੇ ਹਨ।"

ਜਿਨ੍ਹਾਂ ਨੇ ਪਾਰਲੀਮੈਂਟ ਵਿਚ ਸ. ਕਪੂਰ ਸਿੰਘ



ਦੀਆਂ ਤਕਰੀਰਾਂ ਨਹੀਂ ਪੜ੍ਹੀਆਂ, ਉਹ 'ਸਾਚੀ ਸਾਖੀ' ਕਿਤਾਬ ਪੜ੍ਹਨ। ਸੰਸਕ੍ਰਿਤ ਅਤੇ ਫਾਰਸੀ ਦੇ ਉਹ ਕਿੱਡੇ ਵਿਦਵਾਨ ਸਨ, ਇਸ ਦਾ ਡਾ. ਰਾਧਾਕ੍ਰਿਸ਼ਨਨ ਤਕ ਲੋਹਾ ਮੰਨਦੇ ਸਨ। ਉਚ ਅੰਗਰੇਜ਼ੀ ਵਿਦਿਆ ਤਾਂ ਉਨ੍ਹਾਂ ਸਿੱਖੀ ਹੀ ਇੰਗਲੈਂਡ ਰਹਿੰਦਿਆਂ। ਫਲਸਫੇ ਦੀ ਐਮ.ਏ. ਕਰ ਕੇ ਇੰਗਲੈਂਡ ਹੀ ਆਈ.ਸੀ.ਐਸ. ਦੀ ਤਿਆਰੀ ਕੀਤੀ ਤੇ ਅਖੀਰ ਸਫਲ ਹੋਏ।

ਇਕ ਦਿਨ ਮੈਂ ਪੁੱਛਿਆ, "ਬੜੀ ਲਗਨ ਨਾਲ ਜੁਆਨ ਉਮਰੇ ਤੁਸੀਂ ਪੜ੍ਹੇ, ਵੱਡਾ ਉਦੇਸ਼ ਕੀ ਸੀ?" ਕਹਿਣ ਲੱਗੇ, "ਉਦੇਸ਼ ਤਾਂ ਚਾਚੇ ਨੂੰ ਕੁੱਟਣ ਦਾ ਸੀ। ਉਹ ਤੰਗ ਕਰਦਾ ਰਹਿੰਦਾ ਸੀ ਬਾਪੂ ਨੂੰ ਖਾਹਮਖਾਹ, ਉਸ ਨੂੰ ਸਬਕ ਸਿਖਾਣਾ ਜ਼ਰੂਰੀ ਸੀ ਤੇ ਸਬਕ ਡੀ.ਸੀ. ਲੱਗ ਕੇ ਹੀ ਸਿਖਾ ਸਕੀਦਾ ਹੈ, ਹੋਰ ਕੀ?"

ਇਕ ਦਿਨ ਸ਼ਾਮ ਦੇ ਘੁਸਮੁਸੇ ਵਿਚ ਸੈਰ ਕਰਦਿਆਂ ਡੰਡੀ-ਡੰਡੀ ਅਸੀਂ ਦੋਵੇਂ ਤੁਰੇ ਜਾ ਰਹੇ ਸਾਂ। ਕਿਸੇ ਪਾਰਕ ਵਿਚ ਦੀ ਲੰਘਦੀ ਸੀ ਇਹ ਡੰਡੀ। ਸਾਹਮਣਿਓਂ ਇਸੇ ਡੰਡੀ 'ਤੇ ਕੋਈ ਸਾਈਕਲ ਸਵਾਰ ਆ ਗਿਆ, ਤਾਂ ਉਹ ਸਰਦਾਰ ਵਿਚ ਟਕਰਾਉਣ ਤੋਂ ਇਸ ਲਈ ਬਚ ਗਿਆ, ਕਿ ਮੈਂ ਉਸ ਦਾ ਹੈਂਡਲ ਫੜ ਲਿਆ। ਉਹ ਮੁਆਫੀ ਮੰਗ ਕੇ ਜਾਣ ਲੱਗਾ ਤਾਂ ਸਰਦਾਰ ਬੋਲਿਆ, "ਭਾਈ ਜਿਸ ਡੰਡੀ-ਡੰਡੀ ਤੂੰ ਆ ਰਿਹਾ ਸੈਂ, ਇਸ ਨੂੰ ਪਗ-ਡੰਡੀ ਕਹਿੰਦੇ ਹਨ। ਪਗ-ਡੰਡੀ ਪਤੈ ਕਿਉਂ ਕਹਿੰਦੇ ਹਨ? ਪਗ ਮਾਇਨੇ ਪੈਰ। ਉਹ ਰਸਤਾ ਜਿਹੜਾ ਪੈਰਾਂ ਨੇ ਬਣਾਇਆ ਹੋਵੇ। ਘਾਹ-ਫੂਸ, ਰੋੜ ਤੇ ਭੱਖੜਾ ਮਸਲ-ਮਸਲ ਕੇ ਇਹ ਪੈਰ, ਡੰਡੀ ਬਣਾਉਂਦੇ ਹਨ। ਪੈਰ ਹੀ ਬਣਾ ਸਕਦੇ ਹਨ ਪਗਡੰਡੀਆਂ। ਕਦੀ ਦੇਖਿਆ ਹੈ, ਕਿਸੇ ਸਾਈਕਲ ਨੇ ਕੋਈ ਡੰਡੀ ਬਣਾਈ ਹੋਵੇ? ਸਾਈਕਲ ਇਨਾ ਅਪਾਹਜ ਹੈ ਕਿ ਆਪ ਡੰਡੀ ਨਹੀਂ ਬਣਾ ਸਕਦਾ। ਇਸੇ ਲਈ ਸਰਕਾਰ ਨੇ ਇਸ ਵਾਸਤੇ ਸੜਕਾਂ ਬਣਾਈਆਂ ਹਨ। ਤੂੰ ਸੜਕ ਉਪਰ ਚੱਲਿਆ ਕਰ। ਪਗਡੰਗੀ ਪੈਦਲ ਜਾਂਦੇ ਰਾਹੀਆਂ ਲਈ ਹੈ।" ਸਾਈਕਲ ਸਵਾਰ ਤੁਰ ਗਿਆ, ਸਰਦਾਰ ਕਹਿਣ ਲੱਗਾ, "ਪੰਜਾਬ ਸਿੱਖਾਂ ਦੀਆਂ ਪਗਡੰਡੀਆਂ ਦੀ ਧਰਤੀ ਹੈ। 18ਵੀਂ ਸਦੀ ਤੋਂ ਲੈ ਕੇ ਹੁਣ ਤੱਕ ਇਨ੍ਹਾਂ ਨੇ ਇਥੇ ਦੁੱਖ ਝੱਲੇ ਹਨ। ਨੰਗੇ ਪੈਰੀਂ ਕੰਡੇ ਤੋੜੇ ਹਨ। ਪੰਜਾਬ ਦੀ ਧਰਤੀ ਸਿੱਖ ਪਗਡੰਡੀਆਂ ਦੀਆਂ ਖੁਸ਼ਬੂਆਂ ਨਾਲ ਭਰਪੂਰ ਹੈ, ਭਰਪੂਰ ਰਹੇਗੀ।"

1973 ਦੇ ਅਨੰਦਪੁਰ ਸਾਹਿਬ ਮਤੇ ਦੀ ਚਰਚਾ ਹੁਣ ਤੱਕ ਹੋ ਰਹੀ ਹੈ। ਇਸ ਦਾ ਡਰਾਫਟ ਸਿਰਦਾਰ ਕਪੂਰ ਸਿੰਘ ਨੇ ਤਿਆਰ ਕੀਤਾ ਸੀ। ਇਸ ਮਤੇ ਉਪਰ ਅਕਾਲੀ ਹਾਈਕਮਾਂਡ ਵਿਚ ਭਰਪੂਰ ਵਿਚਾਰਾਂ ਹੋਈਆਂ ਸਨ, ਪਰ ਅੰਤਿਮ ਰੂਪ ਇਸ ਨੂੰ ਉਹਨੇ ਹੀ ਦਿੱਤਾ। ਜਿਹੜੇ ਵਿਦਵਾਨ ਇਸ ਗੱਲ ਉਪਰ ਕਿੰਤੂ ਕਰਦੇ ਹਨ, ਉਹ ਉਹਦੀ ਲਿਖਣ ਸ਼ੈਲੀ ਦੇਖਣ। ਨਿਰੰਕਾਰੀਆਂ ਨੂੰ ਪੰਥ ਵਿਚੋਂ ਬੇਦਖਲ ਕਰਨ ਅਤੇ ਅਨੰਦਪੁਰ ਮਤਿਆਂ ਵਿਚ ਕਪੂਰ ਸਿੰਘ ਦੀ ਸ਼ੈਲੀ ਸਪਸ਼ਟ ਦਿਸ ਰਹੀ ਹੈ।

ਐਮਰਜੈਂਸੀ ਦੇ ਦਿਨ ਸਨ। ਉਹਨੇ ਕਿਤੇ ਭਾਸ਼ਣ ਵਿਚ ਜਥੇਦਾਰ ਟੌਹੜਾ ਦੀ ਨੁਕਤਾਚੀਨੀ ਕੀਤੀ, ਪਰ ਅਖਬਾਰਾਂ ਨੇ ਵਧਾ ਕੇ ਗੱਲਾਂ ਲਿਖੀਆਂ ਤੇ ਜਥੇਦਾਰ ਟੌਹੜਾ ਵਿਰੁੱਧ ਅਸੱਭਿਆ ਸ਼ਬਦ ਉਹਦੇ ਮੂੰਹ ਵਿਚ ਪਾ ਦਿੱਤੇ। ਉਹਨੇ ਮੈਨੂੰ ਬੁਲਾਇਆ ਤੇ ਕਿਹਾ, "ਟੌਹੜਾ ਸਾਹਿਬ ਸੰਗਰੂਰ ਜੇਲ੍ਹ ਵਿਚ ਨਜ਼ਰਬੰਦ ਹਨ, ਉਨ੍ਹਾਂ ਨਾਲ ਮੁਲਾਕਾਤ ਕਰ ਕੇ ਆ ਤੇ ਕਹਿ, ਮੈਨੂੰ ਇਹ ਦੱਸਣ ਲਈ ਭੇਜਿਆ ਹੈ ਤੁਹਾਡੇ ਪਾਸ ਕਿ ਮੈਂ ਟੌਹੜਾ ਸਾਹਿਬ ਦੀਆਂ ਗਲਤ ਨੀਤੀਆਂ ਦਾ ਤਾਂ ਵਿਰੋਧ ਕਰਦਾ ਰਹਾਂਗਾ, ਪਰ ਮੇਰੀ ਸ਼ਬਦਾਵਲੀ ਇਹ ਨਹੀਂ ਜਿਹੜੀ ਛਾਪੀ ਗਈ ਹੈ। ਮੇਰੇ ਲਈ ਪੰਥ ਵੱਡਾ ਹੈ, ਟੌਹੜਾ ਸਾਹਿਬ ਉਸ ਦੇ ਪਿੱਛੇ ਹਨ ਤੇ ਮੇਰੇ ਵਾਂਗ ਪੰਥ ਦੇ ਸੇਵਕ ਹਨ। ਜੇਲ੍ਹ ਵਿਚਲੇ ਬੰਦੇ ਨੂੰ ਬਾਹਰਲੇ ਆਜ਼ਾਦ ਬੰਦਿਆਂ ਵਲੋਂ ਬੇਚੈਨ ਨਹੀਂ ਕੀਤਾ ਜਾਣਾ ਚਾਹੀਦਾ। ਹੁਣੇ ਮਿਲ ਕੇ ਆ।"

ਜਿਵੇਂ ਗੱਲ ਸਮਝਾਈ ਗਈ ਸੀ, ਮੈਂ ਟੌਹੜਾ ਸਾਹਿਬ ਨੂੰ ਸਾਰੀ ਤਿਵੇਂ ਹੀ ਜਾ ਦੱਸੀ। ਉਹ ਖੁਸ਼ ਹੋ ਕੇ ਬੋਲੇ, "ਕਿਹਾ ਹੈ ਨਾ ਉਨ੍ਹਾਂ ਮੇਰੇ ਲਈ ਮਾੜੇ ਸ਼ਬਦ ਨਹੀਂ ਵਰਤੇ। ਧੰਨਭਾਗ, ਪਰ ਜੇ ਬੁਰਾ ਵੀ ਆਖਣਗੇ, ਮਾੜੇ ਲਫਜ਼ ਵੀ ਮੇਰੇ ਵਿਰੁਧ ਬੋਲਣਗੇ, ਮੈਂ ਤਾਂ ਤਦ ਵੀ ਉਨ੍ਹਾਂ ਦਾ ਸਤਿਕਾਰ ਕਰਾਂਗਾ। ਉਹ ਸਾਡੇ ਵਿਚ ਸਭ ਤੋਂ ਸਿਆਣੇ ਹਨ।...ਮੇਰੇ ਵਲੋਂ ਫਤਿਹ ਬੁਲਾਈ।"

ਜਦੋਂ ਰਿਹਾਈਆਂ ਹੋ ਗਈਆਂ, ਚੋਣਾਂ ਹੋਈਆਂ; ਕੇਂਦਰ ਵਿਚ ਜਨਤਾ ਦਲ ਤੇ ਪੰਜਾਬ ਵਿਚ ਅਕਾਲੀ ਦਲ ਦੀ ਸਰਕਾਰ ਬਣੀ ਤਾਂ ਟੌਹੜਾ ਸਾਹਿਬ ਸਿਰਦਾਰ ਕਪੂਰ ਸਿੰਘ ਨੂੰ ਉਨ੍ਹਾਂ ਦੀ ਕੋਠੀ ਜਾ ਕੇ ਮਿਲੇ। ਕਹਿਣ ਲੱਗੇ, "ਤੁਸੀਂ ਅਮਰੀਕਾ ਵਿਚ ਸਿੱਖੀ ਦਾ ਪ੍ਰਚਾਰ ਕਰੋ। ਇਥੇ ਤਾਂ ਮਾੜਾ ਮੋਟਾ ਅਸੀਂ ਵੀ ਕਰੀ ਜਾਂਦੇ ਹਾਂ, ਉਥੇ ਕੇਵਲ ਤੁਸੀਂ ਹੀ ਕਰ ਸਕਦੇ ਹੋ। ਖਰਚੇ ਦੀ ਪ੍ਰਵਾਹ ਨਹੀਂ, ਜਿੰਨਾ ਮਰਜ਼ੀ ਖਰਚਾ ਆਵੇ, ਉਸ ਦਾ ਪ੍ਰਬੰਧ ਮੈਂ ਕਰਾਂਗਾ।"

ਸਰਦਾਰ ਬੋਲਿਆ, "ਮੈਨੂੰ ਇਥੋਂ ਦਫਾ ਕਰ ਕੇ ਸਿੱਖਾਂ ਨੂੰ ਕਿਸ ਕੋਲ ਅਤੇ ਕਿੰਨੇ ਦਾ ਵੇਚਣਾ ਹੈ? ਜਿੰਨਾ ਚਿਰ ਜਿਉਂਦਾ ਰਹਾਂਗਾ, ਪੰਥ ਦਾ ਚੌਕੀਦਾਰ ਹੋ ਕੇ ਪਹਿਰਾ ਦਿੰਦਾ ਰਹਾਂਗਾ। ਤੁਹਾਡੇ ਅਤੇ ਤੁਹਾਡੇ ਬਾਕੀ ਜਥੇਦਾਰਾਂ ਦੇ ਲਾਗੇ-ਚਾਗੇ ਰਹਾਂਗਾ। ਕੀ ਪਤਾ ਵੇਚ ਦਿਓ, ਕੀ ਪਤਾ ਗਹਿਣੇ ਰੱਖ ਦਿਓ ਕਿਸੇ ਪਾਸ?" ਟੌਹੜਾ ਸਾਹਿਬ ਹੱਸ ਪਏ ਤੇ ਕਿਹਾ, "ਤੁਸੀਂ ਮਾਲਕ ਹੋ ਸਰਦਾਰ ਸਾਹਿਬ। ਸਾਡੀ ਹਰ ਗੱਲ ਚੁਟਕੀਆਂ ਵਿਚ ਉਡਾਉਣ ਦਾ ਤੁਹਾਨੂੰ ਹੱਕ ਹੈ।"

ਟੌਹੜਾ ਸਾਹਿਬ ਨੇ ਖੁਦ ਇਹ ਗੱਲ ਸੁਣਾਈ, "ਮੈਂ ਮਿਲਣ ਗਿਆ ਤਾਂ ਗੱਲਾਂ ਕਰਦਿਆਂ ਪਤਾ ਨਹੀਂ ਉਨ੍ਹਾਂ ਦੇ ਮਨ ਵਿਚ ਕੀ ਫੁਰਨਾ ਆਇਆ। ਕਹਿਣ ਲੱਗੇ-ਤੂੰ ਕਾਮਰੇਡ ਐਂ। ਮੈਂ ਪੁੱਛਿਆ, ਜੀ ਤੁਹਾਨੂੰ ਇਹ ਸ਼ੱਕ ਕਿਉਂ ਪਿਆ? ਬੋਲੇ, ਤੂੰ ਸ਼੍ਰੋਮਣੀ ਕਮੇਟੀ ਵਿਚ ਕਾਮਰੇਡਾਂ ਦੀ ਭਰਤੀ ਕੀਤੀ ਹੈ। ਦੂਜਾ, ਤੇਰੀ ਯਾਰੀ ਹਰਕਿਸ਼ਨ ਸਿੰਘ ਸੁਰਜੀਤ ਨਾਲ ਐ। ਫਿਰ ਕਿਵੇਂ ਨਾ ਮੰਨੀਏ ਤੂੰ ਕਾਮਰੇਡ ਐਂ? ਮੈਂ ਕਿਹਾ, ਆਪਣੇ ਪਿੰਡਾਂ ਦਾ ਕੋਈ ਲੋੜਵੰਦ ਮੁੰਡਾ ਜੇ ਮੁਲਾਜ਼ਮ ਰੱਖ ਲਿਆ ਤਾਂ ਇਸ ਆਸ ਨਾਲ ਕਿ ਸਿੱਖੀ ਦੀ ਸਮਝ ਆ ਜਾਊ ਤਾਂ ਠੀਕ ਹੋ ਜਾਊ। ਰਹੀ ਗੱਲ ਸੁਰਜੀਤ ਦੀ। ਕੋਈ ਸਿਧਾਂਤਕ ਸਾਂਝ ਨਹੀਂ ਹੈ। ਉਹਦਾ ਤੇ ਮੇਰਾ ਬਾਪੂ ਦੋਸਤ ਸਨ, ਸਿੰਘ ਸਭੀਏ ਸਨ। ਇਹ ਪਰਿਵਾਰਕ ਸਾਂਝ ਹੈ ਤੇ ਪੁਰਾਣੀ ਹੈ। ਸਰਦਾਰ ਸਾਹਿਬ ਮੈਂ ਨਿੱਤਨੇਮੀ ਹਾਂ ਤੇ ਬਾਣੇ ਦਾ ਧਾਰਨੀ। ਕਾਮਰੇਡ ਨਿਤਨੇਮੀ ਨਹੀਂ ਹੁੰਦਾ, ਬਾਣੇ ਦਾ ਧਾਰਨੀ ਨਹੀਂ ਹੁੰਦਾ। ਸਰਦਾਰ ਸਾਹਿਬ ਬੋਲੇ, "ਹੰਢਿਆ ਹੋਇਆ ਖਚਰਾ ਕਾਮਰੇਡ ਇਹ ਸਭ ਕੁਝ ਕਰ ਸਕਦਾ ਹੈ।"

ਪ੍ਰੋਫੈਸਰ ਹਰਬੰਸ ਸਿੰਘ ਕੋਲ ਮੈਂ ਅਕਸਰ ਜਾਂਦਾ ਰਹਿੰਦਾ ਤੇ ਸਰਦਾਰ ਦੀਆਂ ਟਿੱਪਣੀਆਂ ਸੁਣਾਉਂਦਾ। ਇਕ ਦਿਨ ਉਨ੍ਹਾਂ ਕਿਹਾ, ਤੁਸੀਂ ਸਰਦਾਰ ਸਾਹਿਬ ਨੂੰ ਯਾਦ ਕਰਾਉਣਾ, ਅਸੀਂ ਕਈ ਵਾਰ ਬੇਨਤੀ ਕੀਤੀ ਹੈ ਕਿ ਇਨਸਾਈਕਲੋਪੀਡੀਏ ਵਾਸਤੇ ਇੰਦਰਾਜ ਲਿਖੋ। ਜਵਾਬ ਨਹੀਂ ਦਿੰਦੇ। ਤੁਸੀਂ ਮਿਲੋਗੇ ਤਾਂ ਮੇਰੇ ਵਲੋਂ ਫਿਰ ਬੇਨਤੀ ਕਰਨੀ। ਮੈਂ ਸਰਦਾਰ ਕੋਲ ਗੱਲ ਕੀਤੀ। ਉਹਨੇ ਕਿਹਾ-ਇੰਦਰਾਜ ਤਾਂ ਜਿੰਨੇ ਕਹਿਣ, ਲਿਖ ਦਿਆਂਗਾ ਪਰ ਪਟਿਆਲੇ ਜਾਓ ਤਾਂ ਉਨ੍ਹਾਂ ਨੂੰ ਪੁੱਛਣਾ ਕਿ ਮੇਰੀ ਲਿਖਤ ਦੀ ਵੈਟਿੰਗ ਤਾਂ ਨਹੀਂ ਕਰਨਗੇ? ਅਗਲੀ ਮੁਲਾਕਾਤ 'ਤੇ ਮੈਂ ਪ੍ਰੋਫੈਸਰ ਸਾਹਿਬ ਨਾਲ ਗੱਲ ਕੀਤੀ, ਉਨ੍ਹਾਂ ਕਿਹਾ, ਵੈਟਿੰਗ ਤਾਂ ਕਰਾਂਗਾ, ਵੈਟਿੰਗ ਤਾਂ ਲਾਜ਼ਮੀ ਹੈ। ਮੈਂ ਸਰਦਾਰ ਨੂੰ ਦੱਸਿਆ। ਸਰਦਾਰ ਬੋਲਿਆ-ਨਾ, ਜੇ ਮੈਂ ਉਹਦੇ ਬਣਾਏ ਇਨਸਾਈਕਲੋਪੀਡੀਏ ਦੀ ਵੈਟਿੰਗ ਕਰਨ ਲੱਗ ਪਿਆ...ਫੇਰ? ਜਦੋਂ ਗੁਰੂ ਗੋਬਿੰਦ ਸਿੰਘ ਭਵਨ ਜਾਏਂ ਤਾਂ ਵੈਦਿਕ ਸੈਕਸ਼ਨ ਉਪਰ ਲਿਖਿਆ ਵਾਕ ਪੜ੍ਹੀਂ, ਲਿਖਿਆ ਹੈ, ਟਰੁਥ ਇਜ਼ ਵਨ, ਸੇਜਜ਼ ਕਾਲ ਇਟ ਵਿਦ ਮੈਨੀ ਨੇਮਜ਼ (ਸੱਚ ਇਕ ਹੈ, ਸਾਧੂਆਂ ਨੇ ਇਸ ਨੂੰ ਕਈ ਨਾਮ ਦੇ ਦਿੱਤੇ ਹਨ)...ਤੈਨੂੰ ਪਤੈ, 'ਟੂ ਕਾਲ ਨੇਮਜ਼' ਦਾ ਮਾਇਨਾ ਗਾਲ੍ਹਾਂ ਦੇਣੀਆਂ ਹੁੰਦਾ ਹੈ। ਇਹ ਐ ਹਰਬੰਸ ਸਿੰਘ ਦੀ ਅੰਗਰੇਜ਼ੀ। ਮੇਰੀ ਅੰਗਰੇਜ਼ੀ ਦੀ ਵੈਟਿੰਗ ਕਰੇਗਾ...।

ਸਰਦਾਰ ਨੇ ਦੱਸਿਆ, "ਬਹੁਤ ਸਾਲ ਪਹਿਲਾਂ ਘਰ ਬ.ਸ. ਬਲ (ਜੋ ਪਿਛੋਂ ਅੰਮ੍ਰਿਤਸਰ ਯੂਨੀਵਰਸਿਟੀ ਵਿਚ ਵਾਈਸ ਚਾਂਸਲਰ ਲੱਗਾ) ਆਇਆ। ਉਦੋਂ ਉਹਨੇ ਸਿਰ ਮੁਨਾਇਆ ਹੋਇਆ ਸੀ। ਕਹਿਣ ਲੱਗਾ, "ਜੀ ਦੇਰ ਦਾ ਤੁਹਾਡੇ ਪਾਸ ਆਉਣ ਦਾ ਇਛੁਕ ਸੀ ਪਰ ਆਉਣ ਤੋਂ ਡਰਦਾ ਸੀ।" ਸਰਦਾਰ ਨੇ ਪੁੱਛਿਆ, "ਕਿਸ ਗੱਲ ਦਾ ਡਰ ਸੀ ਤੈਨੂੰ?" ਬੋਲਿਆ, "ਮੈਂ ਮੋਨਾ ਹਾਂ ਨਾ ਜੀ, ਤੁਸੀਂ ਬੁਰਾ ਮਨਾਉਂਦੇ ਹੋ, ਇਸ ਲਈ।" ਸਰਦਾਰ ਨੇ ਕਿਹਾ, "ਜਿਹੜਾ ਕੰਮ ਕਰਦੇ ਹੋ ਜੇ ਮਾੜਾ ਹੈ, ਤਾਂ ਨਾ ਕਰੋ ਫੇਰ। ਜੇ ਫ਼ੈਸਲਾ ਕਰ ਰੱਖਿਆ ਹੈ ਕਿ ਕਰਨਾ ਹੈ, ਫਿਰ ਡਰਦਾ ਕਿਉਂ ਹੈਂ? ਵਾਲ ਮੁਨਾਉਣੇ ਵੀ ਹਨ ਤੇ ਡਰਨਾ ਵੀ ਹੈ ਕਿ ਬੁਰਾ ਨਾ ਲੱਗਾਂ। ਮੈਂ ਵੀ ਕਈ ਮਾੜੇ ਕੰਮ ਕਰਦਾ ਹਾਂ ਪਰ ਡਰਦਾ ਨਹੀਂ। ਦੱਸ ਕਿਵੇਂ ਆਇਆਂ?"

ਉਹਨੇ ਆਪਣਾ ਪੀ.ਐਚ.ਡੀ. ਦਾ ਥੀਸਿਸ ਫੜਾਉਂਦਿਆਂ ਕਿਹਾ, "ਜੇ ਇਸ ਉਪਰ ਨਜ਼ਰ ਮਾਰ ਲਵੋ। ਮੈਂ ਮਿਹਨਤ ਕੀਤੀ ਹੈ। ਦੇਖ ਲਵੋ।" ਸਰਦਾਰ ਨੇ ਕਿਤਾਬ ਰੱਖ ਲਈ ਤੇ ਮਹੀਨੇ ਬਾਅਦ ਆਉਣ ਲਈ ਕਿਹਾ। ਮਹੀਨੇ ਬਾਅਦ ਆਇਆ ਤਾਂ ਕਹਿਣ ਲੱਗਾ, "ਮੇਰੀ ਲਿਖਤ ਜਦੋਂ ਛਪੀ ਹੋਈ ਕੋਈ ਪੜ੍ਹਦਾ ਹੈ ਤਾਂ ਸਹਿਮਤ ਹੋਵੇ ਭਾਵੇਂ ਨਾ, ਪਰ ਜੇ ਮੈਨੂੰ ਜਾਣਦਾ ਵੀ ਨਾ ਹੋਵੇ ਤਾਂ ਪਾਠਕ ਇਸ ਨਤੀਜੇ ਉਪਰ ਪੁੱਜਦਾ ਹੈ ਕਿ ਇਹ ਕਿਸੇ ਸਿੱਖ ਦੀ ਲਿਖੀ ਹੋਈ ਚੀਜ਼ ਹੈ...ਇਹ ਸਿੱਖ ਦ੍ਰਿਸ਼ਟੀਕੋਣ ਤੋਂ ਲਿਖੀ ਰਚਨਾ ਹੈ, ਪਰ ਤੇਰੀ ਲਿਖਤ ਪੜ੍ਹਦਿਆਂ ਮੈਨੂੰ ਕਦੀ ਤੂੰ ਸਿੱਖ ਲਗਦੈਂ, ਕਦੀ ਹਿੰਦੂ, ਕਦੀ ਕਾਂਗਰਸੀਆ, ਕਦੀ ਮੌਕਾਸ਼ਨਾਖ ਅਤੇ ਕਦੀ ਕਮਿਊਨਿਸਟ। ਤੇਰਾ ਕੋਈ ਦ੍ਰਿਸ਼ਟੀਕੋਣ ਨਹੀਂ। ਤੂੰ ਹੈਂ ਕੀ? ਪਤਾ ਨਹੀਂ ਲਗਦਾ। ਆਪਣੇ ਆਪ ਵਿਚ ਸਪਸ਼ਟ ਹੋ। ਇਮਾਨਦਾਰ ਹੋ।"

ਮਰਹੂਮ ਡਾ. ਭਗਤ ਸਿੰਘ ਭਲੇ ਅਕਾਲੀ ਨੇਤਾ ਹੋਇਆ ਕਰਦੇ ਸਨ ਤੇ ਸਿਹਤ ਮੰਤਰੀ ਬਣੇ। ਸਰਦਾਰ ਸਾਹਿਬ ਦੇ ਬੜੇ ਕਦਰਦਾਨ ਸਨ। ਜਦੋਂ ਵਕਤ ਲਗਦਾ, ਆ ਜਾਂਦੇ। ਆ ਕੇ ਬੈਠੇ ਹੀ ਸਨ ਕਿ ਸਰਦਾਰ ਅਕਾਲੀਆਂ ਨੂੰ ਗਾਲ੍ਹਾਂ ਕੱਢਣ ਲੱਗ

*(ਬਾਕੀ ਅਗਲੇ ਸਫੇ 'ਤੇ)*

ਪਿਆ। ਕੋਈ ਕਸਰ ਨਾ ਛੱਡੀ। ਅਕਾਲੀਆਂ ਦਾ ਵਜ਼ੀਰ ਸਾਹਮਣੇ ਬੈਠਾ ਹੋਵੇ ਤੇ ਚੁਪ-ਚਾਪ ਪਾਰਟੀ ਨੂੰ ਗਾਲ੍ਹਾਂ ਪੈਂਦੀਆਂ ਸੁਣਦਾ ਰਹੇ। ਇਹ ਗੱਲ ਭਗਤ ਸਿੰਘ ਨੂੰ ਬੇਚੈਨ ਕਰ ਰਹੀ ਸੀ, ਇਸ ਦੀ ਥਾਂ ਕੋਈ ਹੋਰ ਗੱਲ ਚੱਲੇ, ਮੌਕਾ ਤਕਾ ਰਿਹਾ ਸੀ। ਆਖਰ ਭਗਤ ਸਿੰਘ ਬੋਲਿਆ, "ਜੀ ਸਾਰੇ ਤਾਂ ਮਾੜੇ ਨਹੀਂ ਹਨ। ਮੈਂ ਵੀ ਅਕਾਲੀ ਹਾਂ। ਕੋਈ ਬੇਈਮਾਨੀ ਨਹੀਂ ਕੀਤੀ, ਤੁਹਾਡਾ ਆਖਾ ਮੰਨਦਾ-ਸੁਣਦਾ ਹਾਂ।" ਸੁਣਦਿਆਂ ਹੀ ਸਰਦਾਰ ਹੋਰ ਭੜਕਿਆ, "ਅੱਛਾ ਤੂੰ ਵੀ ਅਕਾਲੀ ਹੈਂ? ਜੇ ਤੂੰ ਵੀ ਅਕਾਲੀ ਹੈਂ ਤਾਂ...।" ਬਸ ਜੀ ਕੋਈ ਗਾਲ੍ਹ ਨਹੀਂ ਛੱਡੀ ਦੇਣ ਤੋਂ। ਭਗਤ ਸਿੰਘ ਖਾਮੋਸ਼ ਬੈਠਾ ਸੁਣਦਾ ਰਿਹਾ। ਇਕ ਅੱਖਰ ਨਹੀਂ ਬੋਲਿਆ। ਇੰਨੇ ਨੂੰ ਚਾਹ ਆ ਗਈ। ਸਰਦਾਰ ਪੁੱਛਣ ਲੱਗਾ, "ਭਗਤ ਸਿਆਂ ਚੀਨੀ ਪਾਏਂਗਾ ਕਿ ਨਹੀਂ? ਭਗਤ ਸਿੰਘ ਨੇ ਕਿਹਾ, "ਥੋੜ੍ਹੀ ਕੁ ਪਾ ਦਿਉ। ਘੱਟ ਪੀਂਦਾ ਹਾਂ।" ਭਗਤ ਸਿੰਘ ਚਾਹ ਦਾ ਕੱਪ ਚੁੱਕ ਕੇ ਪੀਣ ਲੱਗਾ। ਕਪੂਰ ਸਿੰਘ ਬੋਲਿਆ, "ਭਗਤ ਸਿਆਂ, ਮੈਂ ਗਾਲ੍ਹਾਂ ਕੁਝ ਜ਼ਿਆਦਾ ਹੀ ਦੇ ਦਿਤੀਆਂ ਨੇ। ਤੂੰ ਫਿਰ ਵੀ ਆਰਾਮ ਨਾਲ ਬੈਠਾ ਚਾਹ ਪੀ ਰਿਹਾ ਹੈਂ। ਬੁਰਾ ਨਹੀਂ ਮਨਾਇਆ ਮੇਰਾ?"

ਜਵਾਬ ਸੀ, "ਨਹੀਂ ਜੀ, ਬੁਰਾ ਕਿਸ ਗੱਲ ਦਾ ਮਨੌਣਾ?" ਕਪੂਰ ਸਿੰਘ ਬੋਲਿਆ, "ਕਿਉਂ ਨਹੀਂ ਗੁੱਸਾ ਕੀਤਾ ਤੂੰ ਮੇਰੀਆਂ ਗਾਲ੍ਹਾਂ ਦਾ ਬਈ?" ਭਗਤ ਸਿੰਘ ਬੋਲਿਆ, "ਮੈਂ ਡਾਕਟਰ ਹਾਂ। ਗਾਲ੍ਹਾਂ ਦਾ ਤਾਂ ਗੁੱਸਾ ਕੀ ਕਰਨਾ, ਪਾਗਲ ਬੰਦਾ ਥੱਪੜ ਮਾਰ ਦੇਵੇ ਤਾਂ ਵੀ ਬੁਰਾ ਨਹੀਂ ਮਨਾਉਂਦਾ। ਮੇਰਾ ਕੰਮ ਗੁੱਸੇ ਹੋਣਾ ਥੋੜ੍ਹਾ ਹੈ, ਪਾਗਲਾਂ ਦਾ ਇਲਾਜ ਕਰਨਾ ਹੈ। ਮੈਂ ਤੁਹਾਡਾ ਇਲਾਜ ਕਰ ਸਕਦਾ ਹਾਂ। ਅਜੇ ਮਰਜ਼ ਲਾਇਲਾਜ ਨਹੀਂ ਹੋਈ।"

ਕਪੂਰ ਸਿੰਘ ਜ਼ੋਰ ਦੀ ਹੱਸਿਆ ਤੇ ਭਗਤ ਸਿੰਘ ਨੂੰ ਜੱਫੀ ਵਿਚ ਲੈ ਲਿਆ। ਕਹਿਣ ਲੱਗਾ "ਮੈਂ ਤਾਂ ਕੀ, ਇਮਾਨਦਾਰ ਬੰਦੇ ਨੂੰ ਕੋਈ ਵੀ ਡਰਾ ਨਹੀਂ ਸਕਦਾ।"

ਗੁਰਮਤਿ ਕਾਲਜ ਦਾ ਪ੍ਰੋ. ਲਾਭ ਸਿੰਘ ਉਸ ਨੂੰ ਪਟਿਆਲੇ ਲੈਕਚਰ ਕਰਨ ਵਾਸਤੇ ਸੱਦਾ ਪੱਤਰ ਦੇਣ ਆਇਆ। ਉਸ ਨੇ ਖਿਮਾ ਮੰਗੀ ਤੇ ਕਿਹਾ, ਹੁਣ ਮੈਂ ਚੰਡੀਗੜ੍ਹੋਂ ਬਾਹਰ ਘੱਟ ਨਿਕਲਦਾ ਹਾਂ। ਲਾਭ ਸਿੰਘ ਬੇਨਤੀਆਂ ਕਰਨ ਤੋਂ ਹਟੇ ਨਾ। ਦਰਅਸਲ ਕਾਲਜ ਵਾਲਿਆਂ ਨੇ ਇਕ ਵਾਰ ਪਹਿਲੋਂ ਸੱਦਿਆ, ਪਰ ਟੈਕਸੀ ਦਾ ਕਿਰਾਇਆ ਨਹੀਂ ਦਿਤਾ ਸੀ, ਇਸ ਕਰ ਕੇ ਜਾਣ ਤੋਂ ਇਨਕਾਰੀ ਸੀ। ਲਾਭ ਸਿੰਘ ਨਾ ਹਟਿਆ ਤਾਂ ਕਿਹਾ, ਨਿੱਕੇ ਹੁੰਦੇ ਅਸੀਂ ਬੱਚੇ ਦੇਰ ਤੱਕ ਕਤੂਰਿਆਂ ਨਾਲ ਖੇਡਦੇ ਰਹਿੰਦੇ। ਜਦੋਂ ਕਤੂਰਾ ਅੱਕ ਜਾਂਦਾ, ਹੋਰ ਨਾ ਖੇਡਣਾ ਚਾਹੁੰਦਾ ਤਾਂ ਚੂੰ-ਚੂੰ ਕਰਨ ਲੱਗ ਜਾਂਦਾ। ਅਸੀਂ ਬੱਚੇ ਸਮਝ ਜਾਂਦੇ ਤੇ ਉਹਨੂੰ ਛੱਡ ਦਿੰਦੇ। ਸਰਦਾਰ ਸਾਹਿਬ ਮੈਂ ਬੜੀ ਦੇਰ ਦਾ ਚੂੰ-ਚੂੰ ਕਰੀ ਜਾਨਾ, ਹੁਣਾ ਮੇਰਾ ਖਹਿੜਾ ਛੱਡੋ।"

ਮੈਨੂੰ ਕਿਹਾ, ਐਤਕੀਂ ਵਿਸਾਖੀ 'ਤੇ ਅਨੰਦਪੁਰ ਸਾਹਿਬ ਲੈਕਚਰ ਕਰਨ ਦਾ ਸੱਦਾ ਆਇਐ। ਜਾਊਂਗਾ। ਤੂੰ ਵੀ ਚਲੀਂ। ਤੈਨੂੰ ਤਮਾਸ਼ਾ ਦਿਖਾਊਂਗਾ। ਸਰਦਾਰ ਨੇ ਭਾਸ਼ਣ ਦਿੱਤਾ। ਕਿਸੇ ਨੇ ਸਵਾਲ ਪੁੱਛ ਲਿਆ, "ਜੀ ਤੰਬੂ 'ਚ ਲਿਜਾ ਕੇ ਗੁਰੂ ਜੀ ਨੇ ਪੰਜ ਪਿਆਰਿਆਂ ਦੇ ਸੀਸ ਸੱਚ ਮੁੱਚ ਕੱਟੇ ਸਨ?"

ਦੱਸਿਆ, "ਗੁਰੂ ਕਲਗੀਧਰ ਪਿਤਾ ਨੇ ਸਾਥੋਂ ਜੀਵਨ ਭਰ ਕੁਝ ਨਾ ਲੁਕਾਇਆ, ਨਾ ਛੁਪਾਇਆ। ਇਸ ਇਕ ਮੌਕੇ ਪਰਦਾ ਤਾਣ ਕੇ ਅਗੰਮੀ ਕਾਰਜ ਕੀਤਾ। ਖਾਲਸੇ ਨੂੰ ਜਨਮ ਦੇਣ ਵਕਤ ਉਹਨੇ ਤੁਹਾਥੋਂ ਪਰਦਾ ਕੀਤਾ ਸੀ। ਤੁਹਾਨੂੰ ਕੀ ਹੱਕ ਹੈ ਕਿ ਪਰਦਾ ਹਟਾਓ। ਖ਼ਬਰਦਾਰ ਕਿਸੇ ਨੇ ਅਜਿਹਾ ਸਵਾਲ ਕਦੀ ਕੀਤਾ। ਖ਼ਬਰਦਾਰ ਜੇ ਕਿਸੇ ਨੇ ਅੰਦਾਜ਼ੇ ਲਾ-ਲਾ ਕੇ ਉਤਰ ਦੇਣ ਦੀ ਮੂਰਖਤਾ ਕੀਤੀ। ਕਈ ਸਾਲ ਦਸਮੇਸ਼ ਪਿਤਾ ਅਤੇ ਪੰਜ ਪਿਆਰੇ ਸਾਡੇ ਵਿਚਕਾਰ ਰਹੇ। ਉਨ੍ਹਾਂ ਨੇ ਕਦੀ ਕੋਈ ਗੱਲ ਇਸ ਮਹਾਨ ਘਟਨਾ ਬਾਰੇ ਨਹੀਂ ਕੀਤੀ। ਕਿਸੇ ਨੂੰ ਇਸ ਬਾਰੇ ਟਿੱਪਣੀ ਕਰਨ ਦਾ ਪਾਪ ਨਹੀਂ ਕਰਨਾ ਚਾਹੀਦਾ।"

1978 ਦੇ ਸਾਲ ਅੰਮ੍ਰਿਤਸਰ ਵਿਚ ਨਿਰੰਕਾਰੀਆਂ ਹੱਥੋਂ ਦਰਜਨ ਸਿੱਖ ਕਤਲ ਕੀਤੇ ਗਏ। ਅਕਾਲੀਆਂ ਦੀ ਸਰਕਾਰ ਸੀ। ਸਿੱਖਾਂ ਵਿਚ ਵਿਆਪਕ ਰੋਸ ਸੀ। ਇਕ ਦਿਨ ਕੁਝ ਸਿੱਖ ਮਿਲਣ ਆਏ ਤੇ ਕਿਹਾ, ਸਰਦਾਰ ਸਾਹਿਬ, ਸ਼ਹੀਦਾਂ ਦੀਆਂ ਰੂਹਾਂ ਇਨ੍ਹਾਂ ਅਕਾਲੀਆਂ ਨੂੰ ਬੇਚੈਨ ਨਹੀਂ ਕਰਦੀਆਂ? ਸਰਦਾਰ ਹੱਸ ਪਿਆ, ਅਕਾਲੀ ਤਾਂ ਖੁਦ ਜਿੰਨ ਹਨ। ਜੇ ਰੂਹਾਂ ਇਨ੍ਹਾਂ ਕੋਲ ਜਾਣਗੀਆਂ ਤਾਂ ਇਹ ਖੁਸ਼ ਹੋ ਕੇ ਆਖਣਗੇ-ਆਓ ਨੱਚੀਏ ਗਾਈਏ। ਸਰਦਾਰ ਜੀ, ਸ਼ਹੀਦ ਰੂਹਾਂ ਬੰਦਿਆਂ ਉਪਰ ਅਸਰ ਕਰਦੀਆਂ ਹਨ, ਪ੍ਰੇਤਾਂ ਉਪਰ ਨਹੀਂ।

ਉਹ ਚਾਹੁੰਦਾ, ਉਸ ਦੇ ਨਾਮ ਨਾਲ ਸਰਦਾਰ ਦੀ ਥਾਂ ਸਿਰਦਾਰ ਲਿਖਿਆ ਜਾਏ। ਲੋਕ ਇਵੇਂ ਲਿਖਣ ਲੱਗ ਪਏ। ਪੰਜਾਬੀ ਵਿਚਲੇ ਲਫਜ਼ ਸਿਰ ਵਾਸਤੇ ਉਰਦੂ ਵਿਚ ਸਰ ਹੈ (ਸਰ ਫਰੋਸ਼ੀ ਕੀ ਤਮੰਨਾ ਅਬ ਹਮਾਰੇ ਦਿਲ ਮੇਂ ਹੈ), ਦੋਹਾਂ ਵਿਚ ਫਰਕ ਨਹੀਂ ਤਾਂ ਸਰਦਾਰ ਲਫਜ਼ ਨੂੰ ਕਿਉਂ ਨਾਪਸੰਦ ਕਰਦਾ ਸੀ, ਪਤਾ ਨਹੀਂ।

1978 ਦੀ ਗੱਲ ਹੈ ਜਦੋਂ ਪੰਜਾਬੀ ਯੂਨੀਵਰਸਿਟੀ ਵਿਚ 'ਹੂ ਕਿਲਡ ਗੁਰੂ ਤੇਗ ਬਹਾਦਰ' ਖੋਜ ਪੱਤਰ ਪੜ੍ਹਨ ਲਈ ਆਇਆ। ਡਾ. ਫੌਜਾ ਸਿੰਘ ਨੇ ਗੁਰੂ ਤੇਗ ਬਹਾਦਰ ਸਾਹਿਬ ਉਤੇ ਲੇਖ ਲਿਖਿਆ ਸੀ ਜਿਸ ਵਿਚ ਗੁਲਾਮ ਹੁਸੈਨ ਦੇ ਕੁਝ ਇਤਰਾਜ਼ਯੋਗ ਵਾਕ ਹੂ-ਬ-ਹੂ ਬਿਨਾਂ ਕਿਸੇ ਟਿੱਪਣੀ ਦੇ ਛਾਪ ਦਿੱਤੇ ਸਨ। ਸਿੱਖਾਂ ਵਿਚ ਬੜਾ ਗੁੱਸਾ ਸੀ ਤੇ ਆਖਰ ਫੌਜਾ ਸਿੰਘ ਨੇ ਅਕਾਲ ਤਖਤ ਸਾਹਿਬ ਪਾਸੋਂ ਮੁਆਫੀ ਮੰਗੀ। ਫੌਜਾ ਸਿੰਘ ਦੇ ਲੇਖ ਵਿਚ ਵਰਤੇ ਸਰੋਤਾਂ ਨੂੰ ਗਲਤ ਸਾਬਤ ਕਰਨ ਲਈ ਉਹ ਲੇਖ ਲਿਖ ਕੇ ਲਿਆਇਆ ਸੀ। ਉਦੋਂ ਵਾਈਸ ਚਾਂਸਲਰ ਡਾ. ਇੰਦਰਜੀਤ ਕੌਰ ਸੀ ਜੋ ਸਰਦਾਰ ਦੀ ਬੜੀ ਕਦਰ ਕਰਦੀ ਸੀ। ਸੈਨੇਟ ਹਾਲ ਖਚਾਖਚ ਭਰਿਆ ਹੋਇਆ ਸੀ। ਵਾਈਸ ਚਾਂਸਲਰ ਨੇ ਅਰੰਭਕ ਬੋਲ ਕਹੇ, "ਸਤਿਕਾਰ ਯੋਗ ਸਰਦਾਰ ਸਾਹਿਬ ਜੀ, ਕਿਉਂਕਿ ਪਹਿਲਾਂ ਬਹੁਤ ਬੇਰਸੀ ਹੋ ਚੁਕੀ ਹੋਈ ਹੈ, ਤੁਸੀਂ ਲੇਖ ਜੀ ਸਦਕੇ ਪੜ੍ਹੋ ਪਰ ਇਸ ਵਿਚ ਡਾ. ਫੌਜਾ ਸਿੰਘ ਬਾਰੇ ਕੁਝ ਨਾ ਕਹਿਣਾ। ਮਾਹੌਲ ਪਹਿਲੋਂ ਹੀ ਤਣਾਉਗ੍ਰਸਤ ਹੋ ਚੁਕਿਆ ਹੈ।"

ਸਰਦਾਰ ਬੋਲਿਆ, "ਮੈਂ ਕਦੀ ਪ੍ਰੋਫੈਸਰ ਨਹੀਂ ਰਿਹਾ, ਇਸ ਕਰ ਕੇ ਕਈ ਗੱਲਾਂ ਦਾ ਪਤਾ ਨਹੀਂ ਹੈ। ਵਿਦਵਾਨ ਵੀ ਨਹੀਂ ਹਾਂ। ਹੁਣ ਵੱਡੀ ਸਮੱਸਿਆ ਆ ਪਈ ਹੈ ਕਿ ਲੇਖ ਪੜ੍ਹਾਂ ਤੇ ਡਾ. ਫੌਜਾ ਸਿੰਘ ਦਾ ਜ਼ਿਕਰ ਨਾ ਕਰਾਂ। ਇਹ ਲੇਖ ਤਾਂ ਮੈਂ ਲਿਖਿਆ ਹੀ ਇਸ ਕਰ ਕੇ ਹੈ ਕਿ ਫੌਜਾ ਸਿੰਘ ਦੀਆਂ ਲੱਭਤਾਂ ਰੱਦ ਕਰਾਂ। ਚਲੋ ਇਕ ਹੋਰ ਕੰਮ ਕਰ ਕੇ ਦੇਖੀਏ। ਮੈਂ ਬੀਬੀ ਇੰਦਰਜੀਤ ਕੌਰ ਨੂੰ ਆਖਦਾ ਹਾਂ ਕਿ ਗੁਰੂ ਤੇਗ ਬਹਾਦਰ ਬਾਰੇ ਉਹ ਪੰਜ ਮਿੰਟ ਬੋਲਣ, ਪਰ ਗੁਰੂ ਤੇਗ ਬਹਾਦਰ ਦਾ ਜ਼ਿਕਰ ਨਾ ਕਰਨ। ਉਨ੍ਹਾਂ ਨੂੰ ਦੇਖ ਕੇ ਮੈਂ ਵੀ ਯਤਨ ਕਰਾਂਗਾ ਕੁਝ।"

ਖਾਮੋਸ਼ੀ ਛਾ ਗਈ। ਵਾਈਸ ਚਾਂਸਲਰ ਨੇ ਭੁੱਲ ਦੀ ਖਿਮਾ ਮੰਗੀ, ਤਾਂ ਕਿਤੇ ਜਾ ਕੇ ਪੇਪਰ ਪੜ੍ਹਨ ਦਾ ਮਨ ਬਣਾਇਆ; ਨਹੀਂ ਤਾਂ ਉਠ ਚੱਲਿਆ ਸੀ। ਡਾ. ਗੰਡਾ ਸਿੰਘ ਨੇ ਸਵਾਲਾਂ ਦੀ ਬੁਛਾੜ ਕੀਤੀ, ਸਰਦਾਰ ਨੇ ਉਨ੍ਹਾਂ ਨੂੰ ਸੰਤੁਸ਼ਟ ਕੀਤਾ। ਪੇਪਰ ਦਾ ਸੈਸ਼ਨ ਖਤਮ ਹੋਇਆ ਤਾਂ ਅਸੀਂ ਕੁਝ ਵਿਦਿਆਰਥੀ ਅਤੇ ਅਧਿਆਪਕ ਚਾਹ ਪੀਣ ਲਈ ਉਸ ਨੂੰ ਕਾਫੀ ਹਾਊਸ ਲੈ ਗਏ।

ਇਕ ਅਧਿਆਪਕ ਨੇ ਪੁੱਛਿਆ, ਅੱਜ ਕੱਲ੍ਹ ਕੀ ਲਿਖ ਰਹੇ ਹੋ ਸਰਦਾਰ ਸਾਹਿਬ? ਸਰਦਾਰ ਨੇ ਕਿਹਾ, "ਕੀ ਲਿਖ ਰਿਹਾਂ, ਮੈਂ ਕੀ ਲਿਖਣਾ, ਮੈਂ ਕਿਹੜਾ ਪ੍ਰੋਫੈਸਰ ਹਾਂ। ਲਿਖਣ ਵਾਸਤੇ ਪੜ੍ਹਨਾ ਪੈਂਦੈ, ਫੇਰ ਪੈਨ, ਕਾਗਜ਼ ਚਾਹੀਦੇ ਨੇ। ਟਾਈਪ ਕਰਾਉਣ ਲਈ ਪੈਸੇ ਚਾਹੀਦੇ ਨੇ ਤੇ ਫੇਰ ਛਪਾਉਣਾ ਪੈਂਦੈ। ਛਪ ਕੇ ਲੋਕਾਂ ਸਾਹਮਣੇ ਆਉਣਾ ਸੁਰਮਗਤੀ ਹੁੰਦੀ ਹੈ, ਯੁੱਧ ਹੈ ਇਹ ਇਕ, ਤੁਹਾਨੂੰ ਡਿਫੈਂਸ ਕਰਨਾ ਪਏਗਾ। ਮੈਂ ਤਾਂ ਨੌਕਰੀਓਂ ਕੱਢਿਆ ਬੰਦਾ ਗੁੰਮਨਾਮ ਜਿਹੀ ਉਦਾਸ ਜ਼ਿੰਦਗੀ ਬਤੀਤ ਕਰ ਰਿਹਾਂ। ਤੁਸੀਂ ਪ੍ਰੋਫੈਸਰ ਹੋ, ਸਗੋਂ ਤੁਸੀਂ ਮੈਨੂੰ ਦੱਸੋ, ਤੁਸੀਂ ਹੁਣ ਤੱਕ ਕੀ ਲਿਖਿਆ ਤੇ ਹੁਣ ਕੀ ਲਿਖ ਰਹੇ ਹੋ।"

ਸਰਦਾਰ ਦੇ ਗੁੱਸੇ ਹੋਣ ਦਾ ਕਾਰਨ-ਪ੍ਰਸ਼ਨ ਕਰਤਾ ਅਧਿਆਪਕ ਦੀ ਆਪਣੀ ਕੋਈ ਲਿਖਤ ਛਪੀ ਨਹੀਂ ਸੀ।

ਗੁਰੂ ਨਾਨਕ ਦੇਵ ਜੀ ਦੇ ਪੁਰਬ ਮੌਕੇ ਸਰਦਾਰ ਮਹਿੰਦਰਾ ਕਾਲਜ ਵਿਚ ਸਿੱਖ ਫਿਲਾਸਫੀ ਉਪਰ ਭਾਸ਼ਣ ਦੇਣ ਆਇਆ। ਪ੍ਰਿੰਸੀਪਲ ਸੰਤ ਸਿੰਘ ਸੇਖੋਂ ਸੈਮੀਨਾਰਾਂ ਵਿਚ ਹਰ ਵਿਦਵਾਨ ਦੀ ਖਿੱਲੀ ਉਡਾ ਦਿਆ ਕਰਦਾ ਸੀ, ਸ਼ੌਕ ਸੀ ਇਹ। ਕਾਮਰੇਡ ਅਧਿਆਪਕ ਸਰੋਤਿਆਂ ਵਿਚ ਬੈਠੇ ਸੇਖੋਂ ਨੂੰ ਆਖ ਰਹੇ ਸਨ ਕਿ ਸਵਾਲ ਪੁੱਛੋ ਤੇ ਸਰਦਾਰ ਨੂੰ ਠਿੱਠ ਕਰੋ। ਸੇਖੋਂ ਨੇ ਕਿਹਾ, "ਮੇਰਾ ਵਿਸ਼ਾ ਨਹੀਂ। ਇਹ ਸਰਦਾਰ ਦਾ ਵਿਸ਼ਾ ਹੈ ਤੇ ਇਸ ਵਿਸ਼ੇ ਉਤੇ ਸੰਸਾਰ ਵਿਚ ਉਸ ਤੋਂ ਵਧੀਕ ਕੋਈ ਨਹੀਂ ਜਾਣਦਾ। ਸਰਦਾਰ ਦੀ ਨਹੀਂ, ਤੁਸੀਂ ਮੇਰੀ ਬੇਇਜ਼ਤੀ ਕਰਵਾਉਣੀ ਚਾਹੁੰਦੇ ਹੋ ਦਰਅਸਲ। ਮੈਂ ਨਹੀਂ ਉਠਦਾ ਕੁਝ ਪੁੱਛਣ-ਪੁਛਾਣ। ਤੁਸੀਂ ਪੁੱਛ ਲਵੋ। ਕਰੋ ਹਿੰਮਤ।"

ਅਕਾਲੀ ਰਾਜਨੀਤੀ ਅਤੇ ਸਿੱਖ ਸਿਧਾਂਤਾਂ ਦੀ ਬੇੜੀ ਦਾ ਚੱਪੂ ਉਹਨੇ ਆਪਣੇ ਹੱਥ ਵਿਚ ਫੜਿਆ ਹੋਇਆ ਸੀ। ਹੱਸਦਿਆਂ ਕਿਹਾ ਕਰਦਾ, "ਸਿੱਖ ਘੋੜ ਸਵਾਰੀ ਛੱਡ ਗਏ ਹਨ। ਕਦੀ-ਕਦੀ ਹਾਥੀ ਉਪਰ ਚੜ੍ਹ ਜਾਂਦੇ ਹਨ। ਹਾਥੀ ਨੂੰ ਮਹਾਵਤ ਤੋਰਦਾ ਹੈ। ਘੋੜਾ ਮੈਂ ਆਪਣੀ ਮਰਜੀ ਨਾਲ ਤੋਰਦਾ ਹਾਂ। ਤੁਹਾਡੀ ਦਿਸ਼ਾ ਤੁਹਾਡੇ ਹੱਥ ਹੋਣੀ ਚਾਹੀਦੀ ਹੈ, ਘੋੜੇ ਦਾ ਲਗਾਮ ਤੁਹਾਡੇ ਹੱਥ ਵਿਚ। ਆਪਣੀ ਹੋਣੀ ਦੇ ਸੁਆਮੀ ਆਪ ਬਣੋ।...ਅਕਾਲੀ ਰਾਜਨੀਤੀ ਨੂੰ ਘੋੜ ਸਵਾਰੀ ਸਿੱਖਣੀ ਪਵੇਗੀ।"

ਸਰਦਾਰ ਨੇ ਪੰਜਾਬ ਯੂਨੀਵਰਸਿਟੀ ਲਾਹੌਰ ਤੋਂ ਫਿਲਾਸਫੀ ਵਿਚ ਐਮ.ਏ. ਗੋਲਡ ਮੈਡਲ ਹਾਸਲ ਕਰ ਕੇ ਕੀਤੀ। ਲੰਡਨ ਤੋਂ ਟ੍ਰਾਇਪੋਸ ਕੀਤੀ।



ਫਲਸਫੇ ਦੀ ਇਹ ਡਿਗਰੀ ਉਦੋਂ ਦਿੱਤੀ ਜਾਂਦੀ ਸੀ ਜਦੋਂ ਵਿਦਿਆਰਥੀ ਸਾਬਤ ਕਰਦਾ ਸੀ ਕਿ ਉਹਨੇ ਲਾਤੀਨੀ ਅਤੇ ਯੂਨਾਨੀ ਭਾਸ਼ਾ ਦੀ ਮੁਢਲੀ ਯੋਗਤਾ ਪ੍ਰਾਪਤ ਕਰ ਲਈ ਹੈ। ਇਹ ਭਾਸ਼ਾਵਾਂ ਉਥੋਂ ਸਿੱਖੀਆਂ; ਫਾਰਸੀ, ਸੰਸਕ੍ਰਿਤ ਅਤੇ ਪਾਲੀ ਦਾ ਗਿਆਨ ਖੁਦ ਹਾਸਲ ਕੀਤਾ। ਨਾਲੋ ਨਾਲ ਆਈ.ਸੀ.ਐਸ. ਦੀ ਤਿਆਰੀ ਕਰਦੇ ਰਹੇ। ਆਪਣੇ ਵਿਦਿਆਰਥੀ ਜੀਵਨ ਦੀ ਘਟਨਾ ਸੁਣਾਈ। ਇਮਤਿਹਾਨਾਂ ਤੋਂ ਪਹਿਲਾਂ, ਰਿਵਾਜ ਅਨੁਸਾਰ ਨਵੇਂ ਵਿਦਿਆਰਥੀਆਂ ਨੇ ਸੀਨੀਅਰ ਵਿਦਿਆਰਥੀਆਂ ਨੂੰ ਵਿਦਾਇਗੀ ਪਾਰਟੀ ਦਾ ਡਿਨਰ ਦੇਣਾ ਸੀ। ਪੈਸੇ ਇਕੱਠੇ ਕਰ ਲਏ। ਆਪਸ ਵਿਚ ਸਲਾਹਾਂ ਕਰਨ ਲੱਗੇ ਕਿ ਕਿਸੇ ਸਨਮਾਨਿਤ ਬੰਦੇ ਨੂੰ ਨਾ ਬੁਲਾ ਲਈਏ? ਕਿਸ ਨੂੰ? ਕਪੂਰ ਸਿੰਘ ਨੇ ਕਿਹਾ, ਚਰਚਿਲ ਨੂੰ ਬੁਲਾ ਲੈਂਦੇ ਹਾਂ। ਸਾਰੇ ਹੱਸ ਪਏ। ਦੂਜੀ ਸੰਸਾਰ ਜੰਗ ਚੱਲ ਰਹੀ ਸੀ। ਪ੍ਰਧਾਨ ਮੰਤਰੀ ਵਿੰਸਟਨ ਐਸ. ਚਰਚਿਲ ਦੇ ਹੱਥ ਬਰਤਾਨਵੀ ਸਾਮਰਾਜ ਅਤੇ ਹਮਾਇਤੀ ਦੇਸ਼ਾਂ ਦੀ ਕਮਾਨ ਸੀ। ਉਹ ਕਿਵੇਂ ਆ ਸਕੇਗਾ?

ਕਪੂਰ ਸਿੰਘ ਨੇ ਕਿਹਾ, ਨਹੀਂ ਆਏਗਾ ਨਾ ਸਹੀ, ਮੇਰੇ ਨਾਲ ਦੋ ਮੁੰਡੇ ਤਿਆਰ ਹੋਣ। ਬੇਨਤੀ ਕਰਨ ਦਾ ਕੀ ਹਰਜ? ਮਿਲਣ ਦੀ ਆਗਿਆ ਹੋਈ, ਸੱਦੇ ਦੀ ਪੇਸ਼ਕਸ਼ ਕੀਤੀ। ਚਰਚਿਲ ਨੇ ਪੁੱਛਿਆ-ਕਿਸ ਸ਼ਾਮ? ਕਪੂਰ ਸਿੰਘ ਨੇ ਕਿਹਾ-ਜੀ ਜਿਹੜੀ ਸ਼ਾਮ ਤੁਹਾਨੂੰ ਫੁਰਸਤ ਹੋਵੇ? ਸੈਕਟਰੀ ਬੁਲਾਈ, ਪੁੱਛਿਆ ਕਿਹੜੀ ਸ਼ਾਮ ਖਾਲੀ ਹੈ। ਸੈਕਟਰੀ ਨੇ ਡਾਇਰੀ ਦੇਖ ਕੇ ਤਰੀਕ ਦੱਸ ਦਿੱਤੀ। ਚਰਚਿਲ ਨੇ ਸੈਕਟਰੀ ਨੂੰ ਕਿਹਾ-ਇਹ ਸ਼ਾਮ ਯੂਨੀਵਰਸਿਟੀ ਵਾਸਤੇ ਲਿਖ ਦੇ। ਮਨਜ਼ੂਰੀ ਮਿਲ ਗਈ। ਉਠ ਕੇ ਧੰਨਵਾਦ ਕਰਦਿਆਂ ਕਪੂਰ ਸਿੰਘ ਨੇ ਪੁੱਛਿਆ-ਜੀ ਬੁਰਾ ਨਾ ਮਨਾਓ ਤਾਂ ਵਿਸਕੀ ਦਾ ਇੰਤਜ਼ਾਮ ਕਰੀਏ? ਚਰਚਿਲ ਨੇ ਕਿਹਾ-ਜੇ ਤਾਂ ਉਟਪਟਾਂਗ, ਬਕਵਾਸ ਸੁਣਨਾ ਹੈ, ਫੇਰ ਨਾ ਕਰਿਓ; ਜੇ ਅਕਲ ਦੀ ਗੱਲ ਸੁਣਨੀ ਹੈ, ਫੇਰ ਵਿਸਕੀ ਦਾ ਇੰਤਜ਼ਾਮ ਕਰ ਦੇਇਓ। ਨਾ ਪਹਿਲਾਂ ਨਾ ਪਿਛੋਂ, ਵਿਦਿਆਰਥੀਆਂ ਦੀ ਵਿਦਾਇਗੀ ਪਾਰਟੀ ਵਿਚ ਪ੍ਰਧਾਨ ਮੰਤਰੀ ਕੇਵਲ ਇਸ ਮੌਕੇ ਆਇਆ ਸੀ, ਉਹ ਵੀ ਉਦੋਂ ਜਦੋਂ ਸਾਰਾ ਸੰਸਾਰ, ਯੁੱਧ ਦੀ ਭੱਠੀ ਵਿਚ ਬਲ ਰਿਹਾ ਸੀ।

ਕੈਲੀਫੋਰਨੀਆ ਦੇ ਸਿੱਖਾਂ ਨੇ ਸ. ਗੁਰਤੇਜ ਸਿੰਘ ਨੂੰ ਭਾਸ਼ਣ ਦੇਣ ਲਈ ਸੱਦਿਆ। ਟਿਕਟ, ਸਵਾ ਲੱਖ ਮਾਣ ਭੱਤਾ ਤੇ ਸੋਨੇ ਦੇ ਮੁੱਠ ਵਾਲੀ ਕਿਰਪਾਨ ਭੇਟ ਕਰਨੀ ਸੀ। ਗਿਆ, ਭਾਸ਼ਣ ਦੇ ਸ਼ੁਰੂ ਵਿਚ ਕਹਿ ਦਿੱਤਾ ਕਿ ਜਿਹੜਾ ਬੰਦਾ ਮੀਟ ਨਹੀਂ ਖਾਂਦਾ, ਉਹ ਸਿੱਖ ਨਹੀਂ ਹੋ ਸਕਦਾ। ਸੰਗਤ ਵਿਚ ਵਿਆਪਕ ਗੁੱਸਾ ਫੈਲ ਗਿਆ, ਮੁਆਫੀ ਮੰਗਣ ਲਈ ਕਿਹਾ, ਨਾ ਮੰਨੇ, ਮਾਨ ਸਨਮਾਨ ਛੱਡ ਕੇ ਵਾਪਸ ਆਉਣਾ ਪਿਆ। ਕਈ ਸਾਲ ਮੈਂ ਸੋਚਦਾ ਰਿਹਾ, ਗੁਰਤੇਜ ਸਿੰਘ ਨੂੰ ਇਹ ਗੱਲ ਕਰਨ ਦੀ ਕੀ ਲੋੜ ਸੀ? ਪਤਾ ਨਾ ਲੱਗਾ। ਇਸ ਸਾਲ ਜੁਲਾਈ 2011 ਵਿਚ ਇਕ ਅਮਰੀਕਨ ਵਿਦਵਾਨ ਨਾਲ ਉਹ ਯੂਨੀਵਰਸਿਟੀ ਆਇਆ। ਵਾਈਸ ਚਾਂਸਲਰ ਜਸਪਾਲ ਸਿੰਘ ਨੇ ਵਿਚਾਰ ਵਟਾਂਦਰੇ ਵਿਚ ਸ਼ਾਮਲ ਹੋਣ ਲਈ ਮੈਨੂੰ ਵੀ ਸੱਦ ਲਿਆ। ਖਾਣਾ ਖਾਂਦਿਆਂ ਵਾਈਸ ਚਾਂਸਲਰ ਨੇ ਸ. ਕਪੂਰ ਸਿੰਘ ਦੀਆਂ ਗੱਲਾਂ ਛੇੜ ਲਈਆਂ, ਕਹਿਣ ਲੱਗੇ, ਮੈਂ ਸਰਦਾਰ ਨੂੰ ਗੁਰਦੁਆਰਾ ਸੀਸ ਗੰਜ ਸਾਹਿਬ ਵਿਚ ਲੈਕਚਰ ਵਾਸਤੇ ਬੁਲਾ ਲਿਆ। ਆ ਗਏ। ਅਜੇ ਗੱਲ ਸ਼ੁਰੂ ਹੀ ਹੋਈ ਸੀ ਕਿ ਸਰਦਾਰ ਨੇ ਕਹਿ ਦਿੱਤਾ, ਸਿੱਖਾਂ ਲਈ ਮੀਟ ਖਾਣਾ ਬਹੁਤ ਜ਼ਰੂਰੀ ਹੈ। ਵਿਵਾਦ ਹੋਣ ਕਰ ਕੇ ਇਸ ਗੱਲ ਨਾਲ ਤਕਰਾਰ ਹੋ ਗਿਆ ਜਿਸ ਨੂੰ ਸਰਦਾਰ ਨੇ ਪੂਰੇ ਠਰ੍ਹਮੇ ਨਾਲ ਸ਼ਾਂਤ ਕੀਤਾ।

ਇਹ ਗੱਲ ਸੁਣ ਕੇ ਮੇਰੀ ਸਮੱਸਿਆ ਹੱਲ ਹੋ ਗਈ। ਸਰਦਾਰ ਦੇ ਕੁਝ ਮੁਰੀਦ ਸਰਦਾਰ ਦੀ ਹੂ-ਬ-ਹੂ ਨਕਲ ਕਰਨ ਲਗਦੇ ਹਨ ਤਾਂ ਫਸ ਜਾਂਦੇ ਹਨ।

'ਸਾਚੀ ਸਾਖੀ' ਵਿਚਲੇ ਤੱਥ ਸੁੱਟ ਪਾਉਣ ਵਾਲੇ ਨਹੀਂ ਹਨ ਪਰ ਜਦੋਂ ਸਾਡਾ ਸਰਦਾਰ 1947 ਵੇਲੇ ਦੀ ਲੀਡਰਸ਼ਿਪ ਨੂੰ ਬੇਫਿਕਰ ਹੋ ਕੇ ਕਦੀ ਮੂਰਖ ਆਖਦਾ ਹੈ ਕਦੀ ਬੇਈਮਾਨ, ਉਦੋਂ ਕੁਝ ਅਜਿਹੇ ਸਵਾਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਜਿਨ੍ਹਾਂ ਦੇ ਜਵਾਬ ਲੱਭਣ ਵਿਚ ਮੁਸ਼ਕਿਲ ਆਉਂਦੀ ਹੈ। ਕਪੂਰ ਸਿੰਘ ਦਾ ਇਸ ਗੱਲੋਂ ਦੁਖੀ ਹੋਣਾ ਵਾਜਬ ਹੈ ਕਿ ਹਿੰਦੂਆਂ ਨੂੰ ਮਹਾਤਮਾ ਗਾਂਧੀ ਅਤੇ ਪੰਡਤ ਜਵਾਹਰ ਲਾਲ ਨਹਿਰੂ ਮਿਲੇ, ਮੁਸਲਮਾਨਾਂ ਨੂੰ ਮੁਹੰਮਦ ਅਲੀ ਜਿਨਾਹ ਮਿਲੇ ਜਿਹੜੇ ਵਲਾਇਤ ਤੋਂ ਪੜ੍ਹ ਕੇ ਆਏ ਸਨ, ਸੰਸਾਰ ਦੀ ਸਿਆਸਤ ਤੋਂ ਵਾਕਫ ਸਨ, ਆਪਣੇ ਹੱਕਾਂ ਪ੍ਰਤੀ ਜਾਗਰੂਕ ਸਨ। ਇਨ੍ਹਾਂ ਦੇ ਮੁਕਾਬਲੇ ਸਿੱਖਾਂ ਨੂੰ ਮਿਲਿਆ ਸਕੂਲ ਮਾਸਟਰ ਤਾਰਾ ਸਿੰਘ ਜੋ ਕਿਸੇ ਤਰ੍ਹਾਂ ਵੀ ਬਰਤਾਨਵੀ ਸਰਕਾਰ ਨਾਲ ਸੰਵਾਦ ਰਚਾਉਣ ਦੇ ਯੋਗ ਨਹੀਂ ਸੀ। ਇਸ ਪੱਖੋਂ ਸਰਦਾਰ, ਮਹਾਰਾਜਾ ਭੁਪਿੰਦਰ ਸਿੰਘ ਦੀ ਯੋਗਤਾ ਦਾ ਕਾਇਲ ਹੈ। ਉਨ੍ਹਾਂ ਦਿਨਾਂ ਵਿਚ ਸਿੱਖਾਂ ਦੀ ਰਾਜਨੀਤਕ ਅਗਵਾਈ ਕਰਨ ਵਾਸਤੇ ਜਿਨਾਹ ਅਤੇ ਗਾਂਧੀ ਦੇ ਮੁਕਾਬਲੇ ਕੋਈ ਕੱਦਾਵਰ ਨੇਤਾ ਕਪੂਰ ਸਿੰਘ ਬਣਦਾ ਹੈ। ਜਦੋਂ ਸੁਭਾਸ਼ ਚੰਦਰ ਬੋਸ ਵਰਗੇ ਜੁਆਨ ਆਈ. ਸੀ. ਐਸ. ਨੂੰ ਲੱਤ ਮਾਰ ਕੇ ਸਿਆਸਤ ਵਿਚ ਕੁੱਦ ਰਹੇ ਸਨ, ਉਦੋਂ ਸਾਡਾ ਸਰਦਾਰ ਡਿਪਟੀ ਕਮਿਸ਼ਨਰੀ ਦਾ ਅਨੰਦ ਲੈਂਦਾ ਜੀਵਨ ਦੇ ਸਭ ਸੁਖ ਭੋਗਦਾ ਰਿਹਾ। ਬਿਊਰੋਕਰੈਟ ਸਿਆਸਤਦਾਨਾਂ ਨਾਲ ਮੇਲ ਜੋਲ ਤਾਂ ਰੱਖਦੇ ਹਨ, ਪਰ ਕੁਝ ਪਰਦੇ ਨਾਲ। ਸਰਦਾਰ ਸ਼ਰੇਆਮ ਮਾਸਟਰ ਤਾਰਾ ਸਿੰਘ ਦਾ ਮੇਜ਼ਬਾਨ ਹੁੰਦਾ। ਕਾਂਗਰਸ ਦੀ ਪੂਰੀ ਮੁਖ਼ਾਲਫਤ ਕਰਦਾ, ਇਸੇ ਸਿਆਸੀ ਵਿਰੋਧ ਕਾਰਨ ਸਰਕਾਰ ਨੇ ਜ਼ਲੀਲ ਕਰ ਕੇ ਨੌਕਰੀ ਵਿਚੋਂ ਡਿਸਮਿਸ ਕੀਤਾ। ਜਿਸ ਜੁਡੀਸ਼ਰੀ ਨੂੰ ਸਿਰੇ ਦੀ ਭ੍ਰਿਸ਼ਟ ਦੱਸਦਾ ਹੈ, ਉਸੇ ਅੱਗੇ ਸੁਪਰੀਮ ਕੋਰਟ ਤੱਕ ਆਪਣੀ ਨੌਕਰੀ ਦੀ ਬਹਾਲੀ ਵਾਸਤੇ ਅਪੀਲ ਦਰ ਅਪੀਲ ਕਰਦਾ ਰਿਹਾ।

ਮਹਾਰਾਜਾ ਭੁਪਿੰਦਰ ਸਿੰਘ ਦੀ ਬੌਧਿਕ ਯੋਗਤਾ ਅਤੇ ਤਾਲੀਮ ਬਾਰੇ ਕੋਈ ਵਿਵਾਦ ਨਹੀਂ, ਉਹ ਖੁਦ ਵੀ ਪੰਥ ਦੀ ਵਾਗਡੋਰ ਸੰਭਾਲਣੀ ਚਾਹੁੰਦੇ ਸਨ ਜਿਸ ਵਾਸਤੇ ਉਨ੍ਹਾਂ ਨੇ ਸੇਵਾ ਸਿੰਘ ਠੀਕਰੀਵਾਲਾ ਦੀ ਜ਼ਿੰਮੇਵਾਰੀ ਲਾਈ। ਠੀਕਰੀਵਾਲਾ ਸਰਦਾਰ ਮਹਾਰਾਜੇ ਦਾ ਜਮਾਤੀ ਸੀ ਤੇ ਕਰਾਊਨ ਪ੍ਰਿੰਸ ਦੇ ਜਮਾਤੀ ਉਹੀ ਹੋਇਆ ਕਰਦੇ ਹਨ ਜਿਨ੍ਹਾਂ ਨੇ ਅਗਲੀ ਕੈਬਨਿਟ ਵਿਚ ਸ਼ਾਮਲ ਹੋਣਾ ਹੁੰਦਾ ਹੈ। ਸਰਕਾਰ ਵਿਚ ਸ਼ਾਮਲ ਹੋਣ ਪਿਛੋਂ ਠੀਕਰੀਵਾਲੇ ਨੇ ਮਹਾਰਾਜੇ ਨੂੰ ਆਪਣੇ ਪਿੰਡ ਵਿਚ ਸ਼ਾਨਦਾਰ ਦਾਅਵਤ ਦਿੱਤੀ ਜਿਸ ਵਾਸਤੇ ਕਰਾਕਰੀ ਇੰਗਲੈਂਡ ਵਿਚੋਂ ਖਰੀਦੀ ਤੇ ਪੇਂਟਿੰਗ ਪੈਰਿਸ ਵਿਚੋਂ ਕਰਵਾਈ ਗਈ। ਠੀਕਰੀਵਾਲਾ ਸਰਦਾਰ ਸੰਤੁਲਿਤ ਜੀਵਨ ਵਾਲਾ ਨੇਕ ਬਖਤ ਸਿੱਖ ਸੀ ਜਿਸ ਨੂੰ ਮਹਾਰਾਜੇ ਦੀ ਅੱਯਾਸ਼ੀ ਪਸੰਦ ਨਹੀਂ ਸੀ। ਉਹਨੂੰ ਕਿਹਾ ਜਾਂਦਾ ਕਿ ਮਾਸਟਰ ਤਾਰਾ ਸਿੰਘ ਵਰਗੇ ਲੀਡਰ ਦੀ ਥਾਂ ਸਿੱਖਾਂ ਨੂੰ ਸਮਝਾਓ ਕਿ ਅੰਗਰੇਜ਼ ਤੋਂ ਕੁਝ ਲੈਣਾ ਹੈ ਤਾਂ ਮੈਂ ਦਿਵਾ ਸਕਦਾ ਹਾਂ, ਪਰ ਠੀਕਰੀਵਾਲਾ ਟਾਲ-ਮਟੋਲ ਕਰਦਾ ਰਿਹਾ। ਪੰਥ ਨੇ ਅੰਮ੍ਰਿਤਸਰ ਭਾਰੀ ਕਾਨਫਰੰਸ ਸੱਦੀ ਤਾਂ ਮਹਾਰਾਜੇ ਨੇ ਬਾ-ਹੁਕਮ ਸੇਵਾ ਸਿੰਘ ਠੀਕਰੀਵਾਲਾ ਨੂੰ ਅੰਮ੍ਰਿਤਸਰ ਭੇਜਿਆ ਕਿ ਇਹ ਸਾਰਾ ਕੁਝ ਪੰਥ ਅੱਗੇ ਰੱਖੇ। ਠੀਕਰੀਵਾਲਾ ਨੇ ਬੋਲਣ ਦਾ ਸਮਾਂ ਮੰਗਿਆ, ਜੋ ਕਿਹਾ, ਉਸ ਦਾ ਸੰਖੇਪ ਮਤਲਬ ਇਹ ਹੈ-ਖਾਲਸਾ ਜੀ, ਮਹਾਰਾਜ ਪਟਿਆਲਾ ਨੇ ਮੇਰੀ ਡਿਊਟੀ ਲਾਈ ਹੈ ਕਿ ਮੈਂ ਤੁਹਾਨੂੰ ਸਮਝਾਵਾਂ, ਪੰਥ ਦੀ ਲੀਡਰਸ਼ਿਪ ਦੇ ਯੋਗ ਇਸ ਵਕਤ ਮਹਾਰਾਜਾ ਹਨ। ਮੈਂ ਤੁਹਾਨੂੰ ਸਮਝਾਉਣ ਦੇ ਸਮਰੱਥ ਨਹੀਂ ਹਾਂ, ਕਿਉਂਕਿ ਅਜੇ ਤਾਂ ਮੈਂ ਖੁਦ ਇਸ ਗੱਲ ਨਾਲ ਕਨਵਿੰਸ ਨਹੀਂ ਹੋਇਆ ਕਿ ਮਹਾਰਾਜਾ ਪੰਥ ਦੀ ਲੀਡਰਸ਼ਿਪ ਦੇ ਯੋਗ ਅਧਿਕਾਰੀ ਹਨ। ਕਿਉਂਕਿ ਉਨ੍ਹਾਂ ਦੇ ਹੁਕਮ ਦੀ ਤਾਮੀਲ ਨਹੀਂ ਹੋ ਸਕੀ, ਇਸ ਕਰ ਕੇ ਮੈਨੂੰ ਉਨ੍ਹਾਂ ਦੀ ਸਰਕਾਰ ਵਿਚ ਰਹਿਣ ਦਾ ਹੱਕ ਨਹੀਂ। ਇਥੋਂ ਪਟਿਆਲਾ ਸਰਕਾਰ ਵੱਲ ਆਪਣਾ ਅਸਤੀਫਾ ਭੇਜਦਿਆਂ ਹੋਇਆਂ ਅਰਜ਼ ਕਰਦਾ ਹਾਂ ਕਿ ਸੇਵਕ ਵਜੋਂ ਪੰਥ ਮੈਨੂੰ ਆਪਣੇ ਵਿਚ ਸ਼ਾਮਲ ਕਰੇ।

ਜੈਕਾਰਿਆਂ ਦੀ ਗੂੰਜ ਵਿਚ ਉਹਦਾ ਸਵਾਗਤ ਹੋਇਆ। ਮਹਾਰਾਜਾ ਪਟਿਆਲਾ ਦੇ ਹੁਕਮ ਅਨੁਸਾਰ ਸੇਵਾ ਸਿੰਘ ਖਿਲਾਫ ਠੀਕਰੀਵਾਲੇ ਠਾਣੇ ਵਿਚ ਚੋਰੀ ਕਰਨ ਦਾ ਮੁਕੱਦਮਾ ਦਰਜ ਹੋਇਆ। ਐਫ.ਆਈ.ਆਰ. ਅਨੁਸਾਰ ਠੀਕਰੀਵਾਲਾ ਪਿੰਡ ਦੇ ਸਾਂਝੇ ਖੂਹ ਉਪਰ ਪਿੱਤਲ ਦਾ ਗੜਵਾ ਮੁਸਾਫਰਾਂ ਦੇ ਪਾਣੀ ਪੀਣ ਲਈ ਰੱਖਿਆ ਹੋਇਆ ਸੀ, ਸੇਵਾ ਸਿੰਘ ਉਹਨੂੰ ਚੁਰਾ ਕੇ ਲੈ ਗਿਆ। ਪਟਿਆਲਾ ਜੇਲ੍ਹ ਵਿਚ ਉਸ ਉਪਰ ਹੱਤਕਪੂਰਨ ਹਿੰਸਾ ਕੀਤੀ ਗਈ ਜਿਸ ਵਿਰੁੱਧ ਅੰਨ ਛੱਡ ਦਿੱਤਾ। ਲੰਮੀ ਭੁੱਖ ਹੜਤਾਲ ਉਪਰੰਤ ਦੇਹਾਂਤ ਹੋਇਆ। ਸੈਂਟਰਲ ਜੇਲ੍ਹ ਪਟਿਆਲਾ ਦੇ ਜਿਸ ਅਹਾਤੇ ਵਿਚ ਉਨ੍ਹਾਂ ਨੂੰ ਬੰਦੀ ਰੱਖਿਆ ਗਿਆ ਸੀ, ਮੈਂ ਉਥੇ ਬੰਦੀ ਰਿਹਾ। ਇਸ ਨੂੰ ਹੁਣ ਵੀ.ਆਈ.ਪੀ. ਅਹਾਤਾ ਕਹਿੰਦੇ ਹਨ। ਇਸ ਵਿਚ ਸੇਵਾ ਸਿੰਘ ਠੀਕਰੀਵਾਲੇ ਦਾ ਬੁੱਤ ਲੱਗਿਆ ਹੋਇਆ ਹੈ।

ਜਿਵੇਂ ਮਾਝੇ ਦੁਆਬੇ ਵਿਚ ਸਿੰਘ ਸਭਾ ਸਰਗਰਮ ਸੀ, ਉਵੇਂ ਹੀ ਰਿਆਸਤੀ ਇਲਾਕਿਆਂ ਵਿਚ ਪਰਜਾ ਮੰਡਲ ਲਹਿਰ ਸੰਗਰਾਮ ਕਰ ਰਹੀ ਸੀ। ਪਰਜਾ ਮੰਡਲੀਏ ਅੰਮ੍ਰਿਤਧਾਰੀ ਨਿਤਨੇਮੀ ਸਿੰਘ ਸਨ। ਮੇਰੇ ਪਿੰਡ ਦੇ ਬਾਬਾ ਰਿੱਧਾ ਸਿੰਘ ਪੰਨੂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੀਤ ਪ੍ਰਧਾਨ ਸਨ। ਸਿਆਲਾਂ ਦੇ ਦਿਨੀਂ ਇਸ ਬਾਬੇ ਨੂੰ ਪਿੰਡ ਦੇ ਛੱਪੜ ਵਿਚ ਖਲ੍ਹਾਰ ਕੇ ਪਟਿਆਲਾ ਪੁਲਿਸ ਡੰਡੇ ਬਰਸਾਉਂਦੀ ਹੁੰਦੀ, ਪਿੰਡ ਦੇਖਦਾ ਹੁੰਦਾ। ਬਚਪਨ ਵਿਚ ਆਪਣੇ ਘਰ ਦੇ ਸਾਹਮਣੇ ਮੈਂ ਮਾਸਟਰ ਤਾਰਾ ਸਿੰਘ ਨੂੰ ਦੇਖਿਆ ਜੋ ਸ. ਰਿੱਧਾ ਸਿੰਘ ਦੀ ਖਬਰ ਸਾਰ ਲੈਣ ਆਏ ਸਨ। ਸੈਂਕੜੇ ਅਕਾਲੀਆਂ ਦੇ ਨਾਹਰੇ ਇਹੋ ਜਿਹੇ ਹੁੰਦੇ ਸਨ-ਪੰਥ ਪਿਆਰਾ ਪਹਿਲਾਂ ਹੈ, ਸਰਦਾਰ ਰਿੱਧਾ ਸਿੰਘ ਪਿਛੋਂ ਹੈ। ਮਤਲਬ ਕਿ ਦੋ ਚੀਜ਼ਾਂ ਪਿਆਰ ਕਰਨ ਯੋਗ ਹਨ, ਸਭ ਤੋਂ ਪਹਿਲਾਂ ਪੰਥ, ਉਸ ਪਿਛੋਂ ਜਿਸ ਦਾ ਨਾਮ ਲਿਆ ਜਾਂਦਾ, ਉਹ ਵਿਅਕਤੀ ਪਿਆਰਾ ਹੁੰਦਾ। ਸਿੱਖਾਂ ਨੇ ਮਹਾਰਾਜੇ ਨੂੰ ਰੱਦ ਕੀਤਾ।

ਮਾਸਟਰ ਤਾਰਾ ਸਿੰਘ ਦੇ ਵਕਤ ਤਰਨ ਤਾਰਨ ਤੇ ਮੋਗਾ, ਕੇਵਲ ਦੋ ਤਹਿਸੀਲਾਂ ਨੂੰ ਛੱਡ ਕੇ ਕਿਧਰੇ ਸਿੱਖਾਂ ਦੀ ਬਹੁ-ਗਿਣਤੀ ਨਹੀਂ ਸੀ। ਉਸ ਵਾਸਤੇ ਦੋਹਾਂ ਵਿਚੋਂ ਇਕ ਚੁਣਨ ਦੀ ਗੁੰਜਾਇਸ਼ ਬਚੀ-ਹਿੰਦੁਸਤਾਨ ਨਾਲ ਰਹਿਣੈ ਕਿ ਪਾਕਿਸਤਾਨ ਨਾਲ। ਉਹਨੇ ਜੋ ਚੋਣ ਕੀਤੀ, ਕਿਸੇ ਤਰ੍ਹਾਂ ਗਲਤ ਨਹੀਂ ਸੀ।

1977 ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸਰਦਾਰ ਦੀ ਕੋਠੀ ਆਏ, ਪੁੱਛਿਆ-ਮੋਰਾਰਜੀ ਦੇਸਾਈ ਨੇ ਗੁਜਰਾਤ ਵਿਚ ਸ਼ਰਾਬਬੰਦੀ ਕਰ ਦਿੱਤੀ ਹੈ, ਮੈਂ ਪੰਜਾਬ ਵਿਚ ਕਰ ਦਿਆਂ? ਸਰਦਾਰ ਨੇ ਕਿਹਾ-ਬਿਲਕੁਲ ਨਹੀਂ। ਸ਼ਰਾਬਬੰਦੀ ਸਦਕਾ ਪੰਜਾਬੀ ਸ਼ਰਾਬ ਪੀਣੀ ਨਹੀਂ ਛੱਡਣਗੇ। ਲਾਗਲੀਆਂ ਸਟੇਟਾਂ ਤੋਂ ਸਮਗਲ ਹੋਏਗੀ, ਖੇਤਾਂ ਵਿਚ ਭੱਠੀਆਂ ਲੱਗ ਜਾਣਗੀਆਂ। ਸਰਕਾਰ ਦੀ ਆਮਦਨ ਉਪਰ ਸੱਟ ਜ਼ਰੂਰ ਵੱਜੇਗੀ ਪਰ ਸ਼ਰਾਬਬੰਦੀ ਦਾ ਲਾਭ ਕੋਈ ਨਹੀਂ ਹੋਵੇਗਾ। ਉਚ ਇਖਲਾਕ ਦੇ ਬੰਦੇ, ਜਿਹੋ ਜਿਹੇ ਸਿੰਘ ਸਭੀਏ ਸਨ, ਕੋਈ ਪ੍ਰਚਾਰ ਮੁਹਿੰਮ ਨਾਲ ਸਮਝਾਉਣ ਵਿਚ ਕਾਮਯਾਬ ਹੋ ਜਾਣ ਤਾਂ ਸ਼ਰਾਬ ਛੱਡੀ ਜਾ ਸਕਦੀ ਹੈ। ਸਰਕਾਰੀ ਪਾਬੰਦੀਆਂ ਨਾਲ ਇਹ ਕੰਮ ਨਹੀਂ ਹੋ ਸਕਦਾ।

ਕਪੂਰ ਸਿੰਘ ਦੀ ਯੋਗਤਾ ਨਿਰਵਿਵਾਦ ਹੈ ਪਰ ਨਾ ਇਸ ਨੂੰ ਉਹ ਆਪਣੇ ਲਈ ਵਰਤ ਸਕਿਆ, ਨਾ ਪੰਥ ਲਈ। ਇਹੋ ਭਾਣਾ ਸਿਮਰਨਜੀਤ ਸਿੰਘ ਮਾਨ ਅਤੇ ਗੁਰਤੇਜ ਸਿੰਘ ਨਾਲ ਵਾਪਰਿਆ। ਪੰਥ ਨੇ ਇਨ੍ਹਾਂ ਨੂੰ ਰਿਕਾਰਡ ਤੋੜ ਵੋਟ ਅਤੇ ਮਾਨ ਸਨਮਾਨ ਦਿੱਤਾ ਜਿਸ ਨੂੰ ਇਹ ਬਰਕਰਾਰ ਨਾ ਰੱਖ ਸਕੇ। ਪੰਥ ਦਾ ਕੀ ਕਸੂਰ?

ਗੀਤ-ਸੰਗੀਤ

# ਪੰਜਾਬ ਦੀ ਕੋਇਲ ਸੁਰਿੰਦਰ ਕੌਰ

ਚੰਨ ਕਿੱਥਾਂ ਗੁਜ਼ਾਰੀ ਆਈ ਰਾਤ ਵੇ; ਲੱਠੇ ਦੀ ਚਾਦਰ ਉਤੇ ਸਲੇਟੀ ਰੰਗ ਮਾਹੀਆ; ਚੰਨ ਵੇ ਕਿ ਸ਼ੌਂਕਣ ਮੇਲੇ ਦੀ; ਗੋਰੀ ਦੀਆਂ ਝਾਂਜਰਾਂ ਬੁਲਾਉਂਦੀਆਂ ਗਈਆਂ; ਸੜਕੇ ਸੜਕੇ ਜਾਂਦੀਏ ਮੁਟਿਆਰੇ ਨੀ ਆਦਿ ਗੀਤ ਰਵਾਇਤੀ ਸਾਫ-ਸੁਥਰੀ ਪੰਜਾਬੀ ਗਾਇਕੀ ਦੇ ਪ੍ਰੇਮੀਆਂ ਦੇ ਕੰਨਾਂ ਵਿਚ ਹਮੇਸ਼ਾਂ ਗੂੰਜਦੇ ਰਹਿਣਗੇ। ਇਨ੍ਹਾਂ ਗੀਤਾਂ ਦੀ ਸੌਗਾਤ ਦੇਣ ਵਾਲੀ ਅਤੇ ਪੰਜਾਬੀ ਲੋਕ ਗਾਇਕੀ ਦੀ ਪਵਿੱਤਰਤਾ ਕਾਇਮ ਰੱਖਣ ਵਾਲੀ ਗਾਇਕਾ

ਵਾਸਦੇਵ ਸਿੰਘ ਪਰਹਾਰ
ਫੋਨ: 206-434-1155

ਸੁਰਿੰਦਰ ਕੌਰ ਦਾ ਜਨਮ ਅਣਵੰਡੇ ਪੰਜਾਬ ਦੀ ਰਾਜਧਾਨੀ ਲਾਹੌਰ ਵਿਚ 25 ਨਵੰਬਰ 1929 ਨੂੰ ਪਿਤਾ ਬਿਸ਼ਨ ਦਾਸ ਅਤੇ ਮਾਤਾ ਮਾਇਆ ਦੇਵੀ ਦੇ ਘਰ ਹੋਇਆ। ਉਹ ਪੰਜ ਭੈਣਾਂ ਸਨ। ਮਾਪਿਆਂ ਨੇ ਸਭ ਦੇ ਨਾਮ ਸਿੱਖਾਂ ਵਰਗੇ ਰੱਖੇ। ਸੁਰਿੰਦਰ ਆਪਣੀ ਵੱਡੀ ਭੈਣ ਪ੍ਰਕਾਸ਼ ਕੌਰ ਨਾਲ ਆਂਢ-ਗੁਆਂਢ ਜਾਂ ਰਿਸ਼ਤੇਦਾਰਾਂ ਦੇ ਘਰੀਂ ਵਿਆਹ-ਸ਼ਾਦੀ ਸਮਾਗਮਾਂ ਵਿਚ ਸੁਹਾਗ ਅਤੇ ਘੋੜੀਆਂ ਦੇ ਗੀਤ ਗਾਉਂਦੀ। ਬੱਸ, ਇਕ ਦਿਨ ਇਨ੍ਹਾਂ ਦੀ ਸੁਰੀਲੀ ਆਵਾਜ਼ ਲਾਹੌਰ ਰੇਡੀਓ ਸਟੇਸ਼ਨ ਤੱਕ ਪਹੁੰਚ ਗਈ।

ਅਗਸਤ 1943 ਵਿਚ ਪ੍ਰਕਾਸ਼ ਕੌਰ ਅਤੇ ਸੁਰਿੰਦਰ ਕੌਰ ਨੇ ਰੇਡੀਓ ਤੋਂ ਗੀਤ ਗਾਇਆ- 'ਮਾਵਾਂ ਤੇ ਧੀਆਂ ਰਲ ਬੈਠੀਆਂ ਨੀ ਮਾਏ, ਕੋਈ ਕਰਦੀਆਂ ਗੱਲੋੜੀਆਂ'। ਇਸ ਗੀਤ ਨੇ ਸਾਰੇ ਪੰਜਾਬ ਵਿਚ ਧੁੰਮਾਂ ਪਾ ਦਿੱਤੀਆਂ।

ਸੰਨ 1947 ਵਿਚ ਦੇਸ਼ ਵੰਡ ਤੋਂ ਬਾਅਦ ਇਨ੍ਹਾਂ ਦਾ ਪਰਿਵਾਰ ਦਿੱਲੀ ਆ ਗਿਆ ਅਤੇ ਮਾਪਿਆਂ ਨੇ ਸੁਰਿੰਦਰ ਕੌਰ ਦਾ ਵਿਆਹ ਜੋਗਿੰਦਰ ਸਿੰਘ ਸੋਢੀ ਨਾਲ ਕਰ ਦਿੱਤਾ। ਸੋਢੀ ਦਿੱਲੀ ਯੂਨੀਵਰਸਿਟੀ ਵਿਚ ਪੰਜਾਬੀ ਸਾਹਿਤ ਦੇ ਲੈਕਚਰਰ ਸਨ। ਉਧਰ, ਲਾਹੌਰ ਤੋਂ ਫਿਲਮ ਇੰਡਸਟਰੀ ਵੀ ਮੁੰਬਈ ਤਬਦੀਲ ਹੋ ਗਈ। ਸੰਗੀਤਕਾਰ ਗੁਲਾਮ ਹੈਦਰ, ਜੋ ਲਾਹੌਰ ਤੋਂ ਹੀ ਸੁਰਿੰਦਰ ਕੌਰ ਦੀ ਆਵਾਜ਼ ਦੇ ਪਾਰਖੂ ਸਨ, ਨੇ ਉਨ੍ਹਾਂ ਨੂੰ ਮੁੰਬਈ ਬੁਲਾ ਲਿਆ ਅਤੇ ਹਿੰਦੀ ਫਿਲਮ 'ਸ਼ਹੀਦ' ਦੇ ਗਾਣੇ 'ਬਦਨਾਮ ਨਾ ਹੋ ਜਾਏ ਮੁਹੱਬਤ ਕਾ ਫ਼ਸਾਨਾ', 'ਆਨਾ ਹੈ ਤੋ ਆ ਜਾਓ', 'ਤਕਦੀਰ ਕੀ ਆਂਧੀ' ਅਤੇ 'ਹਮ ਕਹਾਂ ਔਰ ਤੁਮ ਕਹਾਂ' ਰਿਕਾਰਡ ਕਰਵਾਏ।

1948 ਤੋਂ 1952 ਤੱਕ ਸੁਰਿੰਦਰ ਕੌਰ ਮੁੰਬਈ ਰਹੀ, ਫਿਰ ਉਹ ਦਿੱਲੀ ਵਾਪਸ ਆ ਗਈ। ਉਹਦੀ ਕਾਮਯਾਬੀ ਵਿਚ ਉਹਦੇ ਪਤੀ ਜੋਗਿੰਦਰ ਸਿੰਘ ਸੋਢੀ ਦਾ ਪੂਰਾ ਯੋਗਦਾਨ ਸੀ। ਉਹ ਹੀ ਉਸ ਦੇ ਗੀਤਾਂ ਦੀ ਚੋਣ ਕਰਦਾ। ਉਸ ਦੇ ਚੁਣੇ ਇਹ ਗੀਤ ਸੁਰਿੰਦਰ ਕੌਰ ਨੇ ਗਾਏ:

ਆਪਣੀ ਗਾਇਕੀ ਦੇ 60 ਸਾਲਾਂ ਦੇ ਕੈਰੀਅਰ ਵਿਚ ਸੁਰਿੰਦਰ ਕੌਰ ਨੇ ਬੁੱਲ੍ਹੇ ਸ਼ਾਹ, ਨੰਦ ਲਾਲ ਨੂਰਪੁਰੀ, ਅੰਮ੍ਰਿਤਾ ਪ੍ਰੀਤਮ, ਸ਼ਿਵ ਕੁਮਾਰ ਬਟਾਲਵੀ ਅਤੇ ਹੋਰ ਕਈ ਸ਼ਾਇਰਾਂ ਦੇ ਗੀਤ, ਕਾਫੀਆਂ ਅਤੇ ਗਜ਼ਲਾਂ ਗਾਈਆਂ। ਗੁਰੂ ਗੋਬਿੰਦ ਸਿੰਘ ਅਤੇ ਸਾਹਿਬਜ਼ਾਦਿਆਂ ਬਾਰੇ ਨੂਰਪੁਰੀ ਦੇ ਦਰਦ ਭਰੇ ਗੀਤ ਗਾ ਕੇ ਸੁਰਿੰਦਰ ਕੌਰ ਨੇ ਸਿੱਖ ਜਗਤ ਵਿਚ ਆਪਣਾ ਵੱਖਰਾ ਨਾਂ ਪੈਦਾ ਕੀਤਾ। ਪੰਜਾਬੀ ਗਾਇਕੀ ਨਾਲ ਪਿਆਰ ਰਖਣ ਵਾਲੇ ਕਿਸ ਪੰਜਾਬੀ ਨੇ ਦਸ਼ਮੇਸ਼ ਪਿਤਾ ਅਤੇ ਉਨ੍ਹਾਂ ਦੇ ਸਾਹਿਬਜ਼ਾਦਿਆਂ ਬਾਰੇ ਉਸ ਦੇ ਇਹ ਗੀਤ ਨਹੀਂ ਸੁਣੇ ਹੋਣਗੇ:

ਮਾਛੀਵਾੜੇ ਵਿਚ ਬੈਠਾ ਸ਼ਹਿਨਸ਼ਾਹ ਜਹਾਨ ਦਾ,
ਹੱਥ ਵਿਚ ਖੰਡਾ ਪਿਛੇ ਵਾਸਣਾ ਕਮਾਨ ਦਾ।

---

ਕਿਥੇ ਮਾਤਾ ਤੋਰਿਆ ਏ ਅਜੀਤ ਤੇ ਜੁਝਾਰ ਨੂੰ,
ਵਿਹੜੇ ਦੀਆਂ ਰੌਣਕਾਂ ਤੇ ਮਹਿਲਾਂ ਦੀ ਬਹਾਰ ਨੂੰ।

---

ਚੁੰਮ ਚੁੰਮ ਰੱਖੋ ਨੀ ਇਹ ਕਲਗੀ ਜੁਝਾਰ ਦੀ,
ਫੁੱਲਾਂ ਨਾਲ ਗੁੰਦੋ ਲੜੀ ਹੀਰਿਆਂ ਦੇ ਹਾਰ ਦੀ।

ਆਸਾ ਸਿੰਘ ਮਸਤਾਨਾ, ਹਰਚਰਨ ਗਰੇਵਾਲ, ਦੀਦਾਰ ਸੰਧੂ, ਰੰਗੀਲਾ ਜੱਟ, ਮੁਹੰਮਦ ਸਦੀਕ ਅਤੇ ਵਿਦਿਆ ਨਾਥ ਸੇਠ ਨਾਲ ਗਾਏ ਦੋ-



ਗਾਣੇ ਆਪਣੇ ਸਮੇਂ ਸਿਖਰ 'ਤੇ ਸਨ। ਸੰਨ 1948 ਤੋਂ ਬਾਅਦ ਆਲ ਇੰਡੀਆ ਰੇਡੀਓ ਜਲੰਧਰ ਤੋਂ ਐਤਵਾਰ ਸ਼ਾਮ ਨੂੰ ਦਿਹਾਤੀ ਪ੍ਰੋਗਰਾਮ ਵਿਚ ਲੋਕਾਂ ਦੀ ਫਰਮਾਇਸ਼ 'ਤੇ ਅੱਧਾ ਕੁ ਘੰਟਾ ਕੇਵਲ ਲੋਕ ਗੀਤ ਹੀ ਸੁਣਾਏ ਜਾਂਦੇ ਸਨ ਜਿਸ ਵਿਚ ਹਰ ਹਫਤੇ ਵਾਰ-ਵਾਰ ਸੁਰਿੰਦਰ ਕੌਰ ਅਤੇ ਪ੍ਰਕਾਸ਼ ਕੌਰ ਦੇ ਗਾਣਿਆਂ ਦੀ ਫਰਮਾਇਸ਼ ਲੋਕਾਂ ਵੱਲੋਂ ਕੀਤੀ ਜਾਂਦੀ। ਕੁਝ ਖਾਸ ਗਾਣਿਆਂ ਦੇ ਬੋਲ ਹਨ:

ਜੇ ਮੁੰਡਿਆਂ ਸਾਡੀ ਤੋਰ ਤੂੰ ਵੇਖਣੀ,
ਗੜਵਾ ਲੈ ਦੇ ਚਾਂਦੀ ਦਾ।

ਬੋਤਾ ਹੌਲੀ ਤੋਰ ਮਿੱਤਰਾ,
ਵੇ ਮੇਰਾ ਨਰਮ ਕਾਲਜਾ ਧੜਕੇ।

ਜੁੱਤੀ ਕਸੂਰੀ ਪੈਰੀਂ ਨਾ ਪੂਰੀ,
ਹਾਏ ਰੱਬਾ ਵੇ ਸਾਨੂੰ ਟੁਰਨਾ ਪਿਆ।

ਕੁੱਟ ਕੁੱਟ ਬਾਜਰਾ ਮੈਂ ਕੋਠੇ ਉਤੇ ਪਾਨੀ ਆਂ।

ਕਾਲਾ ਡੋਰੀਆ ਕੁੰਡੇ ਨਾਲ ਅੜਿਆ ਈ ਓਏ,
ਛੋਟਾ ਦੇਵਰਾ ਭਾਬੀ ਨਾਲ ਲੜਿਆ ਈ ਓ।

ਸੂਈ ਵੇ ਸੂਈ ਟੰਗੀ ਪੜਛੱਤੀ,
ਤੇਰੀ ਮਾਂ ਬੜੀ ਕੁਪੱਤੀ, ਬਾਲਮਾ ਸੂਈ ਵੇ।

ਨੀ ਮੈਂ ਕੱਤਾਂ ਪ੍ਰੀਤਾਂ ਨਾਲ ਚਰਖਾ ਚੰਨਣ ਦਾ।

ਸੂਹੇ ਵੇ ਚੀਰੇ ਵਾਲਿਆ ਮੈਂ ਕਹਿਨੀ ਆਂ,
ਕਰ ਛਤਰੀ ਦੀ ਛਾਂ ਮੈਂ ਛਾਂਵੇਂ ਬਹਿਨੀ ਆਂ।

ਸੰਨ 1980 ਦੇ ਲਾਗੇ ਸੁਰਿੰਦਰ ਕੌਰ ਨੇ ਬੜਾ ਧਮਾਕੇਦਾਰ ਗੀਤ ਪੇਸ਼ ਕੀਤਾ: ਘੁੰਡ ਚੁੱਕ ਕੇ ਜਦ ਕਿੱਕਲੀ ਮੈਂ ਪਾਈ ਰਾਤ ਨੂੰ, ਵੇ ਅੱਗ ਪਾਣੀਆਂ 'ਚ ਹਾਣੀਆਂ ਮੈਂ ਲਾਈ ਰਾਤ ਨੂੰ। ਉਸ ਨੇ ਤਕਰੀਬਨ 2000 ਗਾਣੇ ਰਿਕਾਰਡ ਕਰਾਏ।

ਇੰਡੀਅਨ ਪੀਪਲਜ਼ ਥਿਏਟਰ ਐਸੋਸੀਏਸ਼ਨ (ਇਪਟਾ) ਜੋ ਭਾਰਤੀ ਕਮਿਊਨਿਸਟ ਪਾਰਟੀ ਦੀ ਦੇਖ-ਰੇਖ ਵਿਚ ਚਲਦਾ ਸੀ, ਨਾਲ ਮਿਲ ਕੇ ਸੁਰਿੰਦਰ ਕੌਰ ਬੇਆਰਾਮੀ ਝੱਲ ਕੇ ਵੀ ਛੋਟੇ-ਛੋਟੇ ਪਿੰਡਾਂ ਵਿਚ ਪ੍ਰੋਗਰਾਮਾਂ 'ਤੇ ਜਾਂਦੀ ਰਹੀ। ਉਸ ਦਾ ਨਾਂ ਹੀ ਭੀੜ ਇਕੱਠੀ ਕਰਨ ਲਈ ਕਾਫੀ ਸੀ। 1976 ਵਿਚ ਪਤੀ ਜੋਗਿੰਦਰ ਸਿੰਘ ਸੋਢੀ ਦੀ ਮੌਤ ਨੇ ਸੁਰਿੰਦਰ ਕੌਰ ਨੂੰ ਬਹੁਤ ਕਮਜ਼ੋਰ ਕਰ ਦਿੱਤਾ।

ਸੁਰਿੰਦਰ ਕੌਰ ਨੂੰ ਪੰਜਾਬੀ ਸਾਹਿਤ ਵਿਚ ਪੂਰੀ ਦਿਲਚਸਪੀ ਸੀ। ਉਹਦੀ ਆਪਣੀ ਲਾਇਬ੍ਰੇਰੀ ਵਿਚ ਭਾਈ ਕਾਹਨ ਸਿੰਘ ਨਾਭਾ ਦੇ ਮਹਾਨ ਕੋਸ਼ ਤੋਂ ਇਲਾਵਾ ਅੰਮ੍ਰਿਤਾ ਪ੍ਰੀਤਮ, ਦੀਵਾਨ ਸਿੰਘ ਕਾਲੇ ਪਾਣੀ, ਸ਼ਿਵ ਕੁਮਾਰ ਤੇ ਸੁਰਜੀਤ ਪਾਤਰ ਦੀਆਂ ਕਿਤਾਬਾਂ ਮੌਜੂਦ ਸਨ। ਵਿਹਲੇ ਸਮੇਂ ਉਹ ਕੁਝ ਨਾ ਕੁਝ ਪੜ੍ਹਦੀ ਰਹਿੰਦੀ। ਉਹ ਪੰਚਕੂਲਾ ਵਿਖੇ ਆਪਣੀ ਬੇਟੀ ਡੌਲੀ ਗੁਲੇਰੀਆ ਨਾਲ ਰਹਿੰਦੀ ਰਹੀ।

ਸੁਰਿੰਦਰ ਕੌਰ ਨੂੰ ਆਪਣੀ ਗਾਇਕੀ ਦੇ ਬਲ ਬਹੁਤ ਸਾਰੇ ਮਾਣ-ਸਨਮਾਨ ਮਿਲੇ। ਸੰਨ 2002 ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਨੇ ਉਸ ਨੂੰ ਡਾਕਟਰੇਟ ਦੀ ਆਨਰੇਰੀ ਡਿਗਰੀ ਦਿੱਤੀ। ਭਾਰਤੀ ਸੰਗੀਤ ਤੇ ਨਾਟਕ ਅਕੈਡਮੀ ਨੇ ਉਸ ਦਾ ਪੰਜਾਬੀ ਲੋਕ ਸੰਗੀਤ ਲਈ ਸਨਮਾਨ ਕੀਤਾ। ਸੰਨ 2006 ਵਿਚ ਉਸ ਨੂੰ ਪਦਮਸ੍ਰੀ ਐਵਾਰਡ ਮਿਲਿਆ ਜਿਸ ਬਾਰੇ ਖਾਸ ਗੱਲ ਨੋਟ ਕਰਨ ਵਾਲੀ ਹੈ ਕਿ ਇਸ ਐਵਾਰਡ ਲਈ ਉਸ ਦਾ ਨਾਂ ਪੰਜਾਬ ਸਰਕਾਰ ਨੇ ਨਹੀਂ, ਬਲਕਿ ਹਰਿਆਣਾ ਸਰਕਾਰ ਨੇ ਭੇਜਿਆ ਸੀ।

ਮਈ 1993 ਤੋਂ ਅਕਤੂਬਰ ਤੱਕ ਉਹ ਨਿਊ ਜਰਸੀ (ਅਮਰੀਕਾ) ਵਿਚ ਆਪਣੀ ਬੇਟੀ ਪਾਸ ਰਹੀ। ਨਿਊ ਜਰਸੀ ਅਤੇ ਸ਼ਿਕਾਗੋ ਵਿਖੇ ਪੰਜਾਬੀ ਭਾਈਚਾਰੇ ਨੇ ਉਸ ਦਾ ਸ਼ਾਨਦਾਰ ਢੰਗ ਨਾਲ ਸਨਮਾਨ ਕੀਤਾ। 15 ਜੂਨ 2006 ਨੂੰ ਨਿਊ ਜਰਸੀ ਦੇ ਇਕ ਹਸਪਤਾਲ ਵਿਚ ਉਹ ਇਸ ਜਗਤ ਨੂੰ ਅਲਵਿਦਾ ਕਹਿ ਗਈ ਅਤੇ ਸਾਡੇ ਲਈ ਰਵਾਇਤੀ ਗਾਇਕੀ ਦਾ ਅਜਿਹਾ ਖਜ਼ਾਨਾ ਛੱਡ ਗਈ ਜੋ ਸਾਨੂੰ ਮੌਜੂਦਾ ਸਮੇਂ ਦੀ ਮਤਲਬਹੀਣ ਗਾਇਕੀ ਦੀ ਹਵਾੜ ਤੋਂ ਬਚਾ ਸਕਦਾ ਹੈ।

ਵਿਅੰਗ

# ਹੁਣ ਮੈਂ ਹਿਟ ਗੀਤਕਾਰ/ਗਾਇਕ ਬਣਾਂਗਾ

ਕਹਿੰਦੇ ਨਹੀਂ ਹੁੰਦੇ ਕਿ ਜ਼ਿੰਦਗੀ 'ਚ ਜੇ ਤੁਹਾਨੂੰ ਇਕ ਵੀ ਚੱਜ ਦਾ ਇਨਸਾਨ ਮਿਲ ਜਾਵੇ ਤਾਂ ਜ਼ਿੰਦਗੀ ਤਰ ਜਾਂਦੀ ਹੈ ਤੇ ਜੇ ਮਾੜਾ ਮਿਲ ਜਾਵੇ ਤਾਂ...ਚਲੋ...ਆਪਾਂ ਮਾੜੇ ਪਾਸੇ ਬਾਰੇ ਕੀ ਸੋਚਣਾ। ਦੇਖੋ ਜੀ ਆਪਾਂ ਨੂੰ ਤਾਂ ਚੱਜ ਦਾ ਇਨਸਾਨ ਮਿਲ ਗਿਆ। ਕੁਝ ਕੁ ਮਹੀਨਿਆਂ 'ਚ ਹੁਣ ਮੈਂ ਹਿਟ ਗੀਤਕਾਰ/ਗਾਇਕ ਵਜੋਂ ਤੁਹਾਡੇ ਰੂਬਰੂ ਹੋਵਾਂਗਾ। ਤੁਸੀਂ ਪੁੱਛੋਗੇ ਕਿ ਤੇਰੇ ਕੋਲ ਇਹੋ ਜਿਹੀ ਕਿਹੜੀ ਗਿੱਦੜਸਿੰਗੀ ਆ ਗਈ ਕਿ...। ਬਸ ਆਹੀ ਤਾਂ ਗੱਲ ਹੈ ਜੋ ਮੈਂ ਖੁਸ਼ੀ 'ਚ ਫੁੱਲਿਆ ਤੁਹਾਡੇ ਨਾਲ ਸਾਂਝੀ ਕਰਨ ਲੱਗਾਂ। ਤੁਹਾਡੇ ਘਰਾਂ 'ਚ, ਛੱਤਾਂ-ਬਨੇਰਿਆਂ 'ਤੇ, ਵਿਆਹਾਂ-ਸ਼ਾਦੀਆਂ



ਕਮਲਜੀਤ ਨੀਲੋਂ

'ਤੇ, ਖਾਸ ਕਰਕੇ ਬੱਸਾਂ 'ਚ ਚਲਦੇ ਗੀਤਾਂ ਦੇ ਆਖਰੀ ਪੈਰੇ 'ਚ ਮੇਰਾ ਨਾਂ (ਬਚਿੱਤਰ ਅਣਖੀ) ਸੁਣਨ ਨੂੰ ਮਿਲਿਆ ਕਰੇਗਾ। ਜਿਵੇਂ,

'ਅਣਖੀ' ਨੇ ਸਿੱਖ ਲਿਆ ਜੀਣਾ ਬੱਲੀਏ,
ਸਬਰਾਂ ਦੇ ਘੁੱਟ ਨਿੱਤ ਪੀਣਾ ਬੱਲੀਏ।
ਹੋ ਸਕਦੈ ਗੀਤ ਦੇ ਮੁਖੜੇ 'ਚ ਹੀ ਮੇਰਾ ਨਾਂ ਹੋਇਆ ਕਰੇ,
ਬੱਲੇ ਉਹ ਬਚਿੱਤਰਾ ਕਮਾਲ ਬੱਲੇ ਬੱਲੇ,
ਲੰਡਨੋਂ ਲਿਆਇਆ ਮੇਮ ਨਾਲ ਬੱਲੇ ਬੱਲੇ।
ਚਿੱਟੀ ਚਿੱਟੀ ਹਾਏ ਓ ਰੱਬਾ ਦੁੱਧ ਵਰਗੀ,
ਕਰੇ ਸਭਨਾਂ ਦਾ ਬੁਰਾ ਹਾਲ ਬੱਲੇ-ਬੱਲੇ।

ਸ਼ੁਕਰ ਕਰੋ ਕਿ ਕਰਮ ਚੰਗੇ ਸੀ ਕਿ ਇਕ ਉਸਤਾਦ ਗੀਤਕਾਰ ਮਿਲ ਗਿਆ, ਨਹੀਂ ਤਾਂ ਜ਼ਿੰਦਗੀ ਅਜਾਈਂ ਹੀ ਜਾਣੀ ਸੀ। ਕਾਫੀ ਦੇਰ ਤੋਂ ਮੇਰੀ ਮਾਰਕੀਟ ਠੰਢੀ ਹੀ ਜਾ ਰਹੀ ਸੀ। ਪੌਪ ਗਾਇਕੀ ਦਾ ਬੋਲਬਾਲਾ ਹੋ ਗਿਆ ਸੀ। ਮੈਂ ਕੀ ਕਰਦਾ? ਅਖੀਰ ਹੰਭੇ-ਹਾਰੇ ਨੇ ਉਸਤਾਦ ਜੀ (ਉਸਤਾਦ ਗੀਤਕਾਰ) ਦਾ ਦਰਵਾਜ਼ਾ ਜਾ ਖੜਕਾਇਆ। ਇਕੱਲੇ ਹੀ ਬੈਠੇ ਘੁੱਟ ਲਾ ਰਹੇ ਸੀ। ਕੋਲ ਪੈਨ ਤੇ ਕਾਗਜ਼ ਸੀ। ਮੈਂ ਜਾ ਕੇ ਅਰਜ਼ ਕੀਤੀ ਕਿ ਮੇਰੇ ਰੋਗ (ਮਾਰਕਿਟ) ਦਾ ਉਪਾਅ ਕਰੋ। ਉਹ ਮੈਨੂੰ ਸੁਣ ਕੇ ਅੱਗ ਬਗੋਲੇ ਹੋ ਉਠੇ, "ਦੁਸ਼ਟਾ ਭੱਜ ਜਾਹ ਇਥੋਂ।"

ਮੈਂ ਕਿਹਾ ਉਸਤਾਦ (ਬਾਬਾ) ਜੀ ਮੈਂ ਤਾਂ ਚਰਨੀਂ ਆ ਪਿਆਂ, ਹੁਣ ਭਾਵੇਂ ਮਾਰ ਦੇਵੋ, ਭਾਵੇਂ ਰੱਖ ਲਓ। ਉਹ ਕੁਝ ਨਰਮ ਹੋਏ ਤੇ ਬੋਲੇ, "ਬੇਵਕੂਫ ਜੇ ਪਹਿਲਾਂ ਹੀ ਆਤਮ ਸਮਰਪਣ ਕੀਤਾ ਹੁੰਦਾ ਤਾਂ ਅੱਜ ਤਕ ਸਾਈਕਲ 'ਤੇ ਧੱਕੇ ਖਾਂਦਾ ਨਾ ਫਿਰਦਾ। ਟੁੱਟੇ ਜਿਹੇ ਮਕਾਨ 'ਚ ਨਾ ਰਹਿੰਦਾ। ਤੇਰੇ ਗੁੱਟ ਸੁੰਨੇ-ਸੁੰਨੇ ਨਾ ਹੁੰਦੇ। ਤੇਰਾ ਗਲ ਬੀਆਬਾਨ ਨਾ ਹੁੰਦਾ...ਤੇਰੀ ਬੈਂਕ ਵਾਲੀ ਕਾਪੀ ਬਾਂ-ਬਾਂ ਨਾ ਕਰਦੀ।"

"ਉਸਤਾਦ ਜੀ ਜੇ ਸਵੇਰ ਦਾ ਭੁੱਲਿਆ ਸ਼ਾਮ ਨੂੰ ਘਰ ਆ ਜਾਵੇ, ਉਸ ਨੂੰ ਭੁੱਲਿਆ ਨ ਜਾਣੀਏ," ਮੇਰੇ ਮੂੰਹੋਂ ਹਲੀਮੀ ਨਾਲ ਆਪੇ ਹੀ ਨਿਕਲ ਗਿਆ।

"ਮੂਰਖ ਹੁਣ ਸ਼ਾਮ ਨਹੀਂ, ਰਾਤ ਦੇ ਅੱਠ ਵੱਜ ਚੁੱਕੇ ਨੇ। ਸ਼ਾਮ ਤਾਂ ਕਦੋਂ ਦੀ ਲੰਘ ਚੁੱਕੀ ਆ। ਚਾਰ ਘੰਟੇ ਬਾਅਦ ਨਵਾਂ ਦਿਨ ਸ਼ੁਰੂ ਹੋ ਜਾਣਾ। ਮੈਂ ਚਾਰ ਘੰਟਿਆਂ 'ਚ ਤੈਨੂੰ ਕੀ ਘੋਲ ਕੇ ਪਿਲਾ ਦਿਆਂ।"

"ਕੋਈ ਚਾਰਾ ਕਰੋ ਉਸਤਾਦ ਜੀ, ਦਰ 'ਤੇ ਆਏ ਨੂੰ ਖਾਲੀ ਨਾ ਮੋੜੋ।" ਮੈਂ ਤਰਲਾ ਕੀਤਾ।

"ਜੋ ਮੈਂ ਕਹੂੰਗਾ ਕਰੇਂਗਾ?"

"ਹਾਂ ਉਸਤਾਦ ਜੀ, ਕਿਉਂ ਨਹੀਂ ਕਰੂੰਗਾ।"

"ਸੋਚ ਲੈ!"

"ਹਾਂ ਜੀ ਸੋਚ ਲਿਆ।"

"ਕਲਮ 'ਤੇ ਹੱਥ ਧਰ ਕੇ ਸਹੁੰ ਖਾ।"

ਮੈਂ ਕਲਮ 'ਤੇ ਹੱਥ ਧਰ ਲਿਆ ਤੇ ਕਿਹਾ, "ਮੈਂ ਕਸਮ ਖਾ ਕੇ ਕਹਿੰਦਾ ਹਾਂ ਕਿ ਜੋ ਉਸਤਾਦ ਜੀ ਕਹਿਣਗੇ, ਮੈਂ ਸਿਰਫ ਉਹ ਹੀ ਤੇ ਸਿਰਫ ਉਹ ਹੀ ਕਰੂੰਗਾ। ਉਸ ਤੋਂ ਬਿਨਾਂ ਕੁਝ ਨਹੀਂ ਕਰੂੰਗਾ।"

ਹੁਣ ਉਸਤਾਦ ਜੀ ਗੰਭੀਰ ਅਵਸਥਾ 'ਚ ਪਹੁੰਚ ਗਏ। ਗਹਿਰੀ ਜਿਹੀ ਆਵਾਜ਼ 'ਚ ਕਹਿਣ ਲੱਗੇ, "ਪਹਿਲੀ ਗੱਲ ਤਾਂ ਇਹ ਮੰਨ ਕਿ ਜੋ ਪਹਿਲਾਂ ਬਚਿੱਤਰ ਸਿੰਘ ਸੀ, ਉਹ ਮਰ ਗਿਆ, ਅੱਜ ਨਵੇਂ ਬਚਿੱਤਰ ਸਿੰਘ ਦਾ ਸਥਾਪਨਾ ਦਿਵਸ ਹੈ।" ਇਹ ਗੱਲ ਸੰਘ 'ਚੋਂ ਨਾ ਲੰਘੀ ਤਾਂ ਉਹ ਮੇਰੇ ਚਿਹਰੇ ਵੱਲ ਦੇਖ ਕੇ ਕਹਿਣ ਲੱਗੇ, "ਸੋਚ ਲੈ, ਤੂੰ ਕਸਮ ਖਾਧੀ ਸੀ।" ਫੇਰ ਉਹ ਬੋਲੇ, "ਕੀ ਨੈਤਿਕਤਾ-ਨੁਤਿਕਤਾ ਜਿਹੀ ਲਈ ਫਿਰਦੈਂ? ਤੇਰੀ ਇਸ ਨੈਤਿਕਤਾ ਨੂੰ ਕਿਹੜਾ ਪੁੱਛਦੈ? ਬੜੀ ਸਾਫ-ਸੁਥਰੀ ਗਾਇਕੀ/ਗੀਤਕਾਰੀ ਲਈ ਫਿਰਦੈਂ! ਕੋਈ ਕੰਪਨੀ ਤੈਨੂੰ ਰਿਕਾਰਡ ਕਰਨ ਲਈ ਤਿਆਰ ਹੈ?"

"ਮੈਂ ਕੀ ਕਰਾਂ?" ਮੈਂ ਉਸਤਾਦ ਜੀ ਅੱਗੇ ਲਿਲਕ ਪਿਆ।

"ਭੁੱਲ ਜਾ ਕਿ ਨੈਤਿਕਤਾ ਵੀ ਕੋਈ ਚੀਜ਼ ਹੁੰਦੀ ਆ। ਜਦੋਂ ਤੇਰੇ ਕੋਲ ਸ਼ਹਿਰ 'ਚ ਦੋ-ਤਿੰਨ ਕੋਠੀਆਂ ਹੋ ਗਈਆਂ, ਪੰਜ-ਸੱਤ ਪਲਾਟ ਹੋ ਗਏ, ਲੰਬੀ ਕਾਰ ਤੇਰੇ ਹੇਠਾਂ ਆ ਗਈ, ਗੁੱਟਾਂ 'ਤੇ ਸੋਨਾ ਚੜ੍ਹ ਗਿਆ, ਚੇਨੀਆਂ ਤੇਰੇ ਗਲੇ 'ਚ ਲਹਿਰਾਉਣ ਲੱਗ ਪਈਆਂ, ਜੇਬ ਭਾਰੀ ਲੱਗਣ ਲੱਗ ਪਈ ਤਾਂ ਤੇਰੀ ਅਨੈਤਿਕਤਾ ਵੀ ਨੈਤਿਕਤਾ 'ਚ ਬਦਲ ਜਾਣੀ ਆ। ਲੋਕਾਂ ਨੇ ਐਂ ਕਹਿਣਾ ਬਈ ਜਿਵੇਂ ਬਚਿੱਤਰ ਸਿੰਘ ਕਹਿ ਰਿਹਾ, ਅਸਲ ਨੈਤਿਕਤਾ ਤਾਂ ਉਹ ਹੀ ਆ। ਭੁੱਲ ਜਾ ਉਹ ਸਭ ਕੁਝ।"

"ਸਮਝੋ ਮੈਂ ਭੁੱਲ ਗਿਆ ਉਸਤਾਦ ਜੀ," ਮੈਂ ਸਿਰ ਨਿਵਾਉਂਦੇ ਨੇ ਕਿਹਾ।

"ਕੀ ਐਵੇਂ ਪਾਗਲਾਂ ਵਾਂਗੂੰ ਧੀਆਂ-ਭੈਣਾਂ ਦੇ ਗੀਤ ਗਾਉਣੇ ਸ਼ੁਰੂ ਕਰ ਦਿੰਨੈ। ਕਦੇ ਸਟੇਜ 'ਤੇ ਮਾਂ ਦੀ ਪੂਜਾ ਕਰਨ ਲੱਗ ਪੈਨਾਂ। ਮੇਰੇ ਤਿੰਨ ਸਵਾਲਾਂ ਦਾ ਜਵਾਬ ਦੇਹ? ਧੀਆਂ ਨੇ ਤੇਰੇ ਹੱਥਾਂ 'ਚ ਨੀਲੇ ਨੋਟ ਫੜਾ ਦੇਣੇ ਨੇ? ਭੈਣਾਂ ਨੇ ਗਰਾਂਟਾਂ ਦੇ ਦੇਣੀਆਂ ਨੇ? ਨਾਲੇ ਮਾਂ ਨੇ ਜਿਹੜਾ ਦੁੱਧ ਚੁੰਘਾਉਣਾ ਸੀ, ਚੁੰਘਾ'ਤਾ, ਹੁਣ ਉਹਦੇ ਕੋਲੋਂ ਕੀ ਭਾਲਦੈਂ? ਰਿਸ਼ਤਿਆਂ ਨੂੰ ਅੰਬ ਵਾਂਗੂੰ ਚੂਪ ਕੇ ਸੁੱਟਣ ਦੀ ਕਲਾ ਸਿੱਖ।

ਇਕ ਥਾਂ 'ਤੇ ਤੂੰ ਸਟੇਜ 'ਤੇ ਖੜ੍ਹਾ ਸਾਜ਼ਾਂ ਨਾਲ ਬਕਵਾਸ ਕਰ ਰਿਹਾ ਸੀ ਕਿ ਵੱਡੀ ਭਾਬੀ ਮਾਂ



ਵਰਗੀ ਹੁੰਦੀ ਏ ਤੇ ਛੋਟੀ ਧੀਆਂ ਵਰਗੀ ਤੇ ਬਰਾਬਰ ਦੀ ਭੈਣਾਂ ਵਰਗੀ। ਜੇ ਇਹੋ ਜਿਹੀ ਗੁਸਤਾਖੀ ਮੁੜ ਕੇ ਸਟੇਜ 'ਤੇ ਕੀਤੀ ਤਾਂ ਜਾਣਦਾ ਰਹੀਂ। ਜਦੋਂ ਤੂੰ ਸਟੇਜ 'ਤੇ ਉਹ ਗੀਤ ਗਾ ਰਿਹਾ ਸੀ ਤਾਂ ਇਕ ਵਾਰੀ ਤਾਂ ਮੇਰਾ ਜੀ ਕੀਤਾ ਸੀ ਕਿ ਛਿੱਤਰ ਖੋਲ੍ਹ ਕੇ ਤੇਰੀ...ਪਰ ਮੈਂ ਸੰਭਲ ਗਿਆ। ਯਾਦ ਕਰ ਤੂੰ ਇਹ ਸ਼ਬਦ ਕਿੱਥੇ ਕਹਿ ਰਿਹਾ ਸੀ ਕਿ ਪਿੰਡ ਦੀ ਧੀ-ਭੈਣ ਸਭ ਦੀ ਸਾਂਝੀ ਹੁੰਦੀ ਏ ਤੇ ਗੁਆਂਢੀਆਂ ਨਾਲ ਸਾਡਾ ਰਿਸ਼ਤਾ ਅਪਣੱਤ ਦਾ ਹੁੰਦਾ ਹੈ? ਸਾਲਾ ਬਣਿਆ ਅਪਣੱਤ ਦਾ...।"

"ਹਜ਼ੂਰ ਮੈਂ ਆਪਣੀਆਂ ਗਲਤੀਆਂ ਲਈ ਮੁਆਫੀ ਮੰਗਦਾਂ," ਮੈਂ ਹਲੀਮੀ ਨਾਲ ਕਿਹਾ।

"ਮਾਫੀ ਮੰਗ ਲਈ ਤਾਂ ਕੁਝ ਮੁਖੜੇ ਲੈ ਜਾ। ਬੜੇ ਕੀਮਤੀ ਮੁਖੜੇ ਨੇ, ਇਹ ਸਾਰੇ ਪੂਰੇ ਗੀਤ ਬਣਾ ਕੇ ਕਿਤੇ ਵਿਆਹ-ਸ਼ਾਦੀ 'ਤੇ ਗਾ ਦੇਵੀਂ। ਜਿਥੇ ਤੂੰ ਗਾ ਰਿਹਾ ਹੋਵੇਂਗਾ, ਮੈਂ ਉਸ ਥਾਂ 'ਤੇ ਕਿਤੇ ਖੜ੍ਹਾ ਤੈਨੂੰ ਸੁਣ ਰਿਹਾ ਹੋਵਾਂਗਾ, ਸਮਝਿਆ?" ਉਹ ਬੜੇ ਬਾਬਾ-ਮਈ ਲਹਿਜ਼ੇ 'ਚ ਬੋਲੇ।

"ਲਿਆਓ ਜੀ ਮੁਖੜੇ ਦਿਉ," ਮੈਂ ਦੋਵੇਂ ਹੱਥ ਉਨ੍ਹਾਂ ਵੱਲ ਇਸ ਤਰ੍ਹਾਂ ਕੀਤੇ ਜਿਵੇਂ ਕੋਈ ਭੀਖ ਮੰਗ ਰਿਹਾ ਹੁੰਦੈ।

ਪਹਿਲੇ ਗੀਤ ਦਾ ਮੁਖੜਾ ਲਿਖ:

ਪਿੰਡ ਦੀ ਕੁੜੀ 'ਤੇ ਸਾਡਾ ਦਿਲ ਆ ਗਿਆ,
ਟੈਲੀਫੋਨ ਦਾ ਹੈ ਭਾਰੀ ਬਿਲ ਆ ਗਿਆ,
ਗੱਲਾਂ ਕਰਦੇ ਰਹੀਦਾ
ਹਉਕੇ ਭਰਦੇ ਰਹੀਦਾ
ਪਿੰਡ ਦੀ...।

ਦੂਜਾ:

ਰੋਜ਼ ਸਵੇਰੇ ਦਰਾਂ ਮੂਹਰਿਓਂ
ਲੰਘਿਆ ਕਰ ਵੇ ਜ਼ਾਲਮਾ,
ਮਿੱਠਾ ਮਿੱਠਾ ਜਾਂਦਾ ਜਾਂਦਾ
ਖੰਘਿਆ ਕਰ ਵੇ ਜ਼ਾਲਮਾ।

ਗੁਆਂਢਣ ਵਾਲੇ ਗੀਤ:

ਸਾਡੇ ਹੈ ਚੁਬਾਰੇ ਵਿਚ ਮੋਰੀ ਮਿੱਤਰੋ,
ਦੇਖਾਂ ਮੈਂ ਗੁਆਂਢਣ ਨੂੰ ਚੋਰੀ ਮਿੱਤਰੋ।

ਭਾਬੀਆਂ ਲਈ ਅਸਲੀ ਗੀਤ ਵੀ ਲੈ ਜਾ:

"ਭਾਬੀਏ ਦਿਉਰ ਪੁੱਛਦਾ,
ਕਦੋਂ ਜਾਉਗਾ ਜਹਾਜ਼ ਵੀਰਾ ਚੜ੍ਹ ਕੇ।"

ਓਹ ਹੋ, ਕੁੜੀਆਂ ਬਾਰੇ ਗੀਤ ਦਾ ਮੁਖੜਾ ਤਾਂ ਮੈਂ ਦੇਣਾ ਹੀ ਭੁੱਲ ਗਿਆ ਸੀ:

ਉਹ ਕੁੜੀ ਦਿਲ ਵਿਚ ਵਸ ਗਈ ਓ ਯਾਰ,
ਦਿਲ ਦੀ ਕਹਾਣੀ ਸਾਰੀ ਦੱਸ ਗਈ ਓ ਯਾਰ,
ਉਹ ਕੁੜੀ, ਉਹ ਕੁੜੀ...।

(ਬਾਕੀ ਅਗਲੇ ਸਫੇ 'ਤੇ)

# ਮੈਂ ਆਪਣੇ ਕੈਮਰੇ ਦਾ ਕੀ ਕਰਾਂ?



ਚਿੱਤ ਚੇਤਾ

ਕਾਨਾ ਸਿੰਘ
ਫੋਨ:91-95019-44944

***ਐਤਕੀਂ ਵਾਲੀ ਲਿਖਤ 'ਮੈਂ ਆਪਣੇ ਕੈਮਰੇ ਦਾ ਕੀ ਕਰਾਂ?' ਵਿਚ ਕਾਨਾ ਸਿੰਘ ਦੀ ਕਾਨੀ ਦਾ ਰੰਗ ਮੂਲੋਂ ਹੀ ਵੱਖਰਾ ਜਾਪਦਾ ਹੈ। ਇਸ ਲਿਖਤ ਵਿਚ ਪੰਜਾਬੀ ਸਾਹਿਤ ਦੇ ਦੋ ਮਹਾਂਰਥੀਆਂ-ਸੰਤੋਖ ਸਿੰਘ ਧੀਰ ਅਤੇ ਬਲਵੰਤ ਗਾਰਗੀ ਬਾਰੇ ਚੁੰਝ-ਚਰਚਾ ਹੈ। ਇਸ ਨਿੱਕੀ ਜਿਹੀ ਲਿਖਤ ਵਿਚੋਂ ਈਰਖਾ ਅਤੇ ਵਿਅੰਗ ਦੇ ਫੁਹਾਰੇ ਨਾਲੋ-ਨਾਲ ਫੁੱਟਦੇ ਹਨ। ਅਸਲ ਵਿਚ ਕਾਨਾ ਸਿੰਘ ਆਪਣੀ ਨਿਵੇਕਲੀ ਜਿਹੀ ਛੋਹ ਨਾਲ ਲਿਖਤ ਵਿਚ ਆਈਆਂ ਸਾਧਾਰਨ ਗੱਲਾਂ ਨੂੰ ਵੀ ਸਾਧਾਰਨ ਨਹੀਂ ਰਹਿਣ ਦਿੰਦੀ। ਉਹਦੀ ਹਰ ਲਿਖਤ ਵਿਚ ਕਹਾਣੀ ਹੁੰਦੀ ਹੈ ਅਤੇ ਇਸ ਵਾਰ ਤਾਂ ਮਾਸ਼ਾ ਅੱਲ੍ਹਾ!...ਨਾਟਕ ਵੀ ਘੜੀ-ਮੁੜੀ ਝਾਤੀਆਂ ਮਾਰੀ ਜਾਂਦਾ ਹੈ। -ਸੰਪਾਦਕ***

ਮੇਰੇ ਗੁਆਂਢ ਸਥਿਤ 'ਸਾਚਾ ਧਨ' ਗੁਰਦੁਆਰੇ ਵਿਚ ਸੁਖਪਾਲਵੀਰ ਸਿੰਘ ਹਸਰਤ ਦੀ ਅੰਤਿਮ ਅਰਦਾਸ ਦਾ ਮੌਕਾ ਸੀ। ਭੋਗ ਮਗਰੋਂ ਸੰਤੋਖ ਸਿੰਘ ਧੀਰ ਨਾਲ ਮੁਲਾਕਾਤ ਹੋ ਜਾਣੀ ਸੁਭਾਵਕ ਹੀ ਸੀ।

"ਨੇੜੇ ਆਏ ਹੋਏ ਹੋ, ਚਲੋ ਘਰ।" ਮੈਂ ਧੀਰ ਨੂੰ ਚਾਹ ਦੇ ਕੱਪ ਦਾ ਸੱਦਾ ਦਿੱਤਾ। ਧੀਰ ਰਾਜ਼ੀ ਹੋ ਗਿਆ।

ਰਲ ਬੈਠਦਿਆਂ ਹੀ ਮੈਂ ਬਲਵੰਤ ਗਾਰਗੀ ਰਚਿਤ ਧੀਰ ਦੇ ਰੇਖਾ ਚਿੱਤਰ 'ਸੁਰਮੇ ਵਾਲੀ ਅੱਖ' ਦੀ ਗੱਲ ਛੋਹੀ। ਉਨ੍ਹਾਂ ਦਿਨਾਂ ਵਿਚ ਮੈਂ ਗਾਰਗੀ ਦਾ ਲਿਖਿਆ ਹੋਇਆ ਰੇਖਾ ਚਿੱਤਰਾਂ ਦਾ ਸੰਪੂਰਨ ਸੰਗ੍ਰਿਹ 'ਸ਼ਰਬਤ ਦੀਆਂ ਘੁਟਾਂ' ਪੜ੍ਹ ਰਹੀ ਸਾਂ।

"ਧੀਰ ਜੀ, 'ਸੁਰਮੇ ਵਾਲੀ ਅੱਖ' ਨੂੰ ਅੱਜ ਮੈਂ ਤੀਜੀ ਵਾਰ ਪੜ੍ਹਿਐ।" ਮੇਰੇ ਕਹਿਣ ਦੀ ਦੇਰ ਸੀ ਕਿ ਧੀਰ ਭਖ ਉਠਿਆ।

"ਇਹ ਲੇਖ ਉਹ ਨਹੀਂ ਜੋ ਗਾਰਗੀ ਨੇ ਪਹਿਲਾਂ ਲਿਖਿਆ ਸੀ। ਮੈਂ ਗਾਰਗੀ ਦੇ ਘਰ ਟਿਕਿਆ ਹੋਇਆ ਸਾਂ ਉਨ੍ਹੀਂ ਦਿਨੀਂ। ਮੈਨੂੰ ਅੰਮ੍ਰਿਤਾ ਪ੍ਰੀਤਮ ਨੇ ਕਿਹਾ ਕਿ ਗਾਰਗੀ ਨੇ ਤੇਰੇ ਬਾਰੇ ਲੇਖ ਲਿਖਿਆ ਹੈ 'ਸੁਰਮੇ ਵਾਲੀ ਅੱਖ'। ਮੈਂ ਇਸ ਬਾਰੇ ਗਾਰਗੀ ਤੋਂ ਕੁਝ ਨਾ ਪੁੱਛਿਆ। ਚਾਰ-ਪੰਜ ਦਿਨਾਂ ਬਾਅਦ ਗਾਰਗੀ ਨੇ ਆਪ ਵੀ ਮੈਨੂੰ ਦੱਸ ਦਿੱਤਾ ਤੇ ਪੁੱਛਿਆ: ਸੁਣਾਵਾਂ? ਮੈਂ ਕਿਹਾ-ਤੇਰੀ ਮਰਜ਼ੀ ਹੈ ਭਾਈ। ਮੈਂ ਕੀ ਕਹਾਂ? ਮੈਂ ਤਾਂ ਆਬਜੈਕਟ ਹਾਂ। ਫਿਰ ਉਸ ਸੁਣਾਉਣਾ ਸ਼ੁਰੂ ਕੀਤਾ। ਉਹ ਲੇਖ ਮੇਰੀ ਅੱਖ ਤੋਂ ਸ਼ੁਰੂ ਹੁੰਦਾ ਸੀ। ਉਹ ਸੀ...ਧੀਰ ਦੀ ਅੱਖ ਕਦੇ ਸੂਹੀ ਹੁੰਦੀ ਹੈ ਤੇ ਕਦੇ ਕਾਸ਼ਨੀ। ਕਦੇ ਨੀਲੀ ਤੇ ਕਦੇ ਸਾਵੀ...ਇੱਦਾਂ ਕਰ ਕੇ ਪੰਜ-ਸੱਤ ਫਿਕਰੇ ਸਨ। ਫਿਕਰੇ ਸੁਣਾਉਣ ਮਗਰੋਂ ਗਾਰਗੀ ਨੇ ਮੈਨੂੰ ਕਿਹਾ ਕਿ ਜੇ ਤੈਂ ਸਾਰਾ ਸੁਣਨਾ ਹੈ ਤਾਂ ਇਹ ਲੇਖ ਛਪੇਗਾ ਨਹੀਂ, ਤੇ ਜੇ ਛਪਣਾ ਹੈ ਤਾਂ ਮੈਂ ਸੁਣਾਉਣਾ ਨਹੀਂ। ਮੈਂ ਕਿਹਾ ਤੇਰੀ ਮਰਜ਼ੀ ਹੈ ਭਾਈ।"

"ਫਿਰ?"

"ਉਹ ਲੇਖ ਜਦੋਂ ਗਾਰਗੀ ਨੇ ਛਪਵਾਇਆ ਤਾਂ ਉਸ ਨੇ ਉਸ ਦਾ ਮੁੱਢ ਕੱਟ ਦਿੱਤਾ। ਮੇਰੇ ਬਾਰੇ ਚੰਗੇ ਫਿਕਰੇ ਉਸ ਸਾਰੇ ਹੀ ਕੱਟ ਦਿੱਤੇ। ਗਾਰਗੀ ਦਿਆਨਤਦਾਰ ਨਹੀਂ, ਉਹ ਛੱਲ ਕਰਦੈ...!" ਧੀਰ ਦਾ ਚਿਹਰਾ ਤਮਤਮਾ ਰਿਹਾ ਸੀ, ਗੁੱਸੇ ਨਾਲ। ਤੀਊੜਿਓ ਤੀਊੜੀ। ਬਾਹਾਂ ਉਲ੍ਹਾਰਦਾ!

"ਪਰ ਧੀਰ ਸਾਹਿਬ, ਜੇ ਉਹ ਫਿਕਰੇ ਨਾ ਕੱਟਦਾ ਤਾਂ ਲੱਗਣਾ ਸੀ ਗਾਰਗੀ ਝੂਠ ਬੋਲਦੈ। ਧੀਰ ਦੀ ਅੱਖ ਦੇ ਇੰਨੇ ਰੰਗ ਕਿੱਥੇ ਨੇ ਭਲਾ...!"

"ਤੂੰ ਸਮਝਦੀ ਨਹੀਂ ਕਾਨਾ। ਉਹਦਾ ਮਤਲਬ ਬਾਹਰੀ ਦਿਖ ਤੋਂ ਨਹੀਂ ਸੀ, ਬਲਕਿ ਮੇਰੀ ਅੱਖ ਦੇ ਰੰਗਾਂ ਰਾਹੀਂ ਉਹਨੇ ਮੇਰੀਆਂ ਰਮਜ਼ਾਂ ਦਾ ਜ਼ਿਕਰ ਕੀਤਾ ਸੀ। ਛੇਤੀ ਹੀ ਕਿਸੇ ਗੱਲੋਂ ਮੇਰਾ ਗਾਰਗੀ ਨਾਲ ਇਖ਼ਤਲਾਫ਼ ਹੋ ਗਿਆ ਤੇ ਉਸ ਨੇ ਮੇਰੇ ਬਾਰੇ ਉਹ ਸਾਰੇ ਫਿਕਰੇ ਕੱਟ ਦਿੱਤੇ। ਉਹ ਬੇਈਮਾਨ ਹੈ...ਨਿਰਾ ਬਾਣੀਆ...ਮੈਂ ਉਹਦੇ ਘਰ ਰਹਿਣਾ, ਉਹਨੇ ਖੁੱਲ੍ਹ ਕੇ ਖਰਚ ਕਰਨਾ। ਮੈਂ ਤਾਂ ਮਲੰਗ ਸੀ। ਮੇਰੇ ਕੋਲ ਪੈਸੇ ਕਿੱਥੇ ਹੁੰਦੇ ਸਨ ਖਰਚਣ ਨੂੰ...!"

"ਫਿਰ ਉਹ ਕਾਹਦਾ ਬਾਣੀਆ ਹੋਇਆ ਧੀਰ ਜੀ। ਬਾਣੀਏ ਨੂੰ ਤਾਂ ਇਕ ਪੈਸਾ ਖਰਚ ਕੇ ਰੁਪਿਆ ਖੱਟਣ 'ਤੇ ਵੀ ਰੱਜ ਨਹੀਂ ਆਉਂਦਾ।"

"ਗਾਰਗੀ ਫੱਕੜ ਸੀ ਨਾ, ਕਾਨਾ। ਨਾ ਰੰਨ ਤੇ ਨਾ ਕੰਨ...!"

"ਪਰ ਧੀਰ ਸਾਹਿਬ, ਗਾਰਗੀ ਦੇ ਰੇਖਾ ਚਿੱਤਰਾਂ ਦੀ ਸਿਨਫ਼ ਨੇ ਪੰਜਾਬੀ ਸਾਹਿਤ ਨੂੰ ਬਹੁਤ ਅਮੀਰ ਕੀਤਾ ਹੈ। ਇਹ ਉਸ ਦੀ ਵੱਡਮੁੱਲੀ ਦੇਣ ਹੈ। ਸੰਸਾਰ ਸਾਹਿਤ ਦਾ ਪਾਠਕ ਹੈ ਗਾਰਗੀ। ਉਹਦਾ ਅਨੁਭਵ ਵਿਸ਼ਾਲ ਤੇ ਲਾਸਾਨੀ ਹੈ। ਭਿੰਨ-ਭਿੰਨ ਦ੍ਰਿਸ਼ਟੀਕੋਣਾਂ ਅਤੇ ਪੱਖਾਂ ਤੋਂ ਲੇਖਕਾਂ ਨੂੰ ਵੇਖਣਾ ਤੇ ਫਿਰ ਉਨ੍ਹਾਂ ਦੇ ਧੁਰ ਅੰਦਰ ਤਕ ਦੇ ਸੱਚ ਦੀ ਤੰਦ ਪਕੜ ਕੇ ਖਾਕਾ ਖਿੱਚਣਾ ਕੋਈ ਖਾਲਾ ਜੀ ਦਾ ਘਰ ਨਹੀਂ। ਉਸ ਦੀ ਬੋਲੀ ਦੀ ਖਣਕਾਰ...!"

"ਹਾਂ, ਬੋਲੀ ਨੂੰ ਗਾਰਗੀ ਸਭ ਤੋਂ ਵੱਧ ਤਰਜੀਹ ਦਿੰਦਾ ਸੀ। ਇਕ-ਇਕ ਸ਼ਬਦ ਚੁਣਨ ਤੇ ਚਿਣਨ ਵਿਚ ਮਿਹਨਤ ਕਰਦਾ ਹੈ ਪਰ ਉਹ ਦਿਸ਼ਾ ਜਾਂ ਦ੍ਰਿਸ਼ਟੀਕੋਣ ਨੂੰ ਮਹੱਤਵ ਨਹੀਂ ਦਿੰਦਾ। ਇਹ ਗਲਤ ਹੈ, ਸਰਾਸਰ ਗਲਤ। ਬਿਨਾਂ ਦ੍ਰਿਸ਼ਟੀਕੋਣ ਦੇ ਬੋਲੀ ਦੇ ਕੀ ਮਾਇਨੇ...!"

"ਪਰ ਧੀਰ ਜੀ, ਕੁਲ ਮਿਲਾ ਕੇ ਗਾਰਗੀ ਦੇ ਰੇਖਾ ਚਿੱਤਰਾਂ ਸਦਕੇ ਪਾਠਕਾਂ ਨੂੰ ਲੇਖਕਾਂ ਨਾਲ ਪਿਆਰ ਆਉਂਦਾ ਹੈ। ਲੇਖਕ ਦੇਵਤੇ ਨਾ ਹੋ ਕੇ ਮਨੁੱਖ ਪ੍ਰਤੀਤ ਹੁੰਦੇ ਹਨ, ਸਾਡੇ ਤੁਹਾਡੇ ਵਰਗੇ। ਪਾਠਕ ਉਨ੍ਹਾਂ ਨਾਲ ਆਤਮਸਾਤ ਹੁੰਦੇ ਹਨ...!"

"ਪਰ ਕਾਨਾ, ਗਾਰਗੀ ਸੁਹਿਰਦ ਨਹੀਂ। ਔਰਤ ਦਾ ਗਾਰਗੀ ਦੇ ਮਨ ਵਿਚ ਕੋਈ ਸਤਿਕਾਰ ਨਹੀਂ। ਉਹ ਕਹਿੰਦੈ, ਔਰਤ ਅੱਗੇ ਕਦੇ ਨਾ ਗਿੜਗਿੜਾਓ, ਆਪਣੇ ਵੱਟ ਵਿਚ ਰਹੋ, ਉਹ ਆਪੇ ਆ ਜਾਵੇਗੀ...!"

"ਇਹ ਤਾਂ ਉਹ ਸੱਚ ਹੀ ਕਹਿੰਦਾ ਹੈ ਧੀਰ ਸਾਹਿਬ। ਔਰਤ ਮਰਦੀ ਹੈ ਮਰਦ ਦੇ ਮਰਦਾਊਪਣੇ 'ਤੇ। ਗਿੜਗਿੜਾਉਣ ਵਾਲਾ ਤਾਂ ਰੀੜ੍ਹ-ਰਹਿਤ ਹੋਇਆ। ਅਜਿਹੇ ਬੰਦੇ ਨਾਲ ਕੋਈ ਔਰਤ ਹਮਦਰਦੀ ਤਾਂ ਕਰ ਸਕਦੀ ਹੈ, ਪਿਆਰ ਨਹੀਂ।"

"ਗਾਰਗੀ ਕਿਸੇ ਨਾਲ ਸੁਹਿਰਦ ਨਹੀਂ। ਉਹ ਲੇਖਕਾਂ ਨੂੰ ਆਪਣੇ ਤੋਂ ਨੀਵੇਂ ਦਰਸਾਉਂਦਾ ਹੈ ਤੇ ਆਪਣੇ ਆਪ ਨੂੰ ਵਧੀਆ, ਨਫੀਸ, ਕਲਚਰਡ।"

"ਇਥੇ ਮੈਂ ਤੁਹਾਡੇ ਨਾਲ ਸਹਿਮਤ ਨਹੀਂ ਧੀਰ ਸਾਹਿਬ। ਮੇਰੇ ਵਿਚਾਰ ਵਿਚ ਗਾਰਗੀ ਲੇਖਕ ਦੀਆਂ ਕਮਜ਼ੋਰੀਆਂ ਨੂੰ ਐਸੇ ਢੰਗ ਨਾਲ ਉਜਾਗਰ ਕਰਦਾ ਹੈ ਕਿ ਉਹ ਪਾਠਕਾਂ ਨੂੰ ਹੋਰ ਪਿਆਰੇ ਤੇ ਆਪਣੇ-ਆਪਣੇ ਲੱਗਣ ਲੱਗਦੇ ਹਨ। ਜੇ ਉਸ ਨੇ 'ਸੁਰਮੇ ਵਾਲੀ ਅੱਖ' ਵਾਲਾ ਰੇਖਾ ਚਿੱਤਰ ਨਾ ਲਿਖਿਆ ਹੁੰਦਾ, ਤਾਂ ਅਸੀਂ ਸੰਤੋਖ ਸਿੰਘ ਧੀਰ ਦੀ ਇਨੀ ਪਿਆਰੀ ਸ਼ਖਸੀਅਤ ਦੇ ਦੀਦਾਰ ਕਰਨੋਂ ਵਾਂਝੇ ਰਹਿ ਜਾਂਦੇ...!"


"ਗਾਰਗੀ ਨਾਟਕਕਾਰ ਹੈ। ਉਹ ਦੋਸਤੀ ਦਾ ਵੀ ਨਾਟਕ ਕਰਦੈ। ਸਾਹਿਤ ਸਮਾਗਮਾਂ ਵਿਚ ਟਕਰਾਅ ਜਾਣਾ ਸੁਭਾਵਕ ਹੀ ਹੈ। ਜੇ ਮੈਂ ਮੂੰਹ ਫੇਰ ਲਵਾਂ ਤਾਂ ਉਹ ਵੀ ਇਕ ਪਾਸੇ ਖਿਸਕ ਜਾਂਦਾ ਹੈ ਤੇ ਫਿਰ ਮਗਰੋਂ ਆ ਕੇ ਜੱਫੀ ਪਾ ਲੈਂਦਾ ਹੈ ਜਿਵੇਂ ਕੁਝ ਹੋਇਆ ਹੀ ਨਾ ਹੋਵੇ...!"

"ਇਹ ਤਾਂ ਉਸ ਦੀ ਵਡਿੱਤਣ ਹੋਈ ਧੀਰ ਸਾਹਿਬ...!"



ਸੰਤੋਖ ਸਿੰਘ ਧੀਰ

***ਮੈਂ ਗਾਰਗੀ ਦੇ ਘਰ ਟਿਕਿਆ ਹੋਇਆ ਸਾਂ ਉਨ੍ਹੀਂ ਦਿਨੀਂ। ਮੈਨੂੰ ਅੰਮ੍ਰਿਤਾ ਪ੍ਰੀਤਮ ਨੇ ਕਿਹਾ ਕਿ ਗਾਰਗੀ ਨੇ ਤੇਰੇ ਬਾਰੇ ਲੇਖ ਲਿਖਿਆ ਹੈ 'ਸੁਰਮੇ ਵਾਲੀ ਅੱਖ'। ਮੈਂ ਇਸ ਬਾਰੇ ਗਾਰਗੀ ਤੋਂ ਕੁਝ ਨਾ ਪੁੱਛਿਆ। ਚਾਰ-ਪੰਜ ਦਿਨਾਂ ਬਾਅਦ ਗਾਰਗੀ ਨੇ ਆਪ ਵੀ ਮੈਨੂੰ ਦੱਸ ਦਿੱਤਾ ਤੇ ਪੁੱਛਿਆ: ਸੁਣਾਵਾਂ? ਮੈਂ ਕਿਹਾ-ਤੇਰੀ ਮਰਜ਼ੀ ਹੈ ਭਾਈ। ਮੈਂ ਕੀ ਕਹਾਂ? ਮੈਂ ਤਾਂ ਆਬਜੈਕਟ ਹਾਂ। ਫਿਰ ਉਸ ਸੁਣਾਉਣਾ ਸ਼ੁਰੂ ਕੀਤਾ। ਉਹ ਲੇਖ ਮੇਰੀ ਅੱਖ ਤੋਂ ਸ਼ੁਰੂ ਹੁੰਦਾ ਸੀ। ਉਹ ਸੀ... ...ਧੀਰ ਦੀ ਅੱਖ ਕਦੇ ਸੂਹੀ ਹੁੰਦੀ ਹੈ ਤੇ ਕਦੇ ਕਾਸ਼ਨੀ। ਕਦੇ ਨੀਲੀ ਤੇ ਕਦੇ ਸਾਵੀ... ਇੱਦਾਂ ਕਰ ਕੇ ਪੰਜ-ਸੱਤ ਫਿਕਰੇ ਸਨ।***



ਬਲਵੰਤ ਗਾਰਗੀ

"ਮੈਨੂੰ ਗਾਰਗੀ ਨੇ ਆਪ ਕਿਹਾ ਸੀ ਕਿ ਪੰਜਾਬੀ ਵਿਚ ਕੇਵਲ ਛੇ ਹੀ ਨਾਮਵਰ ਲੇਖਕ ਹਨ: ਪ੍ਰਿੰਸੀਪਲ ਤੇਜਾ ਸਿੰਘ, ਅੰਮ੍ਰਿਤਾ ਪ੍ਰੀਤਮ, ਪ੍ਰੋ. ਮੋਹਨ ਸਿੰਘ, ਕੁਲਵੰਤ ਸਿੰਘ ਵਿਰਕ, ਪੰਜਵਾਂ ਧੀਰ ਯਾਨੀ, ਕਿ ਮੈਂ ਤੇ ਛੇਵਾਂ ਉਹ ਆਪ, ਗਾਰਗੀ।"

"ਪਰ ਧੀਰ ਸਾਹਿਬ, ਇਹ ਗਾਰਗੀ ਦੀ ਨਿੱਜੀ ਰਾਇ ਸੀ, ਸਮੁੱਚੇ ਪੰਜਾਬੀ ਪਾਠਕ ਜਗਤ ਦੀ ਨਹੀਂ; ਤੇ ਕੋਈ ਨਿੱਜੀ ਰਾਇ ਸਦੀਵੀ ਜਾਂ ਸਰਬ-ਸਾਂਝੀ ਹੋ ਵੀ ਸਕਦੀ ਹੈ ਤੇ ਨਹੀਂ ਵੀ। ਆਪਣੇ ਸਮਕਾਲੀ ਸੁਜਾਨ ਸਿੰਘ ਤੇ ਸੰਤ ਸਿੰਘ ਸੇਖੋਂ ਨੂੰ ਤੁਸੀਂ ਕਿਵੇਂ ਨਜ਼ਰਅੰਦਾਜ਼ ਕਰ ਸਕਦੇ ਹੋ? ਫਿਰ ਇਹ ਵੀ ਤਾਂ ਜ਼ਰੂਰੀ ਨਹੀਂ ਕਿ ਕਿਸੇ ਬੰਦੇ ਦੀ ਵਿਅਕਤੀਗਤ ਰਾਇ ਸਦੀਵੀ ਹੀ ਰਹੇ। ਰਾਇ ਬਦਲ ਵੀ ਤਾਂ ਸਕਦੀ ਹੈ...!"

"ਪਰ ਡਿਫਰੈਂਸ ਹੋ ਜਾਣ ਨਾਲ ਰਾਇ ਬਦਲ ਦੇਣੀ ਗਲਤ ਹੈ, ਬਕਵਾਸ।"

"ਪਰ ਧੀਰ ਜੀ, ਕੀ ਗਾਰਗੀ ਦੇ ਸਰਟੀਫਿਕੇਟ ਮੁਤਾਬਕ ਹੀ ਕੋਈ ਛੋਟਾ ਜਾਂ ਵੱਡਾ ਲੇਖਕ ਹੋਵੇਗਾ? ਬਲਵੰਤ ਗਾਰਗੀ, ਗਾਰਗੀ ਹੀ ਸਹੀ, ਸਮੁੱਚਾ ਸਾਹਿਤ ਸੰਸਾਰ ਤਾਂ ਨਹੀਂ...!"

...

ਧੀਰ ਨੇ ਹਮੇਸ਼ਾਂ ਮੈਨੂੰ ਗਲਪ ਜਾਂ ਵਾਰਤਕ ਲਿਖਣ ਲਈ ਪ੍ਰੇਰਨਾ-"ਕਾਨਾ, ਤੇਰਾ ਅਨੁਭਵ ਵਿਸ਼ਾਲ ਹੈ। ਤੂੰ ਕਹਾਣੀ ਲਿਖ, ਵਾਰਤਕ ਲਿਖ। ਛੋੜ ਕਵਿਤਾ ਤੇ ਵਿਅੰਗ। ਵਿਅੰਗਕਾਰ ਕੋਈ 'ਭਾਈਆ' 'ਚਾਚਾ' ਤਾਂ ਹੋ ਸਕਦਾ ਹੈ, ਪਰ ਉਚਤਮ ਸਾਹਿਤਕਾਰ ਨਹੀਂ।"

ਉਦੋਂ ਤਕ ਮੇਰਾ ਕਾਵਿ ਸੰਗ੍ਰਹਿ 'ਲੋਹਿਓਂ ਪਾਰਸ' ਛਪ ਚੁੱਕਿਆ ਸੀ ਤੇ ਮੈਂ ਗਾਹੇ-ਬਗਾਹੇ 'ਵੇਲਣਾ', 'ਮੋਟਾ ਪਤੀ' ਆਦਿ ਵਿਅੰਗ ਲੇਖ ਲਿਖ ਰਹੀ ਸਾਂ। ਧੀਰ ਦੀ ਪ੍ਰੇਰਨਾ ਸਦਕਾ ਮੈਂ 'ਜਿੰਦੂਆ' ਕਹਾਣੀ ਲਿਖੀ ਤੇ ਫਿਰ 'ਖੁਸ਼ਬੂ' ਵੀ। ਜੋ ਧੀਰ ਨੇ ਸੁਣੀਆਂ-ਮਾਣੀਆਂ ਤੇ ਹੋਰ ਵੀ ਲਿਖਣ ਲਈ ਉਤਸ਼ਾਹਿਤ ਕੀਤਾ। ਇਸ ਤੋਂ ਮਗਰੋਂ ਛੇਤੀ ਹੀ ਮੈਥੋਂ ਸਾਹਿਰ ਲੁਧਿਆਣਵੀ ਨਾਲ ਸਬੰਧਤ ਰੇਖਾ ਚਿਤਰ ਲਿਖ ਹੋ ਗਿਆ। ਗੋਡਿਆਂ ਦੇ ਦਰਦ ਦੀ ਦਵਾਈ ਲੈਣ ਆਏ ਧੀਰ ਨੂੰ ਮੈਂ ਸੁਣਾਉਣ ਲੱਗੀ। ਸ਼ੁਰੂਆਤ ਸੀ, ...ਚਿੱਟੇ ਦੁੱਧ ਕੁਰਤੇ ਪਜਾਮੇ ਵਿਚ ਸੰਧੂਰੀ ਭਾਅ ਮਾਰਦਾ ਗੰਧਮੀ ਚਿਹਰਾ, ਤਿੱਖਾ ਨੱਕ, ਰੌਸ਼ਨ ਮੱਥਾ ਤੇ ਲਾਖੇ ਹੋਠ...ਸਾਹਿਰ ਲੁਧਿਆਣਵੀ ਦੀ ਦਿੱਖ ਦੇ ਬਿਆਨ 'ਤੇ ਮੈਂ ਪੁੱਜੀ ਹੀ ਸਾਂ ਕਿ ਧੀਰ ਨੇ ਨੱਕ-ਮੂੰਹ ਸੰਗੋੜਿਆ। ਮੱਥਾ ਵੱਟੋ-ਵੱਟ।

"ਬਸ ਕਰ ਕਾਨਾ, ਸਾਹਿਰ ਕਿੱਥੋਂ ਸੁਹਣਾ ਸੀ...ਕਾਲਾ ਭੱਦਾ, ਮਾਤਾ ਦੇ ਦਾਗ...ਇਹ ਉਸ ਦੀ ਤਸਵੀਰ ਨਹੀਂ...!"

"ਪਰ ਧੀਰ ਸਾਹਿਬ, ਮੇਰੀ ਯਾਦ ਦੇ ਕੈਮਰੇ ਦੇ ਫੋਕਸ ਸਾਹਵੇਂ ਜਿਹੜਾ ਸਾਹਿਰ ਆਉਂਦਾ ਹੈ, ਉਹ ਇੱਦਾਂ ਦਾ ਹੀ ਹੈ। ਮੈਂ ਆਪਣੇ ਕੈਮਰੇ ਦਾ ਕੀ ਕਰਾਂ? ਮੈਨੂੰ ਤਾਂ ਤੁਸੀਂ ਵੀ ਬੜੇ ਸੁਹਣੇ ਲੱਗਦੇ ਹੋ...!" ਸ਼ਰਮਾਕਲ ਜਿਹੀ ਮੁਸਕਰਾਹਟ ਸਹਿਜ ਹੋ ਗਏ ਧੀਰ ਦੇ ਨਕਸ਼ਾਂ 'ਤੇ ਫੈਲ ਗਈ।

"ਭੋਲਾ ਧੀਰ।" ਮੇਰੇ ਹੋਠ ਫਰਕੇ।

# ਹੁਣ ਮੈਂ ਹਿਟ ਗੀਤਕਾਰ/ਗਾਇਕ ਬਣਾਂਗਾ

(ਪਿਛਲੇ ਸਫੇ ਦੀ ਬਾਕੀ)

ਕਿਉਂ ਹੈ ਨਾ ਕਮਾਲ ਮੁਖੜਿਆਂ 'ਚ। ਤੈਨੂੰ ਗੀਤਾਂ ਦੇ ਮੁਖੜੇ ਦੇ ਕੇ ਆਪਣਾ ਪਤਾ ਨਹੀਂ ਕਿੰਨਾ ਕੁ ਨੁਕਸਾਨ ਕਰ ਲਿਆ ਪਰ ਤੇਰੇ ਲਈ ਇਹ ਕੁਰਬਾਨੀ ਕਰਨੀ ਹੀ ਪੈਣੀ ਸੀ। ਤੂੰ ਮੈਥੋਂ ਭੁੱਖਾ ਮਰਦਾ ਦੇਖ ਨਹੀਂ ਹੁੰਦਾ।

ਹੁਣ ਭੱਜ ਜਾ, ਖੜ੍ਹੀਂ ਨਾ ਰਾਹ 'ਚ ਕਿਤੇ। ਤੂੰ ਖਜ਼ਾਨਾ ਲੁੱਟ ਕੇ ਲੈ ਚੱਲਿਆ ਏਂ। ਅਗਲੀ ਵਾਰੀ ਆਈਂ, ਤੈਨੂੰ ਦੱਸੂੰਗਾ ਕਿ ਗੀਤ ਚੋਰੀ ਕਿਵੇਂ ਕਰਨੇ ਨੇ। ਸਮਝਿਆ?"

ਮੈਂ ਆਉਣ ਲੱਗਿਆਂ ਇਕ ਵਾਰੀ ਫੇਰ ਕਸਮ ਖਾ ਕੇ ਉਠਿਆ।

ਮੈਂ ਆਪਣੇ ਮਨ ਨਾਲ ਗੱਲਾਂ ਕਰਨ ਲੱਗ ਪਿਆ ਕਿ ਹਿੱਟ ਗੀਤਕਾਰ/ਗਾਇਕ ਕਿਉਂ ਨਹੀਂ ਬਣੂੰਗਾ? ਜਦ ਮੈਂ ਉਸਤਾਦ ਜੀ ਦੇ ਪੂਰਨਿਆਂ 'ਤੇ ਚੱਲੂੰਗਾ, ਪਿੰਡ ਦੀ ਧੀ-ਭੈਣ ਨੂੰ ਆਪਣੀ ਧੀ-ਭੈਣ ਨਹੀਂ ਸਮਝੂੰਗਾ, ਗੁਆਂਢੀਆਂ ਦੀ ਕੁੜੀ ਦੇ ਲੱਕ ਵੱਲ ਵਿਸ਼ੇਸ਼ ਧਿਆਨ ਦਊਂਗਾ, ਧੀਆਂ-ਭੈਣਾਂ ਤੇ ਮਾਂਵਾਂ ਦੇ ਗੀਤ ਨਹੀਂ ਗਾਊਂਗਾ, ਭਾਬੀ ਦੇ ਰਿਸ਼ਤੇ ਨੂੰ ਗਲਤ ਤਰੀਕੇ ਨਾਲ ਪੇਸ਼ ਨਹੀਂ ਕਰੂੰਗਾ (ਜਿਵੇਂ ਮੈਂ ਪਹਿਲਾਂ ਕਰ ਰਿਹਾ ਸੀ), ਫੇਰ ਤਾਂ ਮੈਂ ਬਣੂੰਗਾ ਹੀ ਹਿਟ ਗੀਤਕਾਰ/ਗਾਇਕ-ਕੀ ਕਹਿੰਦੇ?

ਇੰਨਾ ਸੋਚ ਕੇ ਮੈਂ ਘਰ ਨੂੰ ਆ ਗਿਆ। ਮੁਖੜਿਆਂ ਦੇ ਗੀਤ ਬਣਾ ਲਏ। ਮੈਨੂੰ ਬੁਲਾਇਆ ਤਾਂ ਕਿਸੇ ਨੇ ਨਹੀਂ ਸੀ ਪਰ ਮੈਂ ਬਦੋ-ਬਦੀ ਕਿਸੇ ਦੇ ਵਿਆਹ 'ਤੇ ਚਲੇ ਗਿਆ। ਜਾ ਕੇ ਸਟੇਜ 'ਤੇ ਕਹਿਣ ਲੱਗ ਪਿਆ, "ਮੈਂ ਕੋਈ ਗੀਤ ਗਾਉਣ ਲਈ ਨਹੀਂ ਆਇਆ। ਸਗੋਂ ਮੈਂ ਤਾਂ ਆਪਣੇ ਯਾਰ ਭਿੰਦੀ ਨਾਲ ਖੁਸ਼ੀਆਂ ਸਾਂਝੀਆਂ ਕਰਨ ਆਇਆ ਹਾਂ।" ਮੇਰੇ ਗੀਤ ਤਾਂ ਪੂਰੇ ਤਿਆਰ ਸੀ। ਲਓ ਜੀ ਮੈਂ ਗਾਉਣਾ ਸ਼ੁਰੂ ਕਰ ਦਿੱਤਾ। ਨੋਟਾਂ ਦੀ ਤਾਂ ਵਰਖਾ ਹੋਣੀ ਸ਼ੁਰੂ ਹੋ ਗਈ। ਨੋਟ ਜੇਬ 'ਚ ਪਾਉਣੇ ਔਖੇ ਹੋ ਗਏ। ਮੈਂ ਸੋਚਿਆ ਸੀ ਕਿ ਦੋ-ਚਾਰ ਸੌ ਬਣੂ, ਮੈਂ ਪੈਂਟ ਦੀ ਜੇਬ 'ਚ ਹੀ ਪਾਊਂਗਾ। ਪਰ ਬਾਬਿਓ! ਉਥੇ ਤਾਂ ਕਮਾਲ ਹੋ ਗਈ।

ਇਕ ਗੱਲ ਜੋ ਮੈਨੂੰ ਬਹੁਤ ਹੀ ਪਿਆਰੀ ਲੱਗੀ ਕਿ ਜਿਹੜੇ ਬੰਦੇ ਸੋਫੀ ਹਾਲਤ ਵਿਚ ਇਹੋ-ਜਿਹੇ ਗੀਤਾਂ ਨੂੰ ਭੰਡਦੇ ਨਹੀਂ ਸੀ ਥੱਕਦੇ, ਉਹ ਵੀ ਮੇਰੇ ਗੀਤਾਂ ਉਤੇ ਸ਼ਰਾਬ ਪੀ ਕੇ ਨੱਚਣ ਲੱਗ ਪਏ।

ਮੈਨੂੰ ਉਸਤਾਦ ਜੀ ਦੇ ਕਹੇ ਲਫਜ਼ ਚੇਤੇ ਆ ਗਏ, "ਬਚਿੱਤਰ ਸਿੰਘਾ! ਇਹ ਨੈਤਿਕਤਾ-ਨੂਤਿਕਤਾ ਕੁਝ ਨਹੀਂ ਹੁੰਦੀ...ਤੇਰਾ ਵਹਿਮ ਏ।"

ਬਾਬਿਓ! ਇਸ ਸੀਜ਼ਨ 'ਚ ਹੀ ਮੇਰੇ ਕੋਲ ਬੜਾ ਪੈਸਾ ਆ ਜਾਣੈ। ਕਾਰ ਖਰੀਦ ਲੈਣੀ ਆ, ਕੋਠੀ ਪਾ ਲੈਣੀ ਆ। ਗੁੱਟਾਂ 'ਤੇ ਸੋਨਾ ਚੜ੍ਹ ਜਾਣੈ। ਜੇਬ ਨੇ ਭਾਰੀ ਹੋਣਾ ਸ਼ੁਰੂ ਕਰ ਦੇਣੈ। ਪੱਤਰਕਾਰ ਦੋਸਤਾਂ ਨਾਲ ਮੇਰੀ ਆੜੀ ਪੈ ਜਾਣੀ ਆ। ਅਖਬਾਰਾਂ 'ਚ ਮੇਰੇ ਲੇਖ ਲਗ ਜਾਣੇ ਨੇ, "ਚੰਨ ਵਰਗਾ-ਬਚਿੱਤਰ ਅਣਖੀ", "ਅਣਖੀਲੀ ਗਾਇਕੀ ਦਾ ਗੀਤਕਾਰ ਤੇ ਗਾਇਕ-ਬਚਿੱਤਰ ਅਣਖੀ", "ਪਰਿਵਾਰਕ ਰਿਸ਼ਤਿਆਂ ਦਾ ਗਾਇਕ-ਬਚਿੱਤਰ ਅਣਖੀ", "ਜੋ ਸੁਰਾਂ ਨਾਲ ਇਕ ਸੁਰ ਹੋ ਜਾਂਦਾ-ਬਚਿੱਤਰ ਅਣਖੀ"।

ਲੱਖ ਲੱਖ ਸ਼ੁਕਰ ਉਸ ਉਸਤਾਦ ਬਾਬਾ ਜੀ ਦਾ, ਜਿਨ੍ਹਾਂ ਨੇ ਮੈਨੂੰ ਸਹਾਰਾ ਦੇ ਕੇ ਨਰਕ 'ਚੋਂ ਕੱਢ ਲਿਆ। ਹੁਣ ਵਾਲੀ ਲਾਈਨ ਵਿਚ ਸ਼ਰਮ ਦੀ ਕਿੰਨੀ ਕੁ ਲੋੜ ਹੈ, ਇਸ ਬਾਰੇ ਮੈਨੂੰ ਉਕਾ ਹੀ ਪਤਾ ਨਹੀਂ, ਹਾਂ ਧਨ-ਦੌਲਤ ਬਹੁਤ ਹੈ ਇਸ ਪਾਸੇ, ਇਸ ਗੱਲ ਦਾ ਤਾਂ ਮੈਨੂੰ ਪੂਰਾ ਗਿਆਨ ਹੋ ਗਿਆ।

ਤੁਸੀਂ ਸਾਰੇ ਅਪਣੱਤ ਦੀ ਚਟਣੀ ਬਣਾ ਕੇ ਖਾ ਲਿਓ-ਵੱਡਿਓ ਅਪਣੱਤਿਓ, ਪੈਸੇ ਤੋਂ ਬਿਨਾਂ ਤੁਹਾਡੀ ਅਕਲ ਨੂੰ ਕੀਹਨੇ ਪੁੱਛਣਾ?

ਇਹ ਗੱਲਾਂ ਕਹਿਣ ਨੂੰ ਮੇਰਾ ਬੜਾ ਹੀ ਦਿਲ ਕਰਦਾ, ਪਰ ਕਹਾਂਗਾ ਜ਼ਰਾ ਠਹਿਰ ਕੇ। ਮੈਨੂੰ ਹਿਟ ਗੀਤਕਾਰ/ਗਾਇਕ ਬਣ ਜਾਣ ਦਿਓ ਬਸ!

## ਮਿੰਨੀ ਕਹਾਣੀ

### ਸੰਸਕਾਰ

ਧਨਾਢ ਆਦਮੀ ਯਤਿੰਦਰ ਦੀ ਨਵੇਂ ਸਾਲ ਦੀ ਪਾਰਟੀ ਡਾਊਨ ਟਾਊਨ ਦੇ ਇਕ ਵੱਡੇ ਹੋਟਲ ਵਿਚ ਚੱਲ ਰਹੀ ਸੀ। ਨੌਂ ਕੁ ਵਜੇ ਯਤਿੰਦਰ ਦੇ ਸਾਰੇ ਰਿਸ਼ਤੇਦਾਰ ਅਤੇ ਯਾਰ ਦੋਸਤ ਹੜ੍ਹ ਦੀ ਤਰ੍ਹਾਂ ਆਉਣ ਲੱਗੇ। ਦੇਖਦਿਆਂ-ਦੇਖਦਿਆਂ ਪਾਰਟੀ ਦੀ ਚਹਿਲ-ਪਹਿਲ ਚਮਕਣ ਲੱਗੀ।

ਯਤਿੰਦਰ ਦੇ ਗੁਆਂਢੀ ਗੁਰਦਿਆਲ ਦੀ ਪਤਨੀ ਦੇਬੋ ਆਪਣੇ ਦੋ ਬੱਚਿਆਂ ਪੁੱਤਰ ਪਿੰਕੀ ਜੋ ਅੱਠ ਕੁ ਸਾਲ ਦਾ ਸੀ ਅਤੇ ਦਸ ਕੁ ਸਾਲ ਦੀ ਲੜਕੀ ਸਵੀਟੀ ਸਮੇਤ ਵੀ ਪਹੁੰਚ ਗਈ।

ਡੀ.ਜੇ. ਵੱਜ ਰਿਹਾ ਸੀ। ਦਾਰੂ ਦਾ ਖੁੱਲ੍ਹਾ ਦੌਰ ਚੱਲ ਰਿਹਾ ਸੀ। ਲੋਕ ਦਾਰੂ ਦੇ ਸਰੂਰ ਵਿਚ ਡੀ.ਜੇ. ਦੇ ਗਾਣਿਆਂ 'ਤੇ ਡਾਂਸ ਕਰ ਰਹੇ ਸਨ। ਜਦੋਂ ਕਦੇ ਪੰਜਾਬੀ ਗਾਣਾ ਵੱਜਦਾ ਤਾਂ ਭੰਗੜੇ ਦਾ ਦੌਰ ਸ਼ੁਰੂ ਹੋ ਜਾਂਦਾ। ਇਹ ਰੰਗੀਨ ਮਾਹੌਲ 3-4 ਘੰਟੇ ਚਲਦਾ ਰਿਹਾ। ਹੌਲੀ ਹੌਲੀ ਪਾਰਟੀ ਮੱਧਮ ਪੈਣ ਲੱਗੀ। ਲੋਕੀਂ ਆਪੋ ਆਪਣੀਆਂ ਕਾਰਾਂ ਵੱਲ ਜਾਣ ਲੱਗੇ ਅਤੇ ਝੱਟ ਹੀ ਹੋਟਲ ਦਾ ਹਾਲ ਖਾਲੀ ਹੋ ਗਿਆ ਪਰ ਪਿੰਕੀ ਅਤੇ ਸਵੀਟੀ ਇਕੱਲੇ ਹੀ ਹਾਲ ਦੇ ਇਕ ਥਮਲੇ ਦੇ ਨਾਲ ਖੜ੍ਹੇ ਬੜੇ ਉਦਾਸ ਅਤੇ ਸੋਚਾਂ ਵਿਚ ਡੁੱਬੇ ਆਪਣੀ ਮੰਮੀ ਦੀ ਉਡੀਕ ਕਰ ਰਹੇ ਸਨ। ਰਾਤ ਦਾ ਇਕ ਵੱਜ ਚੁਕਾ ਸੀ। ਹਾਲ ਦੇ ਦੂਜੇ ਪਾਸੇ ਇਕ ਮੁਲਾਜ਼ਮ ਸਫਾਈ ਕਰ ਰਿਹਾ ਸੀ। ਬੱਚਿਆਂ ਨੂੰ ਇਕੱਲੇ ਵੇਖ ਉਹ ਕੋਲ ਆਇਆ ਅਤੇ ਪੁੱਛਿਆ ਕਿ ਤੁਸੀਂ ਕਿਸ ਦੇ ਨਾਲ ਜਾਣਾ ਹੈ? ਇਥੇ ਤਾਂ ਕੋਈ ਵੀ ਨਹੀਂ। ਬੱਚੇ ਬੋਲੇ ਕਿ ਮੰਮੀ ਦੇ ਨਾਲ।

ਇੰਨਾ ਕਹਿਣ 'ਤੇ ਉਸ ਨੇ ਬੱਚਿਆਂ ਦੇ ਨਾਲ ਭਾਲ ਸ਼ੁਰੂ ਕਰ ਦਿੱਤੀ ਅਤੇ ਕੀ ਵੇਖਿਆ ਕਿ ਇਕ ਰੈਸਟ ਰੂਮ ਵਿਚ ਸਿੰਕ 'ਤੇ ਖੜ੍ਹੀ ਇਕ ਔਰਤ ਉਲਟੀਆਂ ਕਰ ਰਹੀ ਸੀ। ਬੱਚਿਆਂ ਨੂੰ ਦੇਖ ਕੇ ਉਨ੍ਹਾਂ ਦੀ ਮੰਮੀ ਦੇਬੋ ਨੇ ਫਟਾ ਫਟ ਮੂੰਹ ਧੋਤਾ ਅਤੇ ਲੜਖੜਾਉਂਦੀ ਹੋਈ ਬੱਚਿਆਂ ਕੋਲ ਆਈ। ਫਿਰ ਉਨ੍ਹਾਂ ਨੂੰ ਲੈ ਕੇ ਕਾਰ ਕੋਲ ਪਹੁੰਚੀ ਅਤੇ ਪਤਾ ਨਹੀਂ ਕਿਹੜੇ ਵੇਲੇ ਘਰੇ ਪਹੁੰਚ ਗਈ।

ਅਜੇ ਅੱਧਾ ਘੰਟਾ ਹੀ ਹੋਇਆ ਸੀ ਕਿ ਬਾਹਰੋਂ ਕਾਰ ਦੇ ਹਾਰਨ ਦੀ ਅਵਾਜ਼ ਆਈ ਅਤੇ ਫਿਰ ਹੌਲੀ ਕੁ ਦੇਣੇ ਦਰਵਾਜ਼ੇ ਦੇ ਖੁੱਲ੍ਹਣ ਦਾ ਖੜਕਾ ਹੋਇਆ। ਸਵੀਟੀ ਬੋਲੀ, "ਡੈਡੀ!" ਪਰ ਡੈਡੀ ਗੁਰਦਿਆਲ ਵੀ ਹੌਲੀ ਹੌਲੀ ਬੁੜ-ਬੁੜਾਉਂਦਾ ਕੁਝ ਕੌੜੇ-ਫਿੱਕੇ ਬੋਲ ਬੋਲਦਿਆਂ ਆਪਣੇ ਬੈਡ ਵੱਲ ਵਧਿਆ ਅਤੇ ਬੂਟਾਂ ਸਣੇ ਉਸ 'ਤੇ ਮੂਧਾ ਡਿੱਗ ਪਿਆ।

*-ਗੁਰਦੀਪ ਸਿੰਘ ਸਿੱਧੂ*
*ਫੋਨ: 661-493-5274*

## ਕਹਾਣੀ

# ਜੁਆਲਾ ਮਜ਼ਬੀ

*ਸਿਆਣਿਆਂ ਸੱਚ ਆਖਿਆ ਹੈ ਕਿ ਗਰੀਬੀ ਆਪਣੇ-ਆਪ ਵਿਚ ਇਕ ਸਰਾਪ ਹੈ। ਸਾਡੇ ਸਮਾਜ ਦਾ ਤਾਣਾ-ਬਾਣਾ ਹੀ ਕੁਝ ਅਜਿਹਾ ਹੈ ਕਿ ਗਰੀਬ ਨੂੰ ਜੋਰਾਵਰ ਨੇ ਹਮੇਸ਼ਾਂ ਹੀ ਲਿਤਾੜਿਆ ਹੈ। ਮਿਹਨਤੀ ਗਰੀਬ ਕਾਮੇ ਦੀਆਂ ਭਾਵਨਾਵਾਂ ਤੇ ਉਸ ਦੀਆਂ ਰੀਝਾਂ ਦਾ ਕੋਈ ਖਿਆਲ ਨਹੀਂ ਕਰਦਾ ਅਤੇ ਬਹੁਤੀ ਵਾਰੀ ਗਰੀਬ ਦੀਆਂ ਰੀਝਾਂ ਦਾ ਘਾਣ ਹੀ ਹੁੰਦਾ ਹੈ, ਕਈ ਵਾਰ ਤਾਂ ਰੀਝਾਂ ਦਾ ਹੀ ਨਹੀਂ ਖੁਦ ਗਰੀਬ ਦਾ ਵੀ ਘਾਣ ਹੋ ਜਾਂਦਾ ਹੈ। ਅਜਿਹਾ ਕੁਝ ਹੀ ਵਾਪਰਦਾ ਹੈ, ਮੀਤ ਖਟੜਾ ਦੀ ਇਸ ਬਹੁਤ ਹੀ ਮਾਰਮਿਕ ਕਹਾਣੀ ਦੇ ਮੁਖ ਪਾਤਰ ਜੁਆਲੇ ਮਜ਼ਬੀ ਨਾਲ। -ਸੰਪਾਦਕ*

**ਮੀਤ ਖੱਟੜਾ**

ਲੰਗਰ ਵਿਚ ਪਏ ਰੌਲੇ ਨੂੰ ਸੁਣ ਕੇ ਅਜੈਬ ਨੂੰ ਕੋਈ ਹੈਰਾਨੀ ਨਾ ਹੋਈ। ਉਸ ਨੂੰ ਪਤਾ ਸੀ ਕਿ ਜੁਆਲੇ ਮਜ਼ਬੀ ਤੋਂ ਬਿਨਾਂ ਭਲਾ ਹੋਰ ਕੌਣ ਲੜ ਸਕਦੈ। ਕਿਸੇ ਨੇ ਦੁਖਾ'ਤੀ ਹੋਊ ਉਹਦੀ ਅਣਖ। ਫਿਰ ਵੀ ਜਾਨਣ ਲਈ ਉਹ ਲੰਗਰ ਵੱਲ ਨੂੰ ਹੋ ਤੁਰਿਆ। ਕੋਲ ਜਾ ਕੇ ਵੇਖਿਆ ਤਾਂ ਉਹੀ ਗੱਲ ਹੋਈ। ਜੁਆਲਾ ਭੁੜਕ-ਭੁੜਕ ਕੇ ਹੌਲਦਾਰ ਦਾ ਗਲਮਾ ਫੜਨ ਤੱਕ ਜਾ ਰਿਹਾ ਸੀ। ਅਜੈਬ ਨੂੰ ਵੇਖ ਕੇ ਉਹ ਹੋਰ ਭੜਕ ਉਠਿਆ।

"ਹੁਣ ਆਓ ਓਏ ਮੇਰਿਓ ਸਾਲਿਓ। ਦੇਖੀਏ ਥੋਨੂੰ।"

"ਕੀ ਹੋ ਗਿਆ?"

"ਹੋਣਾ ਕੀ ਸੀ ਜੈਬ ਸਿਆਂ। ਮੈਂ ਵਾਰੀ ਸਿਰ ਆਪਦੀ ਰੋਟੀ ਲੈ ਰਿਹਾ ਸੀ। ਆਹ ਅਲਾਲਾਂ ਵਾਲਾ ਵੱਡਾ ਬਰਿਆੜ ਮੇਰੇ ਮੂਹਰੇ ਦੀ ਹੋ ਕੇ ਆ ਗਿਆ। ਮੈਂ ਸਰਸਰੀ ਕਹਿ ਦਿੱਤਾ ਬਈ ਲਾਈਨ 'ਚ ਸਾਰੇ ਈ ਬੈਠੇ ਆਂ। ਮੇਰੇ ਪਤਿਉਰੇ ਦੇ ਨੇ ਮੂੰਹ 'ਤੇ ਥੱਪੜ ਮਾਰਿਆ। ਉਲਟਾ ਆਹ ਹੌਲਦਾਰ ਇਹਦੀ ਮਦਦ ਕਰਦੈ।"

ਵਿਚ ਪੈ ਕੇ ਸਾਰਾ ਮਾਮਲਾ ਰਫਾ-ਦਫਾ ਹੋ ਗਿਆ ਸੀ। ਸਾਰੇ ਕੈਦੀ ਤੇ ਹਵਾਲਾਤੀ ਆਪੋ-ਆਪਣੀਆਂ ਬੈਰਕਾਂ ਵੱਲ ਨੂੰ ਹੋ ਤੁਰੇ। ਜੁਆਲਾ ਅੱਗ ਵਾਂਗੂੰ ਬਲਦਾ ਅਜੈਬ ਦੇ ਨਾਲ ਹੋ ਤੁਰਿਆ।

"ਵੱਡੇ ਵੀਰ! ਲੜਿਆ ਨਾ ਕਰ। ਏਥੇ ਸੁਪਰਡੈਂਟ ਤੋਂ ਲੈ ਕੇ ਥੱਲੇ ਤੱਕ ਸਾਰਾ ਆਵਾ ਈ ਊਤਾਂ ਦਾ। ਕੀਹਦੇ-ਕੀਹਦੇ ਨਾਲ ਲੜੇਂਗਾ? ਇਥੇ ਤਾਂ ਲੱਖਾਂ ਦੇ ਘਪਲੇ ਨੇ। ਸਾਰਾ ਉਪਰੋਂ ਈ ਮੀਂਹ ਆਂਗੂ ਵਰ੍ਹਦੈ। ਜਾਣ ਕੇ ਆਪਾਂ ਕੀ ਲੈਣੈਂ।" ਅਜੈਬ ਨੇ ਬੜੀ ਸਿਆਣਪ ਨਾਲ ਸਮਝਾਉਣ ਦੀ ਕੋਸ਼ਿਸ਼ ਕੀਤੀ।

"ਬਾਈ ਕੀ ਕਰਾਂ? ਜਰ ਨੀ ਹੁੰਦਾ। ਬਹੁਤ ਵਾਰੀ ਸੋਚੀਦਾ ਕੀ ਲੈਣਾ। ਪਰ...ਆਹ ਪਰਸੋਂ ਈ ਦੇਖ ਲੈ ਰੋਟੀਆਂ ਦੀ ਗੱਲ। ਬੰਦਾ ਸਹੁਰਾ ਰਾਜੀ ਕਿਵੇਂ ਰਹੂ। ਪਤਾ ਨੀ ਕਿੰਨੇ ਦਿਨਾਂ ਦੀ ਬੇਹੀ ਦਾਲ ਹੋਊ। ਜੇ ਜਰਾ ਕੁ ਸੱਚ ਕਹਿ-ਤਾ ਤਾਂ ਸਾਲਾ ਡਿਪਟੀ ਕਿਮੇਂ ਗਿੱਠ-ਗਿੱਠ ਟੱਪਦਾ ਸੀ। ਮੈਂ ਅਹਿ ਕਰ ਦੂੰ ਮੈਂ ਅਹੁ ਕਰਦੂੰ। ਲੁਟੇਰੇ ਕਿਸੇ ਥਾਂ ਦੇ!"

ਅਜੇ ਥੋੜ੍ਹੇ ਦਿਨ ਹੀ ਬੀਤੇ ਸਨ, ਡਿਪਟੀ ਦੇ ਕਮਰੇ ਦੀ ਬਾਰੀ ਕੋਲ ਫਿਰ ਜੁਆਲਾ ਭਾਂਬੜ ਬਣਿਆ ਖੜ੍ਹਾ ਸੀ।

"ਓਏ ਵੱਡਿਆ ਡਿਪਟੀਆ! ਓਏ ਆਹ ਤੇਰੇ ਪਿਓ ਲਗਦੇ ਨੇ। ਓਏ ਇਨ੍ਹਾਂ ਦੀਆਂ ਮੁਲਾਕਾਤਾਂ ਕਮਰੇ 'ਚ ਕਰਾਉਨਾਂ। ਇਨ੍ਹਾਂ ਨੂੰ ਮੀਟ, ਸ਼ਰਾਬ, ਭੁੱਕੀ, ਫੀਮ, ਗੋਲੀਆਂ ਪਤਾ ਨੀ ਕੀ-ਕੀ ਲਿਆ ਕੇ ਦਿੰਨੈਂ। ਭੁੱਕੀ ਦੇ ਟਰੱਕ 'ਚ ਅੰਦਰ ਨੇ। ਓਏ ਕਾਨੂੰਨ ਤਾਂ ਸਾਰਿਆਂ ਲਈ ਆ। ਜਿਹੜੇ ਥੋਡੇ ਮੂੰਹ 'ਚ ਹੱਡ ਦਿੰਦੇ ਆ ਨਾ, ਗੋਲੇ ਓਂ ਗੋਲੇ ਉਨ੍ਹਾਂ ਦੇ। ਸਾਲਾ ਗਰੀਬ ਤਾਂ ਜੇਲ੍ਹ 'ਚ ਬੀ ਗਰੀਬ ਆ।"

"ਓਏ ਜ਼ਬਾਨ ਬੰਦ ਕਰਦੈਂ ਕਿ ਨਹੀਂ? ਸਾਲੇ ਦੇ ਗੋਲੀ ਮਾਰ ਦੂੰ। ਝੜੰਮ ਜਾਤ ਲੈ ਮਸਤਣ ਲੱਗੀ ਆ। ਕਾਨੂੰਨ ਸਮਝਾਉਣ ਲੱਗਿਆ ਮੈਨੂੰ। ਕੋਈ ਨੀ ਕਰਦੇ ਆਂ ਤੇਰਾ ਵੀ ਕੋਈ ਪ੍ਰਬੰਧ।" ਡਿਪਟੀ ਗੁੱਸੇ 'ਚ ਲਾਲ ਪੀਲਾ ਹੋ ਗਿਆ।

"ਕਰਦੇ ਆਂ ਤੇਰਾ ਵੀ ਕੋਈ ਪ੍ਰਬੰਧ।" ਇਹ ਸ਼ਬਦ ਦੂਰੋਂ ਆਉਂਦੇ ਅਜੈਬ ਦੇ ਕੰਨਾਂ ਵਿਚ ਬੰਬ ਵਾਂਗੂ ਫਟੇ।

ਉਹ ਜੁਆਲੇ ਨੂੰ ਪੁਚਕਾਰਦਾ ਬੈਰਕਾਂ ਵੱਲ ਲੈ ਗਿਆ। ਉਹ ਡਿਪਟੀ ਦੇ ਕਹੇ ਸ਼ਬਦ, "ਕਰਦੇ ਆਂ ਤੇਰਾ ਵੀ ਕੋਈ ਪ੍ਰਬੰਧ" ਦੇ ਅਰਥਾਂ ਵਿਚ ਗੁਆਚਾ ਸਿਰ ਤੋਂ ਪੈਰਾਂ ਤੱਕ ਕੰਬ ਗਿਆ ਸੀ। ਅਜੇ ਪਿਛਲੇ ਹਫਤੇ ਹੀ ਤਾਂ ਘੁਤਰੇ ਸੁਨਿਆਰ ਦੇ ਕਰੰਟ ਲਾ ਕੇ ਪ੍ਰਬੰਧ ਕੀਤਾ ਸੀ। ਉਸ ਵਿਚਾਰੇ ਨੇ ਤਾਂ ਇਕ ਦਿਨ ਜੇਲ੍ਹ 'ਚ ਦੌਰੇ 'ਤੇ ਆਏ ਜੱਜ ਸਾਹਮਣੇ ਇਥੇ ਹੁੰਦੀਆਂ ਵਧੀਕੀਆਂ ਦਾ ਕੱਚਾ ਚਿੱਠਾ ਈ ਤਾਂ ਪੇਸ਼ ਕੀਤਾ ਸੀ।

"ਨਾ ਲੜਿਆ ਕਰ ਵੱਡੇ ਵੀਰ। ਤਕੜੇ ਦਾ ਸੱਤੀਂ ਵੀਹੀਂ ਸੌ ਹੁੰਦੈ। ਐਵੇਂ ਆਪਣਾ ਈ ਖੂਨ ਸਾੜੀ ਜਾਨੈਂ। ਉਲਟੀ ਅਫਸਰਾਂ ਨਾਲ ਦੁਸ਼ਮਣੀ। ਅੰਦਰ ਇਨ੍ਹਾਂ ਲਗਾੜਿਆਂ ਨਾਲ ਅੱਡ ਵੈਰ। ਓਏ ਇਨ੍ਹਾਂ ਦੀਆਂ ਤਾਂ ਮੰਤਰੀਆਂ ਨਾਲ ਯਾਰੀਆਂ ਨੇ, ਤੇਰੀ ਸੁਣਨੀ ਕੀਹਨੇ ਆ। ਪੈਸੇ ਆਲੇ ਦਾ ਕਾਨੂੰਨ ਆ।" ਅਜੈਬ ਨੇ ਪਿਆਰ ਨਾਲ ਸਮਝਾਉਣ ਦੀ ਕੋਸ਼ਿਸ਼ ਕੀਤੀ।

"ਜੈਬ ਸਿਆਂ ਰਿਹਾ ਨੀ ਜਾਂਦਾ।" ਜੁਆਲੇ ਨੇ ਗੰਭੀਰ ਹੋ ਕੇ ਅਜੈਬ ਨੂੰ ਬਾਹਾਂ ਵਿਚ ਘੁੱਟ ਲਿਆ ਸੀ। ਉਸ ਦੀਆਂ ਤਰਸ ਭਰੀਆਂ ਅੱਖਾਂ ਵਿਚ ਝਲਕਦਾ ਗੁੱਸਾ ਭਾਫ ਜਿਹਾ ਬਣ ਕੇ ਉਡ ਗਿਆ ਸੀ।

ਹੁਣ ਜੁਆਲਾ ਚੁੱਪ ਰਹਿਣ ਲੱਗ ਪਿਆ ਸੀ। ਕਦੇ-ਕਦੇ ਗ਼ਮ 'ਚ ਭਰਿਆ ਅੱਖਾਂ ਥਾਣੀਂ ਛਲਕ ਜਾਂਦਾ। ਸਿਸਕੀਆਂ ਭਰਦਾ ਪਰਨੇ ਦੇ ਲੜ ਨਾਲ ਸਭ ਕੁਝ ਛੁਪਾ ਲੈਂਦਾ। ਉਹ ਕਾਇਰ ਵੀ ਨਹੀਂ ਸੀ। ਹੱਡਾਂ-ਪੈਰਾਂ ਦਾ ਖੁੱਲ੍ਹਾ ਹੌਸਲੇ ਨਾਲ ਜ਼ਮੀਨ 'ਤੇ ਪੈਰ ਧਰਨ ਵਾਲਾ ਆਕੜਖਾਨ ਸੀ। ਪਤਾ ਨਹੀਂ ਕੀ ਦੁੱਖ ਸੀ ਉਸ ਦੇ ਮਨ ਵਿਚ ਜਿਹੜਾ ਕਦੇ ਬੜ੍ਹਕ ਤੋਂ ਖਿੜਕ ਕੇ ਲਿਲਕ 'ਤੇ ਆ ਝੁਕਦਾ। ਬੈਰਕ ਦੀ ਨੁੱਕਰ ਵਿਚ ਕਈ-ਕਈ ਦਿਨ ਭੁੱਖਣ-ਭਾਣਾ ਖਾਮੋਸ਼ ਬੈਠਾ ਰਹਿੰਦਾ।

ਇਕ ਦਿਨ ਅਜੈਬ ਨੇ ਦਾਲ ਨੂੰ ਦੇਸੀ ਘਿਓ ਦਾ ਤੜਕਾ ਲਵਾਇਆ। ਜੁਆਲੇ ਨੂੰ ਹਾਕ ਮਾਰ ਦਿੱਤੀ।

"ਵੱਡੇ ਵੀਰ! ਅੱਜ ਆਪਾਂ ਰੋਟੀ 'ਕੱਠੇ ਈ ਖਾਵਾਂਗੇ।"

"ਨਹੀਂ ਬਈ ਨਹੀਂ ਜੈਬ ਸਿਆਂ! ਤੇਰੇ ਨਾਲ ਸਿਰਫ ਚਾਹ ਦੀ ਸਾਂਝ ਆ। ਬਾਕੀ ਸਾਰੀ ਜੇਲ੍ਹ ਦੇ ਤਾਂ ਮੈਂ ਧਾਰ ਨੀ ਮਾਰਦਾ। ਰੋਟੀ ਤਾਂ ਮੈਂ ਜੇਲ੍ਹ ਦੀ ਈ ਖਾਊਂ।" "ਇਹਦੇ ਨਾਲ ਕੀ ਫਰਕ ਪੈਂਦੈ। ਭਲਾ ਆਪਣੇ 'ਚ ਫਰਕ ਬੀ ਕੀ ਆ? ਤੈਨੂੰ ਭਾਈ ਜੋ ਕਹਿ-ਤਾ।"

"ਪੈਂਦੈ। ਫਰਕ ਪੈਂਦਾ। ਜੈਬ ਸਿਆਂ ਨਹੀਂ। ਅਸੂਲ ਭੰਗ ਹੁੰਦਾ। ਅੱਜ ਤੂੰ ਤੜਕੇ ਆਲੀ ਦੇ ਦੇਂਗਾ। ਕੱਲ੍ਹ ਨੂੰ ਕਿੱਥੋਂ ਭਾਲੂੰ। ਮੇਰੇ ਤਾਂ ਪਿੱਛੇ ਕੋਈ ਮੁਲਾਕਾਤ ਨੂੰ ਬੀ ਨੀ ਆਉਂਦਾ..."

"ਵੱਡੇ ਵੀਰ ਗੁੱਸਾ ਤਾਂ ਨੀ ਕਰੇਂਗਾ। ਜੇ ਇਕ ਗੱਲ ਪੁੱਛਾਂ ਤਾਂ...। ਆ ਜਾ ਕੋਲ ਆ ਜਾ।"

"ਗੁੱਸਾ ਕਾਹਦਾ ਜੈਬ ਸਿਆਂ। ਇਕ ਨੀ ਹਜ਼ਾਰ ਗੱਲ ਪੁੱਛ।"

"ਵੱਡੇ ਵੀਰ ਤੈਨੂੰ ਪਤਾ। ਮੈਂ ਤਾਂ ਵੱਡੇ ਭਾਈ ਦਾ ਬਦਲਾ ਲੈ ਕੇ ਇਥੇ ਆਇਆਂ। ਉਨ੍ਹਾਂ ਮੇਰੇ ਭਾਈ ਨੂੰ ਘਰੇ ਬੁਲਾ ਕੇ ਧੋਖੇ ਨਾਲ ਮਾਰਿਆ। ਪਰ ਮੈਂ ਤਾਂ ਚਿੱਟੇ ਦਿਨ ਸੱਥ ਵਿਚ ਲਲਕਾਰ ਕੇ ਮਾਰਿਆ ਸੀ। ਪਰ ਤੂੰ...।"

ਓਏ ਨਾ ਪੁੱਛ ਓਏ ਜੈਬ ਸਿਆਂ।...ਨਾ ਜ਼ਖਮ ਛੇੜ।" ਅਜੈਬ ਨੇ ਜਿਵੇਂ ਉਸ ਦੀ ਦੁਖਦੀ ਰਗ ਉਪਰ ਹੱਥ ਰੱਖ ਦਿੱਤਾ ਹੋਵੇ।

ਉਹ ਇਕਦਮ ਹੀ ਸ਼ਿਥਲ ਜਿਹਾ ਹੋ ਕੇ ਅਜੈਬ ਦੇ ਮੋਢੇ 'ਤੇ ਸਿਰ ਧਰ ਕੇ ਧਾਹਾਂ ਮਾਰ ਕੇ ਰੋਣ ਲੱਗ ਪਿਆ। ਅਜੈਬ ਹੈਰਾਨ ਸੀ ਕਿ ਇਹ ਚੱਟਾਨ ਕਿਵੇਂ ਥੋੜ੍ਹੇ ਜਿਹੇ ਅਹਿਸਾਸ ਦੇ ਪਤੀਲੇ ਨਾਲ ਭਰ ਗਈ ਸੀ। ਹੰਝੂਆਂ ਦੀ ਝੜੀ ਨੇ ਅਜੈਬ ਨੂੰ ਮੋਹ ਨਾਲ ਭਰ ਦਿੱਤਾ। ਉਹ ਜੁਆਲੇ ਦੀ ਪਿੱਠ ਥਾਪੜਦਾ ਹੌਸਲਾ ਦੇ ਕੇ ਚੁੱਪ ਕਰਾ ਰਿਹਾ ਸੀ।

"ਕਮਲਾ ਹੋ ਗਿਐਂ। ਭਲਾ ਐਂ ਰੋਈਦਾ। ਤਕੜਾ ਹੋ। ਮੈਂ ਤਾਂ ਤੈਨੂੰ ਲੋਹੇ ਦਾ ਮਰਦ ਸਮਝਦਾਂ। ਚੱਲ ਠੀਕ ਹੋ ਬੈਠ।"

"ਨਹੀਂਓ ਬਾਈ...ਕੀ ਕਰਾਂ? ਮੈਂ ਤਾਂ ਪਛਤਾਵੇ ਦੀ ਅੱਗ ਵਿਚ ਸੜ ਰਿਹਾਂ। ਮੈਨੂੰ ਪਾਪੀ ਨੂੰ ਤਾਂ ਨਰਕਾਂ 'ਚ ਬੀ ਢੋਈ ਨਾ ਮਿਲੇ। ਮੈਂ ਤਾਂ ਬਹੁਤ ਵੱਡਾ ਗੁਨਾਹਗਾਰ ਆਂ।"

"ਅਜਿਹਾ ਕਿਹੜਾ ਗੁਨਾਹ ਕਰ ਬੈਠਾਂ?"

ਜੁਆਲਾ ਸੰਭਲ ਕੇ ਬੈਠ ਗਿਆ। ਉਹਨੇ ਗ਼ਮ ਤੇ ਤਰਸ ਨਾਲ ਭਰੀਆਂ ਅੱਖਾਂ ਨਾਲ ਅਜੈਬ ਨੂੰ ਸਿਰ ਤੋਂ ਪੈਰਾਂ ਤੱਕ ਕਈ ਵਾਰੀ ਵੇਖਿਆ। ਉਸ ਦੀਆਂ ਅੱਖਾਂ ਵਿਚੋਂ ਅਪਣੱਤ ਛਲਕਦੀ ਵੇਖ ਕੇ ਜੁਆਲਾ ਫਿਸ ਜਿਹਾ ਗਿਆ।

"ਜੈਬ ਸਿਆਂ! ਮੈਂ ਬਹੁਤ ਵੱਡਾ ਪਾਪੀ ਆਂ। ਰੱਬ ਮੈਨੂੰ ਮਾਫ ਨਾ ਕਰੇ।" ਮੈਂ ਹੋਰ ਕਰਦਾ ਬੀ ਕੀ। ਬਾਈ ਜਦੋਂ ਮੈਂ ਸੁਰਤ ਸੰਭਾਲੀ, ਸਭ ਤੋਂ ਪਹਿਲਾਂ ਮੈਂ ਮਾਸਟਰ ਕਿਓਂ ਆਪਣੀ ਮਾਂ ਨੂੰ ਗੋਹਾ-ਕੂੜਾ ਕਰਨੋਂ ਹਟਾਇਆ। ਬਾਪੂ ਤਾਂ ਮੇਰਾ ਖੂਹੀ ਪੁੱਟਦਾ ਢਿੱਗ ਥੱਲੇ ਆ ਕੇ ਮਰ ਗਿਆ ਸੀ। ਕਈ ਸਾਲ ਬਾਹਰਲੇ ਪਿੰਡਾਂ 'ਚ ਸੀਰ ਕਰਦਾ ਰਿਹਾਂ। ਪਿਛਲੇ ਕਈ ਸਾਲਾਂ ਤੋਂ ਮਾਸਟਰ ਨਾਲ ਸੀਰੀ ਆਂ। ਖੂਬ ਹੱਡ ਤੋੜ ਕੇ ਉਹਦੇ ਖੇਤਾਂ 'ਚ ਰਿਊ ਬਣ ਕੇ ਖਿੰਡਦਾ ਰਿਹਾਂ। ਉਹਦੇ ਘਰ ਨੂੰ ਆਪਦਾ ਘਰ ਸਮਝਿਆ, ਸਮਝਦਾ ਬੀ ਕਿਉਂ ਨਾ, ਇਨ੍ਹਾਂ ਦਾ ਲੂਣ-ਪਾਣੀ ਜੋ ਖਾਂਦਾ ਸੀ।

"ਮੇਰੀ ਵੱਡੀ ਲੜਕੀ ਨੰਜੋ ਮਾਸਟਰ ਦੀ ਧੀ ਨਾਲ ਦਸਵੀਂ 'ਚ ਪੜ੍ਹਦੀ ਸੀ। ਦੋਹਾਂ ਦੇ ਸਹੇਲਪੁਣੇ ਨੂੰ ਵੇਖ ਕੇ ਮੈਨੂੰ ਕਈ ਵਾਰੀ ਲਗਦਾ ਕਿਤੇ ਮੇਰੀ ਨਜ਼ਰ ਈ ਨਾ ਲੱਗ ਜੇ। ਬੜੇ ਚਾਵਾਂ ਨਾਲ ਧੀ ਨੂੰ ਦਸਵੀਂ ਕਰਾਈ। ਅਗਾਂਹ ਕਾਲਜ ਭੇਜਣ ਦੀ ਮੇਰੀ



ਪਰੋਖੋਂ ਨੀ ਸੀ। ਕਿੰਨੀ ਸੋਹਣੀ ਸੀ ਡੁੱਬ ਜਾਣੀ ਮੇਰੀ ਨੰਜੋ। ਦਿਨਾਂ 'ਚ ਈ ਲਗਰ ਆਂਗੂੰ ਵਧ'ਗੀ। ਹੁਣ ਮੈਨੂੰ ਉਹਦੇ ਵਧਦੇ ਜਿਸਮ ਨੂੰ ਵੇਖ ਕੇ ਡਰ ਲੱਗਣ ਲੱਗ ਪਿਆ ਸੀ। ਜਦੋਂ ਉਹ ਵਿਹੜੇ 'ਚ ਫਿਰਦੀ ਜਿਵੇਂ ਅੱਗ ਦੀ ਲਾਟ ਹੋਵੇ।

"ਜਦੋਂ ਵੀ ਮੈਂ ਮਾਸਟਰ ਦੀ ਮੋਟਰ ਤੋਂ ਵਾਪਸ ਘਰੇ ਆਉਂਦਾ ਤਾਂ ਲੰਬੜ ਤੇ ਮਾਸਟਰ ਦੇ ਵਿਹਲੜ ਮੁੰਡਿਆਂ ਵੱਲੋਂ ਪੱਠੇ ਲੈਣ ਜਾਂਦੀਆਂ ਧੀਆਂ-ਭੈਣਾਂ ਨੂੰ ਮਸ਼ਕਰੀਆਂ ਮੈਥੋਂ ਜਰੀਆਂ ਨਾ ਜਾਂਦੀਆਂ। ਹੱਥ 'ਚ ਫੜੀ ਸੋਟੀ ਕਈ ਵਾਰੀ ਉਲਰਦੀ-ਉਲਰਦੀ ਬੋਚੀ। ਏਸੇ ਡਰੋਂ ਮੈਂ ਧੀ ਨੂੰ ਛੇਤੀ ਮੰਗ ਦਿੱਤਾ। ਗਰੀਬ ਦੀ ਇੱਜ਼ਤ ਤਾਂ ਚਿੱਟੀ ਚਾਦਰ ਹੁੰਦੀ ਐ। ਰਾਹ 'ਚ ਉੱਡਦਾ ਮਿੱਟੀ-ਘੱਟਾ ਬੀ ਦਾਗੀ ਕਰ ਜਾਂਦੈ।"

"ਇਕ ਦਿਨ ਮਾਸਟਰਨੀ ਨੂੰ ਮੈਂ ਉਹਦੇ ਮੁੰਡੇ ਦੀਆਂ ਕਰਤੂਤਾਂ ਬਾਰੇ ਕਹਿ ਬੈਠਾ। ਬਸ ਫਿਰ ਕੀ ਸੀ। ਜਾਤ-ਅਭਿਮਾਨ ਸਿਰ ਚੜ੍ਹ ਕੇ ਬੋਲਣ ਲੱਗਾ। "ਨਾ ਤੈਨੂੰ ਸਾਡਾ ਈ ਮੁੰਡਾ ਦੀਂਹਦਾ। ਖਬਰਦਾਰ ਜੇ ਮੇਰੇ ਮੁੰਡੇ ਬਾਰੇ ਘੱਟ-ਵੱਧ ਬੋਲਿਆ। ਆਪਦੀਆਂ ਉਨ੍ਹਾਂ ਵਿਹੜੇ ਵਾਲੀਆਂ ਖੋਤੜੀਆਂ ਨੂੰ ਸਮਝਾ ਜਿਹੜੀਆਂ ਰਾਹ-ਖੇਤ ਜਾਂਦੀਆਂ ਮੇਰੇ ਮੁੰਡੇ ਨਾਲ ਖਹਿੰਦੀਆਂ ਨੇ।"

ਇਸ ਦਿਨ ਤੋਂ ਬਾਅਦ ਮੈਂ ਕਦੇ ਬੀ ਆਪਣੀ ਧੀ ਨੂੰ ਮਾਸਟਰ ਦੇ ਘਰੇ ਨਾ ਆਉਣ ਦਿੱਤਾ। "ਪੈਸੇ ਆਲਾ ਭਲਾ ਧੀ ਨੂੰ ਕਦੋਂ ਘਰੇ ਰੱਖਦਾ। ਮਾਸਟਰ ਨੇ ਆਪਣੀ ਧੀ ਦਾ ਵਿਆਹ ਧਰ-ਤਾ। ਮੈਂ ਬੀ ਸੋਚਿਆ, ਬਈ ਮੇਰੀ ਧੀ ਕੀ ਸੋਚੂ। ਬਸ ਇਹ ਸੋਚ ਕੇ ਮੈਂ ਬੀ ਦਿਨ ਭੇਜ 'ਤੇ। ਪਰ ਪੱਲੇ ਫੁੱਟੀ ਕੌਡੀ ਬੀ ਨੀ ਸੀ।" ਐਵੇਂ ਭਾਵੁਕ ਜਿਹਾ ਹੋ ਗਿਆ। ਜੁਆਲਾ ਹੌਕੇ ਭਰਨ ਲੱਗਾ। ਅਜੈਬ ਨੇ ਪਾਣੀ ਦਾ ਗਿਲਾਸ ਦਿੰਦਿਆਂ ਪਿੱਠ ਨੂੰ ਥਾਪੜਿਆ।

"ਹੌਸਲਾ ਰੱਖ ਬਾਈ ਹੌਸਲਾ।" "ਔ...ਹੋ...ਹੋ...ਜੈਬ ਸਿਆਂ...ਵਿਆਹ ਤਾਂ ਮੈਂ ਧਰ ਬੈਠਾ। ਪਰ ਪੈਸਿਆਂ ਬਾਰੇ ਕੁਝ ਬੀ ਨਾ ਸੋਚਿਆ। ਹੌਸਲਾ ਕਰਕੇ ਮਾਸਟਰ ਅੱਗੇ ਜਾ ਆਪਣੀ ਮਜਬੂਰੀ ਰੱਖੀ। ਮੈਨੂੰ ਅੰਦਰੋਂ ਡਰ ਜਿਹਾ ਲੱਗ ਰਿਹਾ ਸੀ, ਕਿਤੇ ਜਵਾਬ ਈ ਨਾ ਦੇ ਦੇਵੇ। ਉਹਦੇ ਘਰੇ ਬੀ ਤਾਂ ਵਿਆਹ ਸੀ। ਪਰ ਬਥੇਰਾ ਰਪੌੜ ਸੀ ਉਹਦੇ ਕੋਲੇ। ਭਲਾ ਕਿਸੇ ਦੀ ਮਜਬੂਰੀ ਨੂੰ ਕੌਣ ਸਮਝਦੈ। ਠਾਹ ਕਰਦਾ ਜਵਾਬ ਮੇਰੇ ਮੱਥੇ ਵਿਚ ਵੱਜਿਆ।

"ਓਏ ਤੈਨੂੰ ਦੀਂਹਦਾ ਨੀ ਸੀ ਬਈ ਮੇਰੇ ਘਰੇ ਵੀ ਵਿਆਹ ਰੱਖਿਆ ਹੋਇਆ। ਤੈਨੂੰ ਐਡੀ ਕਿਹੜੀ ਕਾਹਲੀ ਸੀ, ਕਿਹੜੀ ਤੇਰੀ ਧੀ ਬੁੱਢੀ ਹੋ ਚੱਲੀ ਸੀ। ਨਾਲੇ ਪੈਸੇ ਕਿਹੜਾ ਝਾੜੀਆਂ ਨੂੰ ਲੱਗਦੇ ਨੇ।" ਮਾਸਟਰ ਪੈਸੇ ਦੇਣ ਲੱਗਿਆਂ ਮਾਹਾਂ ਦੇ ਆਟੇ ਵਾਂਗੂੰ ਆਕੜ ਗਿਆ ਸੀ। "ਮਾਸਟਰ ਜੀ! ਆਪਦੇ ਈ ਮੰਗਦਾਂ। ਦੋ ਸਾਲਾਂ ਦਾ ਸਾਰਾ ਈ ਹਿਸਾਬ-ਕਿਤਾਬ ਪਿਐ।" "ਜਾਹ ਜਾ ਕੇ ਮੋਟਰ ਤੇ ਪਾਣੀ ਛੱਡ। ਅਗਲੇ ਸਾਲ ਕਰਦੀਂ ਵਿਆਹ। ਸਾਲੇ ਵੇਲਾ-ਕੁਵੇਲਾ ਵੀ ਨੀ ਵੇਖਦੇ।"

ਬਸ ਫਿਰ ਕੀ ਸੀ। ਗਲ ਵਿਚ ਬਗਲੀ ਪਾ ਕੇ ਸਾਰੇ ਰਿਸ਼ਤੇਦਾਰਾਂ ਕੋਲ ਪੈਸਿਆਂ ਦੀ ਖੈਰ ਮੰਗਣ ਚੜ੍ਹ ਪਿਆ। ਕਿਸੇ ਨੇ ਬੀ ਮੇਰੀ ਝੋਲੀ ਫੁੱਟੀ ਕੌਡੀ ਨਾ ਪਾਈ। ਪਾਉਂਦੇ ਬੀ ਬਿਚਾਰੇ ਕਿੱਥੋਂ? ਸਾਰੇ ਈ ਤਾਂ ਮੇਰੇ ਅਰਗੇ ਨੰਗ ਸੀ। ਆਥਣ ਹੋ ਚੱਲਿਆ ਸੀ। ਹੁਣ ਘਰ ਵੜਨਾ ਮੇਰੇ ਲਈ ਮੌਤ ਸੀ। ਹੌਲੀ ਹੌਲੀ ਮੈਂ ਰਾਤ ਦੀ ਉਡੀਕ ਕਰਨ ਲੱਗਾ। ਤਰ੍ਹਾਂ-ਤਰ੍ਹਾਂ ਦੇ ਖਿਆਲ ਮੈਨੂੰ ਝੰਬਣ ਲੱਗੇ। ਕਦੇ ਸੋਚਦਾ ਰਾਹ ਜਾਂਦੇ ਨੂੰ ਲੁੱਟ ਲਵਾਂ, ਚੋਰੀ ਕਰ ਲਵਾਂ। ਚੋਰੀ ਦਾ ਖਿਆਲ ਆਉਂਦਿਆਂ ਹੀ ਮਾਸਟਰ ਦੀ ਪੇਟੀ ਯਾਦ ਆ ਗਈ, ਜਿਸ ਵਿਚ ਗਹਿਣੇ, ਕੱਪੜੇ ਤੇ ਪੈਸੇ ਮੇਰੇ ਸਾਹਮਣੇ ਧਰੇ ਸੀ। ਅੱਜ ਮਾਸਟਰ ਬੀ ਤਾਂ ਘਰੇ ਨੀ ਸੀ। ਉਹਦੇ ਕੋਲ ਬਥੇਰਾ ਪੈਸਾ, ਆਪੇ ਹੋਰ ਬਣਾ ਲੂ ਪਰ ਅਚਾਨਕ ਹੀ ਗਹਿਣਿਆਂ 'ਚ ਸਜੀ ਨੰਜੋ ਦੀ ਸਹੇਲੀ ਮਾਸਟਰ ਦੀ ਧੀ ਮੇਰੇ ਸਾਹਮਣੇ ਆ ਖੜ੍ਹੀ।

"ਚਾਚਾ ਜੁਆਲਿਆ! ਮੇਰੇ ਗਹਿਣੇ ਚੋਰੀ ਕਰੇਂਗਾ? ਆਪਦੀ ਧੀ ਦੇ ਗਹਿਣੇ ਚੋਰੀ ਕਰੇਂਗਾ?"

"ਹੈਂ'ਅ...ਐਂ ਪ੍ਰੀਤੋ...ਮੇਰੀ ਧੀ ਦੀ ਸਹੇਲੀ...ਮੇਰੀ ਧੀ...ਨਹੀਂ। ਨਹੀਂ। ਮੇਰੀਏ ਬੱਚੀਏ...ਮੈਂ ਗੁੰਮਰਾਹ ਹੋ ਗਿਆਂ...ਪਰ ਮੈਂ ਕੀ ਕਰਾਂ...ਨੰਜੋ ਬੀ ਤਾਂ...। ਬਸ ਬਸ! ਮੈਥੋਂ ਨਹੀਂ ਹੋਣਾ ਇਹ ਪਾਪ...।"

ਬੇਵੱਸ ਜਿਹਾ ਹੋ ਕੇ ਮੈਂ ਪਿੰਡ ਵੱਲ ਹੋ ਤੁਰਿਆ। ਰਸਤੇ ਵਿਚ ਸੰਗਤਪੁਰੀਆ ਮੇਰਾ ਪੁਰਾਣਾ ਮਾਲਕ ਮਿਲ ਗਿਆ। ਕਈ ਸਾਲ ਪਹਿਲਾਂ ਇਹਦੇ ਨਾਲ ਦੋ ਸਾਲ ਸੀਰ ਕੀਤਾ ਸੀ। ਉਹਦੀ ਡੱਬ ਵਿਚ ਬੋਤਲ ਵੇਖ ਕੇ ਮੇਰਾ ਚਿਹਰਾ ਖਿੜ ਗਿਆ। ਅਸੀਂ ਦੋਹਾਂ ਨੇ ਸ਼ਰਾਬ ਪੀਤੀ। "ਜੁਆਲਿਆ! ਆੜ੍ਹਤੀਏ ਤੋਂ ਪੈਸੇ ਲੈ ਕੇ ਆਇਆਂ। ਕੁੜੀ ਦਾ ਵਿਆਹ ਰੱਖਿਆ ਹੋਇਆ। ਬਥੇਰੀਆਂ ਹਾੜ੍ਹੀਆਂ-ਸਾਉਣੀਆਂ ਲੰਘਾ ਦਿੱਤੀਆਂ...ਵਿਚਾਰੀ ਗਊ ਨੇ ਕੀ ਬੋਲਣਾ ਸੀ...। ਯਾਰ ਜਰੂਰ ਆਈਂ। ਨਾਲੇ ਕੰਮ-ਧੰਦਾ ਵੀ ਤਾਂ ਤੂੰ ਹੀ ਕਰਨਾ।" ਸੰਗਤਪੁਰੀਆ ਧੀ ਦਾ ਵਿਆਹ ਰੱਖ ਕੇ ਜਿਵੇਂ ਮਣਾਂ-ਮੂੰਹੀਂ ਭਾਰ ਥੱਲਿਓਂ ਨਿਕਲਿਆ ਜਾਪ ਰਿਹਾ ਸੀ। "ਹਾਂ! ਹਾਂ! ਜ਼ਰੂਰ ਆਊਂ ਸਰਦਾਰਾ!" ਜਿਉਂ ਹੀ ਸੰਗਤਪੁਰੀਆ ਸਾਈਕਲ ਤੇ ਚੜ੍ਹਨ ਲੱਗਾ ਤਾਂ ਉਸ ਦੀ ਜੇਬ ਵਿਚੋਂ ਇਕ ਗੁਥਲੀ ਜਿਹੀ ਡਿੱਗ ਪਈ।

"ਓਏ ਸਰਦਾਰਾ! ਇਹ ਕੀ ਡਿੱਗ ਪਿਐ।" ਮੈਂ ਜਦੋਂ ਗੁਥਲੀ ਚੁੱਕੀ ਤਾਂ ਹੈਰਾਨ ਰਹਿ ਗਿਆ। ਨੋਟਾਂ ਦੀਆਂ ਥਹੀਆਂ ਸਨ। "ਕਿਉਂ ਮਾਰੀ ਹਾਕ? ਕਹਿ ਦਿਆਂ ਕੁਸ਼ ਨੀ। ਸਭ ਠੀਕ ਹੋ ਜਾਊ। ਆਹ ਕਿਹੜਾ ਮਾਰਿਆ-ਮਾਰਿਆ ਫਿਰਦੈਂ, ਬੇੜਾ ਪਾਰ ਹੋਜੂ। ਹਾਂ! ਹਾਂ! ਠੀਕ ਆ।"

"ਕੀ ਕਿਹਾ, ਜੁਆਲਿਆ?"

"ਕੁਸ਼ ਨੀ ਕੁਸ਼ ਨੀ।" ਓਏ ਕੁੱਤਿਆ! ਇਹਨੇ ਤੇਰੇ ਨਾਲ ਕਿੰਨਾ ਪਿਆਰ ਤੇ ਅਪਣੱਤ ਜਤਾਈ ਆ ਤੇ ਤੂੰ ਡੁੱਬ ਗਿਆ ਲਾਲਚ 'ਚ। ਓਏ ਇਹਦੀ ਧੀ...ਤੇਰੀ ਨੰਜੋ...ਸ਼ਰਮ ਕਰ ਕੁਸ਼ ਸ਼ਰਮ। ਮੇਰੇ ਅੰਦਰਲੇ ਨੇ ਮੂੰਹ 'ਤੇ ਚਪੇੜ ਮਾਰੀ।

"ਨਹੀਂ। ਨਹੀਂ। ਮੈਨੂੰ ਮਾਫ ਕਰ ਦੇ। ਗੱਲ ਸੁਣੀਂ ਸਰਦਾਰਾ! ਆਹ ਤੇਰੇ ਪੈਸੇ ਡਿੱਗ ਪਏ ਨੇ। ਵਿਚਾਰੇ ਨੇ ਪਤਾ ਨੀ ਕਿੰਨੇ ਕੁ ਵਿਆਹ 'ਤੇ ਚੁੱਕੇ ਹੋਣਗੇ।"

ਬਸ ਫਿਰ ਮੈਂ ਲੱਤਾਂ ਘਸੀਟਦਾ ਰਾਤ ਦੇ ਹਨੇਰੇ 'ਚ ਘਰੇ ਆ ਗਿਆ। ਸਾਰਾ ਟੱਬਰ ਸੁੱਤਾ ਪਿਆ ਸੀ। ਘਰ ਵਾਲੀ ਨੇ ਰੋਟੀ ਪੁੱਛੀ ਪਰ ਮੈਂ 'ਖਾ ਕੇ ਆਇਆਂ' ਦਾ ਲਾਰਾ ਲਾ ਕੇ ਮੰਜੀ 'ਤੇ ਧੜੰਮ ਡਿੱਗ ਪਿਆ। ਨਸ਼ੇ ਦੀ ਲੋਰ ਵਿਚ ਮੈਨੂੰ ਲੱਗਿਆ ਜਿਵੇਂ ਆਕਾਸ਼ ਦੇ ਸਾਰੇ ਤਾਰੇ ਮੇਰੀ ਝੋਲੀ ਵਿਚ ਆ ਡਿੱਗੇ ਹੋਣ। ਮੈਂ ਖੁਸ਼ ਹੋ ਰਿਹਾ ਸੀ। ਜਿਉਂ ਹੀ ਮੈਂ ਝੋਲੀ ਸਮੇਟ ਕੇ ਰੱਖਣ ਲੱਗਾ ਤਾਂ ਵੇਖਿਆ ਹਾਲਾਤਾਂ ਦੀ ਤੇਜ਼ ਹਨੇਰੀ ਕਾਰਣ ਮੇਰਾ ਸਭ ਕੁਝ ਈ ਰੁੜ੍ਹ ਗਿਆ ਸੀ। ਮੈਂ ਚਾਦਰ ਨੂੰ ਬੋਚਦਾ ਅੱਖਾਂ ਪਾੜ ਕੇ ਆਲੇ-ਦੁਆਲੇ ਵੇਖਣ ਲੱਗਾ। ਸਾਰਾ ਟੱਬਰ ਘੂਕ ਸੁੱਤਾ ਪਿਆ ਸੀ। ਹਨੇਰੇ 'ਚ ਬਣਦੇ ਸਾਏ ਮੇਰਾ ਤ੍ਰਾਹ ਕੱਢ ਦਿੰਦੇ। ਦੂਰ ਕਿਤੋਂ ਉਲੂ ਦੇ ਬੋਲਣ ਦੀ ਆਵਾਜ਼ ਮੈਨੂੰ ਹੋਰ ਡਰਾ ਦਿੰਦੀ।

ਅਚਾਨਕ ਹੀ ਮੇਰੇ ਮਨ ਵਿਚ ਇਕ ਖਿਆਲ ਆਇਆ। ਦਹਿਲ ਨਾਲ ਕੰਬਣ ਲੱਗਾ।

"ਨਹੀਂ! ਨਹੀਂ! ਇਹ ਨਹੀਂ...ਨਹੀਂ ਹੋਣਾ ਮੈਥੋਂ। ਪਰ ਹੁਣ ਹੋਰ ਹੋ ਬੀ ਕੀ ਸਕਦੈ? ਚਾਰ ਦਿਨ ਰਹਿ ਗਏ ਨੇ ਵਿਆਹ 'ਚ।" ਮੇਰਾ ਮਨ ਕੰਬ ਉਠਿਆ।

ਪਰ੍ਹੇ ਮੰਜੇ 'ਤੇ ਨੰਜੋ ਘੂਕ ਸੁੱਤੀ ਪਈ ਚੰਦ ਆਂਗੂੰ ਚਮਕ ਰਹੀ ਸੀ। ਮੈਂ ਪੂਰਾ ਤਾਣ ਲਾ ਕੇ ਉਠਿਆ, ਘਰ ਵਿਚੋਂ ਕੋਈ ਚੀਜ਼ ਭਾਲਣ ਲੱਗਾ। ਅਚਾਨਕ ਮੇਰੇ ਹੱਥ ਗੰਨੇ ਵੱਢਣ ਵਾਲਾ ਗੰਡਾਸਾ ਆ ਗਿਆ। ਮੈਂ ਚਮਕ ਉਠਿਆ। ਪਰ ਦੂਜੇ ਹੀ ਪਲ ਘਬਰਾ ਗਿਆ।

"ਨਹੀਂ। ਨਹੀਂ। ਜੁਆਲਿਆ ਕਿਉਂ...ਪਰ...ਪਰ...ਹੋਰ ਕਰਾਂ ਬੀ ਕੀ?

"ਬਸ ਇਕੋ ਹੀ ਪਲ ਮੈਂ ਨੰਜੋ ਦੇ ਮੰਜੇ ਕੋਲ ਸੀ। ਦੂਜੇ ਪਲ ਮੈਨੂੰ ਪਤਾ ਈ ਨਾ ਲੱਗਿਆ...ਵਿਚਾਰੀ ਨੰਜੋ ਦਾ ਧੜ ਤੜਫ ਰਿਹਾ ਤੇ ਸਿਰ ਬੁੜ੍ਹਕ ਕੇ ਮੇਰੇ ਪੈਰਾਂ 'ਚ ਆ ਡਿੱਗਾ। ਮੈਂ ਆਪਣੀ ਧੀ ਦੇ ਖੂਨ 'ਚ ਹੱਥ ਰੰਗ ਲੇ ਜੈਬ ਸਿਆਂ...ਮੈਂ ਪਾਪੀ...। ਪਰ ਮੈਂ ਹੋਰ ਕਰਦਾ ਬੀ ਕੀ...ਆ...ਹੁੰ...ਹੁੰ।"

ਨਿੱਤ ਪਛਤਾਵੇ ਦੀ ਅੱਗ ਵਿਚ ਸੜਦਾਂ। ਚਾਰ ਭਮਾਲੀਆਂ ਦੇ ਕੇ ਈ ਤੋਰ ਦਿੰਦਾ...ਨਾ ਦਿੰਦਾ ਦਾਜ...ਪਰ ਜੈਬ ਸਿਆਂ...ਤੂੰ ਹੀ ਦੱਸ ਮੈਂ ਇਉਂ ਕਿਉਂ ਕੀਤਾ...ਮੈਨੂੰ ਬਾਹਰ ਨਿਕਲ ਲੈਣ ਦੇ ਸਾਲੇ ਮਾਸਟਰ ਦੀ...ਜੇ ਸਾਲਾ...ਮੇਰੀ ਮੇਹਨਤ ਈ ਦੇ ਦਿੰਦਾ ਤਾਂ...ਅ...ਹੁੰ...ਹੁੰ...।"

ਅਜੈਬ ਬਰੀ ਹੋ ਕੇ ਘਰੇ ਆ ਗਿਆ ਸੀ। ਆਉਣ ਲੱਗਿਆਂ ਜਦੋਂ ਉਹ ਜੁਆਲੇ ਨੂੰ ਮਿਲਿਆ ਤਾਂ ਉਹ ਅੰਤਾਂ ਦਾ ਉਦਾਸ ਸੀ। "ਅੱਛਾ ਜੈਬ ਸਿਆਂ...ਕੋਈ ਗਲਤੀ ਹੋਗੀ ਹੋਵੇ ਤਾਂ ਮਾਫ ਕਰੀਂ। ਪਿੱਛੇ ਮੇਰੀ ਇਕ ਛੋਟੀ ਧੀ ਬੀ ਆ। ਕਦੇ ਵੇਲੇ-ਕੁਵੇਲੇ ਘਰੇ ਜਾ ਆਵੀਂ।...ਚੰਗਾ। ਹੋ ਸਕਿਆ ਤਾਂ...।" ਜੁਆਲਾ ਭੁੱਬਾਂ ਮਾਰ ਕੇ ਰੋ ਪਿਆ ਸੀ।

"ਨਹੀਂ! ਨਹੀਂ! ਵੱਡੇ ਵੀਰ। ਪਰਵਾਹ ਨਾ ਕਰੀਂ...ਮੈਂ ਜ਼ਰੂਰ...।" ਦੋਵੇਂ ਜੱਫੀ ਪਾ ਕੇ ਕਿੰਨਾ ਹੀ ਚਿਰ ਰੋਂਦੇ ਰਹੇ।"

ਜੇਲ੍ਹੋਂ ਆ ਕੇ ਕਈ ਦਿਨਾਂ ਬਾਅਦ ਅਜੈਬ ਨੇ ਅਖਬਾਰ ਵਿਚ ਪੜ੍ਹਿਆ ਕਿ ਰੰਗਪੁਰ ਜੇਲ੍ਹ ਵਿਚ ਜੁਆਲਾ ਨਾਂ ਦਾ ਕੈਦੀ ਗਲਫਾਹਾ ਲੈ ਕੇ ਮਰ ਗਿਆ। ਉਸ ਨੂੰ ਰਤੀ ਵੀ ਹੈਰਾਨੀ ਨਾ ਹੋਈ। ਡਿਪਟੀ ਦੇ ਕਹੇ ਸ਼ਬਦ 'ਕੋਈ ਨੀ ਕਰਦੇ ਆਂ ਤੇਰਾ ਵੀ ਕੋਈ ਪ੍ਰਬੰਧ' ਅੱਜ ਵੀ ਉਹਦੇ ਕੰਨਾਂ ਵਿਚ ਗੂੰਜ ਰਹੇ ਸਨ।

# ਪੰਜਾਬੀ ਤੋਂ ਬਾਹਰ ਫੈਲਦੀ ਮਹਿਮਾ

## ਅੰਮ੍ਰਿਤਾ ਪ੍ਰੀਤਮ-5



ਗੁਰਬਚਨ ਸਿੰਘ ਭੁੱਲਰ
ਫੋਨ: 1191-1142502364
bhullargs@gmail.com

ਜਜ਼ਬਾਤੀ ਹੋਣ ਦੇ ਨਾਲ ਨਾਲ, ਮੇਰਾ ਲੱਖਣ ਹੈ, ਅੰਮ੍ਰਿਤਾ ਕੁਝ ਭੋਲੀ ਵੀ ਸੀ। ਚਲਾਕ ਤਾਂ ਉਹ ਯਕੀਨਨ ਨਹੀਂ ਸੀ। ਕਈ ਨਵੇਂ ਪਰ ਚੁਸਤ ਲੇਖਕ ਉਹਦੇ ਭੋਲੇ ਸੁਭਾਅ ਦਾ ਫਾਇਦਾ ਵੀ ਉਠਾਉਂਦੇ। ਨਾਂਵਾਂ ਵਿਚ ਤਾਂ ਕਾਹਨੂੰ ਪਈਏ, ਉਹ ਪੰਜਾਬੋਂ ਆਉਂਦੇ ਹੋਏ ਗੁੜ, ਗੰਨੇ, ਬੇਰ, ਸਾਗ ਲੈ ਆਉਂਦੇ ਤੇ ਆਖਦੇ, ਦੀਦੀ; ਇਹ ਤੁਹਾਡੇ ਲਈ ਨਹੀਂ, ਨਾਗਮਣੀ ਲਈ ਹੈ। ਭਾਵੇਂ ਬਾਜ਼ਾਰੋਂ ਖਰੀਦੀਆਂ ਹੋਈਆਂ ਇਨ੍ਹਾਂ ਚੀਜ਼ਾਂ ਨੂੰ ਨਾਗਮਣੀ ਲਈ ਲਿਆਂਦੀਆਂ ਘਰ ਦੀਆਂ ਸੁਗਾਤਾਂ ਦਸਦੇ। ਅੰਮ੍ਰਿਤਾ ਗਦਗਦ ਹੋ ਜਾਂਦੀ। ਉਹ ਉਨ੍ਹਾਂ ਦੀਆਂ ਨਾ ਛਪਣਯੋਗ ਰਚਨਾਵਾਂ ਹੀ ਨਾ ਛਾਪਦੀ ਸਗੋਂ ਉਨੀ-ਇੱਕੀ ਰਚਨਾਵਾਂ ਨੂੰ ਸਮਾਂ ਦੇ ਕੇ ਤੇ ਮਿਹਨਤ ਕਰ ਕੇ ਸੋਧਦੀ ਤੇ ਛਪਣਯੋਗ ਬਣਾਉਂਦੀ। ਉਨ੍ਹਾਂ ਲੇਖਕਾਂ ਨੇ ਪੰਜਾਬ ਵਿਚ ਆਪਣੀ-ਆਪਣੀ ਥਾਂ ਅੰਮ੍ਰਿਤਾ ਤੇ 'ਨਾਗਮਣੀ' ਦੀਆਂ ਚੌਕੀਆਂ ਸਥਾਪਤ ਕਰ ਲਈਆਂ। 'ਨਾਗਮਣੀ' ਦਾ ਆਪਣਾ ਜਲੌਅ ਸੀ। ਉਸ ਵਿਚ ਛਪਣਾ, ਖਾਸ ਕਰਕੇ ਨਵੇਂ ਲੇਖਕਾਂ ਲਈ ਬੜੇ ਮਾਣ ਦੀ ਗੱਲ ਸੀ। ਉਹ ਆਪਣੀ ਰਚਨਾ ਵਾਲਾ ਅੰਕ ਤਮਗੇ ਵਾਂਗ ਚੁੱਕੀਂ ਫਿਰਦੇ।

ਇਸ ਵਰਤਾਰੇ ਦਾ 'ਵਿਰੋਧ-ਵਿਕਾਸੀ' ਪ੍ਰਤੀਕਰਮ ਵੀ ਹੋਇਆ। ਕਿਸੇ ਕਾਰਨ ਪਾਸੇ ਰਹਿ ਗਏ ਲੇਖਕ 'ਨਾਗਮਣੀ' ਨੂੰ ਅਸ਼ਲੀਲ ਤੇ ਪਿਛਲਖੁਰੀ ਰਸਾਲਾ ਕਹਿਣ ਲੱਗੇ। ਅਸਲ ਕਾਰਨ ਅੰਮ੍ਰਿਤਾ ਤੱਕ ਪਹੁੰਚ ਦਾ ਕੋਈ ਵਸੀਲਾ, ਬਹਾਨਾ ਜਾਂ ਸਬੱਬ ਨਾ ਮਿਲਣਾ ਹੁੰਦਾ ਸੀ। ਮਿਸਾਲ ਵਜੋਂ ਸਾਡੇ ਬਰਨਾਲੇ ਦੇ ਕੁਝ ਲੇਖਕ ਸਮਾਜਕ ਕਦਰਾਂ-ਕੀਮਤਾਂ ਦੇ ਕੁਝ ਬਹੁਤੇ ਹੀ ਰਖਵਾਲੇ ਬਣ ਗਏ। ਉਨ੍ਹਾਂ ਨੇ ਅੰਮ੍ਰਿਤਾ-ਵਿਰੋਧੀ ਜਲੂਸ ਕੱਢਿਆ ਤੇ ਛੱਤਾ ਖੂਹ ਚੌਕ ਵਿਚ 'ਨਾਗਮਣੀ' ਦੇ ਪਰਚੇ ਫੂਕੇ। ਇਹ ਖਬਰ ਅਖਬਾਰਾਂ ਵਿਚ ਵੀ ਛਪਵਾਈ। ਮੁਹਰੈਲਾਂ ਵਿਚ ਮੇਰਾ ਮਿੱਤਰ ਜੋਗਾ ਸਿੰਘ ਵੀ ਸੀ। ਕੁਝ ਚਿਰ ਮਗਰੋਂ ਜੋਗਾ ਸਿੰਘ ਦਾ ਕਿਸੇ ਨਾਲ ਅੰਮ੍ਰਿਤਾ ਦੇ ਘਰ ਪਹੁੰਚਣ ਦਾ ਸਬੱਬ ਬਣ ਗਿਆ। ਇਹ ਸੰਭਵ ਨਹੀਂ ਸੀ, ਖਾਸ ਕਰਕੇ ਕਿਸੇ ਨਵੇਂ ਲੇਖਕ ਵਾਸਤੇ, ਕਿ ਉਹ ਅੰਮ੍ਰਿਤਾ ਦੀ ਟੂਣੇਹਾਰੀ ਸ਼ਖ਼ਸੀਅਤ ਦੇ ਮੰਤਰੇ ਹੋਏ ਆਭਾ-ਮੰਡਲ ਵਿਚ ਪਹੁੰਚ ਜਾਵੇ ਤੇ ਬੀਨ ਦੇ ਸੱਪ ਵਾਂਗ ਕੀਲਿਆ ਨਾ ਜਾਵੇ! ਇਸ ਇਕੋ ਯਾਤਰਾ ਨਾਲ ਉਹ ਵਿਰੋਧੀ ਅੰਦੋਲਕ ਤੋਂ ਅਨਿਨ ਭਗਤ ਬਣ ਗਿਆ। ਦਿੱਲੀ ਆਇਆ ਉਹ ਅੰਮ੍ਰਿਤਾ ਦੇ ਦਰ ਨਤਮਸਤਕ ਹੋ ਕੇ ਹਾਜ਼ਰੀ ਜ਼ਰੂਰ ਭਰਦਾ ਤੇ ਆਪਣੀਆਂ ਅੱਗੇਵਧੂ ਰਚਨਾਵਾਂ ਪਿੱਛੇਖਿਚੂ 'ਨਾਗਮਣੀ' 'ਚ ਛਪਵਾ ਕੇ ਧੰਨ ਹੋਇਆ ਰਹਿੰਦਾ!

ਕੋਈ ਨਵਾਂ ਲੇਖਕ ਲੱਭ ਕੇ ਅੰਮ੍ਰਿਤਾ ਆਪਣੇ ਸਾਹਿਤਕ ਕੰਮ, ਖਾਸ ਕਰਕੇ ਆਪਣੀਆਂ ਰਚਨਾਵਾਂ ਦਾ ਹਿੰਦੀ ਅਨੁਵਾਦ ਕਰਵਾਉਂਦੀ। ਹਿੰਦੀ ਵਿਚ ਉਹਦੀਆਂ ਰਚਨਾਵਾਂ ਅਨੁਵਾਦਕ ਦੇ ਨਾਂ ਤੋਂ ਬਿਨਾਂ ਹੀ ਛਪਦੀਆਂ ਸਨ। ਅਸੀਂ ਅਜਿਹੇ ਲੇਖਕ ਨੂੰ ਮੁਣਸ਼ੀ ਆਖਦੇ। ਉਨ੍ਹਾਂ ਦਿਨਾਂ ਵਿਚ ਸਾਡੀ ਰਾਮਪੁਰਾ ਮੰਡੀ ਵਿਚ ਰਹਿੰਦੇ ਸਾਡੇ ਅੱਧੇ ਪਿੰਡ ਦੀਆਂ ਔਰਤਾਂ ਦੇ ਪੁੱਛਾਂ ਦੇਣ ਵਾਲੇ ਪਾਧੇ ਉਦੈ ਭਾਨ ਦਾ ਪੁੱਤਰ ਸਤੀਸ਼ ਕੁਮਾਰ ਕਪਿਲ ਇਹ ਸੇਵਾ ਨਿਭਾ ਰਿਹਾ ਸੀ। ਅੰਮ੍ਰਿਤਾ ਨੇ ਉਹਦੇ ਨਾਂ ਨਾਲੋਂ ਕਪਿਲ ਤਾਂ ਛਾਂਗਿਆ ਹੀ, ਸਤੀਸ਼ ਦਾ 'ਸ਼' ਵੀ ਛਿੱਲ ਦਿੱਤਾ। ਹੁਣ ਉਹ ਸਤੀ ਕੁਮਾਰ ਸੀ। ਕੁਝ ਸਮੇਂ ਪਿਛੋਂ ਉਹਦੀਆਂ ਸੇਵਾਵਾਂ ਦਾ ਮੁੱਲ ਪਾਉਂਦਿਆਂ ਇਕ ਸਮਾਜਵਾਦੀ ਦੇਸ ਦੇ ਦੂਤਾਵਾਸ ਨੂੰ ਆਖ ਕੇ ਅੰਮ੍ਰਿਤਾ ਨੇ ਉਹਨੂੰ ਬਾਹਰ ਭਿਜਵਾ ਦਿੱਤਾ ਜਿਥੋਂ ਉਹ ਅੱਗੇ ਸਵੀਡਨ ਜਾ ਵਸਿਆ। ਸਤੀ ਕੋਲ ਬੈਠੀ ਅੰਮ੍ਰਿਤਾ ਨੂੰ ਦੇਖ ਕੇ ਮੈਨੂੰ ਆਪਣੀ ਰਾਮਪੁਰੇ ਵਾਲੀ ਪਾਧੀ, ਸਤੀਸ਼ ਦੀ ਮਾਂ ਯਾਦ ਆ ਜਾਂਦੀ। ਇਸੇ ਕਰਕੇ ਜਦੋਂ ਅੰਮ੍ਰਿਤਾ ਦੇ ਗੁਜ਼ਰ ਜਾਣ ਮਗਰੋਂ ਉਹਨੇ ਆਪਣੇ ਆਪ ਨੂੰ ਉਹਦੇ ਸੱਚੇ-ਝੂਠੇ ਆਸ਼ਕਾਂ ਦੀ ਕਤਾਰ ਦੇ ਸਿਰੇ ਉਤੇ ਖੜ੍ਹਾ ਕਰ ਲਿਆ, ਮੈਨੂੰ ਹੈਰਾਨੀ ਵੀ ਹੋਈ, ਹਾਸਾ ਵੀ ਆਇਆ, ਪਰ ਆਖ਼ਰ ਮੈਂ ਸੋਚਿਆ, ਬਿਚਾਰੇ ਸਾਡੇ ਪੰਡਿਤਾਂ ਦੇ ਮੁੰਡੇ ਦੇ ਦਿਮਾਗ਼ ਉਤੇ ਪਰਦੇਸ ਦੀ, ਉਮਰ ਦੀ ਅਤੇ ਚੰਦਰੀ ਬੀਮਾਰੀ ਦੀ ਮਾਰ ਪੈ ਗਈ ਹੈ।

ਫੇਰ ਬਹੁਤ ਲੰਮਾ ਸਮਾਂ ਇਹ ਸੇਵਾ ਸਾਡੇ ਬਰਨਾਲੇ ਵਾਲੇ ਕੇਵਲ ਸੂਦ ਨੇ ਆਪਣੇ ਜ਼ਿੰਮੇ ਲੈ ਰੱਖੀ। ਅੰਮ੍ਰਿਤਾ ਨੇ ਉਹਦਾ ਨਾਂ ਨਹੀਂ ਸੀ ਬਦਲਿਆ। ਅਸੀਂ ਹਸਦੇ, ਮੂਲ ਤਾਂ ਕਿਤੇ ਹੈ ਹੀ ਨਹੀਂ, ਇਹ ਪਹਿਲਾਂ ਹੀ 'ਸਿਰਫ ਸੂਦ' ਹੈ, ਅੰਮ੍ਰਿਤਾ ਕੀ ਕੱਟੇ-ਜੋੜੇ! ਜਿਵੇਂ ਪਹਿਲਵਾਨ ਦਾ ਜਾਂਘੀਆ ਚੁੱਕ ਕੇ ਉਹਦੇ ਪਿੱਛੇ-ਪਿੱਛੇ ਤੁਰਨ ਵਾਲੇ ਪੱਠੇ ਨੂੰ ਪੱਠਾ ਹੋਣ ਦਾ ਮਾਣ ਹੁੰਦਾ ਹੈ, ਕੇਵਲ ਸੂਦ ਨੂੰ ਅੰਮ੍ਰਿਤਾ ਦਾ ਮੁਣਸ਼ੀ ਹੋਣ ਦਾ ਮਾਣ ਸੀ। ਇਕ ਸ਼ਾਮ ਅੰਮ੍ਰਿਤਾ ਦੇ ਘਰੋਂ ਨਿੱਕਲ ਕੇ ਕੁਦਰਤੀ ਅਸੀਂ ਤਿੰਨੇ ਆਪਣੀ-ਆਪਣੀ ਬਸ ਲੈਣ ਲਈ ਕਨਾਟ ਪਲੇਸ ਪਹੁੰਚ ਗਏ। ਗੁਰਦੇਵ ਕਹਿੰਦਾ, "ਲੈ ਅੱਜ ਤਮਾਸ਼ਾ ਦਿਖਾਵਾਂ।" ਸੂਦ ਨੇ ਹੱਥ ਹਿਲਾਇਆ, "ਅੱਛਾ ਬਈ, ਮੈਂ ਤਾਂ ਬਸ ਫੜਦਾ ਹਾਂ।" ਮੈਂ ਕਿਹਾ, "ਘਰ ਕੀ ਭੱਜਿਆ ਜਾਂਦਾ ਹੈ। ਰੰਗ-ਬਰੰਗੀਆਂ ਬੱਤੀਆਂ ਵਿਚ ਸਾਰੀ ਦਿੱਲੀ ਦਾ ਹੁਸਨ ਜੁੜਿਆ ਹੋਇਆ ਹੈ। ਨਜ਼ਾਰਾ ਲੈਂਦੇ ਇਕ ਗੇੜਾ ਤਾਂ ਲਾਈਏ।" ਅਸੀਂ ਤਿੰਨੇ ਕਾਫ਼ੀ ਹਾਊਸ ਵਾਲੇ ਪਾਸਿਉਂ ਬਰਾਂਡੇ ਵਿਚ ਤੁਰ ਪਏ। ਗੁਰਦੇਵ ਕਹਿੰਦਾ, "ਸੂਦ ਯਾਰ, ਇਕ ਸਿਗਰਟ ਕੱਢ, ਦਾਰੂ ਖ਼ਿੜਾਈਏ।" ਉਹਨੇ ਸਿਗਰਟ ਬਾਲ਼ੀ, ਲੰਮਾ ਸੂਟਾ ਖਿੱਚਿਆ ਤੇ ਬੋਲਿਆ, "ਬਈ ਪੱਗ ਨਾਲ ਸਿਗਰਟ ਪੀਂਦਾ ਬੰਦਾ ਸ਼ੋਭਦਾ ਨਹੀਂ। ਯਾਰ ਸੂਦ, ਐਹ ਮੇਰੀ ਪੱਗ ਫੜ ਲੈ।...ਦੇਖੀਂ ਢਹਿ ਨਾ ਜਾਵੇ!" ਅੱਗੇ ਮੌਜ ਵਿਚ ਰੁਪਾਣਾ, ਉਹਦੇ ਪਿੱਛੇ ਦੋਵਾਂ ਹੱਥਾਂ ਉਤੇ ਉਹਦੀ ਪੱਗ ਸੰਭਾਲੀ ਸੂਦ ਤੇ ਸਭ ਤੋਂ ਪਿੱਛੇ ਦੋਵਾਂ ਦਾ ਨਜ਼ਾਰਾ ਲੈਂਦਾ ਮੈਂ। ਜਦੋਂ ਪੂਰਾ ਚੱਕਰ ਕੱਟ ਕੇ ਗੋਲ ਬਰਾਂਡੇ ਦੇ ਦੂਜੇ ਸਿਰੇ ਪਹੁੰਚੇ, ਗੁਰਦੇਵ ਨੇ ਸਿਗਰਟ ਦਾ ਬਚਿਆ ਟੋਟਾ ਵਗਾਹਿਆ ਤੇ ਕਹਿੰਦਾ, "ਲਿਆ ਬਈ ਸੂਦ ਸਿਆਂ ਮੇਰੀ ਪੱਗ, ਤੇਰਾ ਬਹੁਤ ਬਹੁਤ ਧੰਨਿਆਵਾਦ!"

ਅਗਲੇ ਦਿਨ ਦਫ਼ਤਰ ਖੁਲ੍ਹਦਿਆਂ ਹੀ ਸੂਦ ਮੇਰੇ ਕਮਰੇ ਵਿਚ ਆਇਆ ਅਤੇ ਕੁਝ ਗੁੱਸੇ ਤੇ ਕੁਝ ਗਿਲੇ ਨਾਲ ਬੋਲਿਆ, "ਉਹ ਕੇਹੋ ਜਿਹਾ ਅਜੀਬ ਬੰਦਾ ਹੈ ਤੇਰਾ ਦੋਸਤ!" ਮੈਂ ਮਚਲਾ ਬਣ ਗਿਆ, "ਕਿਹੜਾ ਦੋਸਤ? ਮੇਰੇ ਤਾਂ ਪੰਜਾਹ ਦੋਸਤ ਨੇ!" ਉਹ ਤਮਕਿਆ, "ਰੁਪਾਣਾ।" ਮੈਂ ਫੇਰ ਘੇਸਲ ਮਾਰੀ, "ਕਿਉਂ ਕੀ ਕਹਿ ਦਿੱਤਾ ਤੈਨੂੰ ਰੁਪਾਣੇ ਨੇ?" ਉਹ ਹੈਰਾਨ ਹੋਇਆ, "ਹੱਦ ਹੋ ਗਈ! ਤੈਨੂੰ ਪਤਾ ਹੀ ਨਹੀਂ ਕੀ ਹੋਇਆ? ਰਾਤ ਉਹ ਮੈਨੂੰ ਪੱਗ ਚੁਕਾਈਂ ਫਿਰਿਆ। ਉਹ ਸੂਟੇ ਮਾਰਦਾ ਮਹਾਰਾਜਾ ਬਣਿਆ ਅੱਗੇ ਅੱਗੇ ਤੇ ਮੈਂ ਚੋਬਦਾਰ ਵਾਂਗੂੰ ਉਹਦੀ ਪੱਗ ਚੁੱਕੀਂ ਪਿੱਛੇ ਪਿੱਛੇ।" ਉਹਨੇ ਦੂਹਰਾ ਗਿਲਾ ਕੀਤਾ, "ਸਾਲੀ ਮਹਿੰਗੀ ਸਿਗਰਟ ਵੀ ਮੇਰੀ...!" ਮੈਂ ਹਾਸਾ ਰੋਕ ਕੇ ਕਿਹਾ, "ਦੇਖ ਸੂਦ, ਉਹਨੇ ਧੱਕੇ ਨਾਲ ਤਾਂ ਪੱਗ ਤੈਨੂੰ ਚੁਕਾਈ ਨਹੀਂ। ਉਹਨੇ ਫੜਾਈ ਤੇ ਤੂੰ ਖ਼ੁਸ਼ੀ ਖ਼ੁਸ਼ੀ ਫੜ ਲਈ।" ਉਹ ਰੋਣਹਾਕਾ ਹੋ ਗਿਆ, "ਸੁਆਹ ਖ਼ੁਸ਼ੀ ਖ਼ੁਸ਼ੀ, ਘੁੱਟ ਮੂੰਹ ਨੂੰ ਲੱਗੀ ਵਿਚ ਮੈਨੂੰ ਤਾਂ ਭਲਾ ਸਮਝ ਨਾ ਆਈ, ਉਹਨੂੰ ਤਾਂ ਕੁਛ ਸਮਝਣਾ ਚਾਹੀਦਾ ਸੀ। ਕੋਈ ਦੋਸਤ ਨਾਲ ਇਉਂ ਵੀ ਕਰਦੈ?"

ਮੈਂ ਠੰਢਾ ਛਿੜਕਿਆ, "ਤੈਨੂੰ ਤਾਂ ਦਾਰੂ ਪੀਤੀ ਕਰ ਕੇ ਸਮਝ ਨਹੀਂ ਆਈ, ਉਹਨੂੰ ਤਾਂ ਬਿਨਾਂ ਪੀਤਿਆਂ ਵੀ ਕੁਛ ਸਮਝ ਨਹੀਂ ਆਉਂਦਾ। ਚੱਲ ਛੱਡ, ਭੁੱਲ ਜਾ ਸਾਰੀ ਗੱਲ!"

ਸੂਦ ਮਗਰੋਂ ਡਾ. ਅਮਰਜੀਤ ਕੌਰ ਪੱਕੇ ਤੌਰ ਉਤੇ ਇਸ ਸੇਵਾ-ਆਸਣ ਉਤੇ ਬਿਰਾਜਮਾਨ ਹੋ ਗਈ। ਅੰਮ੍ਰਿਤਾ ਨੇ ਨਾਮ-ਸੰਸਕਾਰ ਕਰ ਕੇ



ਉਹਨੂੰ ਅਮੀਆ ਕੁੰਵਰ ਬਣਾ ਦਿੱਤਾ। ਅੰਮ੍ਰਿਤਾ ਚਲੀ ਗਈ ਪਰ ਉਹ ਅਜੇ ਵੀ ਸਿਦਕ-ਸੇਵਾ ਨਿਭਾ ਰਹੀ ਹੈ। ਅੰਮ੍ਰਿਤਾ ਦੇ ਨਾਂ ਨਾਲ ਸੱਚਾ-ਝੂਠਾ ਜੋ ਕੁਝ ਵੀ ਜੁੜਿਆ ਹੋਇਆ ਹੈ, ਉਹਦੇ ਖੰਡਣ ਦੀ ਅਤੇ ਅਜਿਹੀਆਂ 'ਬੇਅਦਬ' ਗੱਲਾਂ ਕਰਨ ਵਾਲਿਆਂ ਨੂੰ ਭੰਡਣ ਦੀ ਵੱਡੀ ਜ਼ਿੰਮੇਵਾਰੀ ਉਹਨੇ ਆਪਣੇ ਸਿਰ ਲਈ ਹੋਈ ਹੈ। ਹੌਲੀ-ਹੌਲੀ ਅੰਮ੍ਰਿਤਾ ਦੀ ਪ੍ਰਸਿੱਧੀ ਉਹਦੀ ਰਚਨਾ ਤੋਂ ਸੁਤੰਤਰ ਰੂਪ ਵਿਚ ਅਤੇ ਰਚਨਾ ਦੇ ਮਿਆਰ ਨੂੰ ਪਿੱਛੇ ਛਡਦਿਆਂ ਪਹਿਲਾਂ ਪੰਜਾਬੀ ਦੀਆਂ ਹੱਦਾਂ ਪਾਰ ਕਰ ਕੇ ਹੋਰ ਭਾਰਤੀ ਭਾਸ਼ਾਵਾਂ ਵਿਚ ਫ਼ੈਲ ਗਈ ਅਤੇ ਫੇਰ ਅਨੇਕ ਬਾਹਰਲੇ ਦੇਸਾਂ ਤੱਕ, ਖਾਸ ਕਰਕੇ ਸੋਵੀਅਤ ਯੂਨੀਅਨ ਤੇ ਹੋਰ ਸਮਾਜਵਾਦੀ ਦੇਸਾਂ ਤੱਕ ਪੁੱਜ ਗਈ। ਬਦੇਸੀ ਭਾਸ਼ਾਵਾਂ ਵਿਚ ਉਹਦੀਆਂ ਰਚਨਾਵਾਂ ਦੇ ਅਨੁਵਾਦ ਹੋਣ ਲੱਗੇ ਅਤੇ, ਜਿਵੇਂ ਸਮਾਜਵਾਦੀ ਦੇਸਾਂ ਵਿਚ ਸਾਹਿਤ ਦੇ ਖੇਤਰ ਵਿਚ ਆਮ ਗੱਲ ਸੀ, ਲੱਖਾਂ ਦੀ ਗਿਣਤੀ ਵਿਚ ਛਪਣ ਲੱਗੇ। ਇਕ ਦੌਰ ਅਜਿਹਾ ਆਇਆ, ਕਿਸੇ ਸਮਾਜਵਾਦੀ ਦੇਸ ਤੋਂ ਕੋਈ ਸਾਹਿਤਕ-ਸਭਿਆਚਾਰਕ ਪ੍ਰਤੀਨਿਧ-ਮੰਡਲ ਆਉਂਦਾ, ਅੰਮ੍ਰਿਤਾ ਨਾਲ ਮਿਲਣੀ ਉਹਦੀ ਸਮਾਂ-ਵੰਡ ਵਿਚ ਪਹਿਲਾਂ ਤੋਂ ਸ਼ਾਮਲ ਹੁੰਦੀ। ਉਨ੍ਹਾਂ ਦੇਸਾਂ ਦੇ ਸੱਦਿਆਂ ਸਦਕਾ ਅਕਸਰ ਹੀ ਉਹਦੇ ਗੇੜੇ ਵੀ ਬਾਹਰ ਲਗਦੇ ਰਹਿੰਦੇ। ਬਦੇਸਾਂ ਦੇ ਅਨੇਕ ਪ੍ਰਮੁੱਖ ਸਾਹਿਤਕਾਰਾਂ ਨਾਲ ਉਹਦੀ ਨਿੱਘੀ ਦੋਸਤੀ ਹੋ ਗਈ।


ਉਹਦੀ ਵਡਿਆਈ ਵਿਚ ਇਹ ਕਹਿਣਾ ਵਾਜਬ ਹੈ ਕਿ ਕੁਝ ਆਪਣੀ ਰਚਨਾ ਰਾਹੀਂ ਅਤੇ ਉਸ ਤੋਂ ਵੱਧ ਆਪਣੀ ਚੁੰਬਕੀ ਸ਼ਖ਼ਸੀਅਤ ਰਾਹੀਂ ਉਹਨੇ ਪੰਜਾਬੀ ਸਾਹਿਤ ਦੀ ਸੁਗੰਧ ਜਿੰਨੀ ਦੂਰ ਤੱਕ ਫ਼ੈਲਾਈ, ਉਹ ਮਾਣ ਹੋਰ ਕਿਸੇ ਪੰਜਾਬੀ ਸਾਹਿਤਕਾਰ ਦੇ ਹਿੱਸੇ ਨਹੀਂ ਆਇਆ। ਜਿਨ੍ਹਾਂ ਲੋਕਾਂ ਨੇ ਉਹਦਾ ਕੁਝ ਪੜ੍ਹਿਆ ਨਹੀਂ ਸੀ ਹੁੰਦਾ, ਉਹ ਵੀ ਜਾਣਦੇ ਸਨ ਕਿ ਉਹ ਪੰਜਾਬੀ ਦੀ ਵੱਡੀ ਲੇਖਕ ਹੈ। ਇਕ ਵਾਰ ਬੜੀ ਦਿਲਚਸਪ ਗੱਲ ਹੋਈ। ਸਾਡੇ ਦਫ਼ਤਰ ਵਿਚ ਗੋਪੀਨਾਥ ਮੈਨਨ ਨਾਂ ਦਾ ਇਕ ਮਲਿਆਲੀ ਸੀ। ਉਹ ਦਿੱਲੀ ਮਲਿਆਲੀ ਸਭਾ ਦਾ ਸਕੱਤਰ ਸੀ। ਹੁਣ ਦਾ ਤਾਂ ਪਤਾ ਨਹੀਂ, ਓਦੋਂ ਇਹ ਸਭਾ ਏਨੀ ਤਕੜੀ ਸੀ ਕਿ ਦਿੱਲੀ ਵਿਚ ਵਸਦੇ ਜੱਜਾਂ ਅਤੇ ਉਚੇ ਅਧਿਕਾਰੀਆਂ ਸਮੇਤ ਕਹਿੰਦੇ-ਕਹਾਉਂਦੇ ਮਲਿਆਲੀ ਇਹਦੇ ਮੈਂਬਰ ਸਨ। ਸਭਾ ਹਰ ਸਾਲ ਮਲਿਆਲੀ ਫ਼ਿਲਮਾਂ ਦਾ ਇਨਾਮੀ ਮੇਲਾ ਕਿਸੇ ਵੱਡੇ ਹਾਲ ਵਿਚ ਕਰਵਾਉਂਦੀ। ਇਕ ਦਿਨ ਗੋਪੀ ਆਇਆ ਤੇ ਬੋਲਿਆ, "ਅੰਮ੍ਰਿਤਾ ਪ੍ਰੀਤਮ ਕਿਆ ਆਪ ਕਾ ਬਹੁਤ ਬੜਾ ਲੇਖਕ ਹੈ?" ਮੈਥੋਂ 'ਹਾਂ' ਸੁਣ ਕੇ ਕਹਿੰਦਾ, "ਹਮਾਰੇ ਫ਼ਿਲਮ ਮੇਲੇ ਕੀ ਜਿਉਰੀ ਕੇ ਮੈਂਬਰ ਕੇ ਵਾਸਤੇ ਕਿਸੀ ਨੇ ਉਸ ਕਾ ਨਾਮ ਸੁਜੈਸਟ ਕੀਆ ਹੈ। ਇਨਵਾਈਟ ਕਰੇਂ ਤੋ ਵੁਹ ਆਏਗਾ?"

ਮੈਂ ਜਾਣਦਾ ਸੀ, ਅੰਮ੍ਰਿਤਾ ਨੇ ਸਾਹਿਤ ਦੇ ਸਹਾਰੇ ਘਰ ਚਲਾਇਆ। ਇਹ ਕੋਈ ਸੌਖਾ ਕੰਮ ਨਹੀਂ ਸੀ। ਉਹਦਾ ਕਿਰਸੀ ਤੇ ਸੰਜਮੀ ਹੋ ਜਾਣਾ ਕੁਦਰਤੀ ਸੀ। ਮੈਂ ਕਿਹਾ, ਕੀ ਦਿਉਂਗੇ? ਉਹਦਾ ਕਹਿਣਾ ਸੀ ਕਿ ਰਵਾਇਤ ਅਨੁਸਾਰ ਜਿਉਰੀ ਦੀ ਮੈਂਬਰੀ ਤਾਂ ਮਾਣ-ਸਨਮਾਣ ਹੁੰਦੀ ਹੈ ਜਿਸ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਮੈਂ ਮੁਸਕਰਾ ਕੇ ਕਿਹਾ, "ਕਾਰ ਦੇ ਤੇਲ ਦੇ ਪੈਸੇ ਤਾਂ ਦਿਉ ਭਾਈ!" ਅਗਲੇ ਦਿਨ ਉਹ ਫੇਰ ਆਇਆ ਅਤੇ ਹੈਰਾਨ ਹੋ ਕੇ ਬੋਲਿਆ, "ਆਪ ਕੋ ਕੈਸੇ ਪਤਾ ਥਾ ਵੁਹ ਕਾਰ ਕਾ ਤੇਲ ਕਾ ਪੈਸਾ ਮਾਂਗੇਗਾ?" ਮੈਂ ਹੱਸਿਆ, "ਇਕ ਅਣਜਾਣੀ ਜ਼ਬਾਨ ਦੀਆਂ ਫ਼ਿਲਮਾਂ ਬਾਰੇ ਰਾਇ ਦੇਣ ਲਈ ਉਹ ਹਰ ਰੋਜ਼ ਆਪਣਾ ਕੰਮ ਛਡਦਿਆਂ ਘੰਟਿਆਂ-ਬੱਧੀ ਬੱਝ ਕੇ ਵੀ ਬੈਠੇ ਤੇ ਤੇਲ ਵੀ ਕੋਲੋਂ ਬਾਲੇ!"

(ਚਲਦਾ)

# ਜਗਜੀਤ ਸਿੰਘ ਅਨੰਦ ਵਾਰਤਕ ਪੁਰਸਕਾਰ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

1954 ਵਿਚ ਮੈਂ ਕੈਂਪ ਕਾਲਜ ਨਵੀਂ ਦਿੱਲੀ ਦਾ ਵਿਦਿਆਰਥੀ ਸਾਂ ਜਦੋਂ ਜਗਜੀਤ ਸਿੰਘ ਅਨੰਦ ਨੂੰ ਪਹਿਲੀ ਵਾਰ ਵੇਖਿਆ। ਉਹ ਕਿਸੇ ਕਮਿਊਨਿਸਟ ਸਮਾਗਮ ਵਿਚ ਕਾਮਰੇਡ ਗੋਪਾਲਨ ਦੇ ਭਾਸ਼ਣ ਦਾ ਪੰਜਾਬੀ ਵਿਚ ਨਾਲ ਦੀ ਨਾਲ ਉਲਥਾ ਕਰ ਰਿਹਾ ਸੀ। ਮੇਰੀ ਓਸ ਵੇਲੇ ਦੀ ਸਮਝ ਅਨੁਸਾਰ ਉਸ ਦਾ ਪੰਜਾਬੀ ਉਲਥਾ ਗੋਪਾਲਨ ਦੀ ਤੇਜ਼ ਤਰਾਰ ਅੰਗਰੇਜ਼ੀ ਨਾਲੋਂ ਦੋ ਪੈਰ ਅੱਗੇ ਚੱਲ ਰਿਹਾ ਸੀ। ਜਦੋਂ ਮੈਨੂੰ ਪਤਾ ਲੱਗਿਆ ਕਿ ਉਹ ਗੁਰਬਖਸ਼ ਸਿੰਘ ਪ੍ਰੀਤਲੜੀ ਦਾ ਜੁਆਈ ਹੈ ਤਾਂ ਮੈਨੂੰ ਉਰਮਿਲਾ ਤੇ ਅਨੰਦ ਦੇ ਵਿਆਹ ਦੇ ਬੰਧਨ ਵਿਚ ਬੰਨ੍ਹੇ ਜਾਣ ਦੀ ਸਮਝ ਆਈ। ਉਸ ਦੇ ਚੇਤੇ ਨੂੰ ਖੋਰਾ ਵੀ ਓਨੀ ਹੀ ਤੇਜ਼ ਗਤੀ ਨਾਲ ਲੱਗੇਗਾ, ਕਦੀ ਸੋਚਿਆ ਨਹੀਂ ਸੀ।

95 ਨੂੰ ਢੁਕਿਆ ਜਗਜੀਤ ਸਿੰਘ ਅਨੰਦ ਕਈ ਵਰ੍ਹੇ ਭਾਰਤੀ ਵਿਸ਼ਵ ਵਿਦਿਆਲਿਆਂ ਦੀ ਗੈਰ ਅਧਿਆਪਕ ਜਥੇਬੰਦੀ ਦਾ ਪ੍ਰਧਾਨ ਵੀ ਰਿਹਾ ਹੈ। ਮੇਰੇ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵਿਚ ਕੰਮ ਕਰਨ ਸਮੇਂ ਉਸ ਸੰਸਥਾ ਦੀ ਗੈਰ-ਅਧਿਆਪਨ ਜਥੇਬੰਦੀ ਦਾ ਪ੍ਰਧਾਨ ਰੂਪ ਸਿੰਘ ਰੂਪਾ ਸੀ। ਹੁਣ ਰੂਪਾ ਦੇ ਅਮਰੀਕਾ ਜਾ ਕੇ ਦੋ ਪਟਰੌਲ ਪੰਪਾਂ ਦਾ ਮਾਲਕ ਬਣ ਜਾਣ ਪਿੱਛੋਂ ਉਸ ਦੀ ਬੇਨਤੀ ਉਤੇ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਨੇ ਜਗਜੀਤ ਸਿੰਘ ਅਨੰਦ ਦੇ ਨਾਂ ਉਤੇ ਵਧੀਆ ਵਾਰਤਕ ਲੇਖਕਾਂ ਲਈ ਇੱਕ ਪੁਰਸਕਾਰ ਸਥਾਪਤ ਕੀਤਾ ਹੈ। ਅਨੰਦ ਦੇ ਜੀਊਂਦੇ ਜੀ ਇਹ ਅਮਲ ਮੈਨੂੰ ਚੰਗਾ ਨਹੀਂ ਸੀ ਲੱਗਿਆ। ਪਰ ਉਸ ਦੇ ਚੇਤੇ ਨੂੰ ਲਗੇ ਖੋਰੇ ਦੀ ਥਾਹ ਪਾਉਣ ਤੋਂ ਪਿੱਛੋਂ ਮੈਨੂੰ ਜਾਪਿਆ ਕਿ ਰੂਪਾ ਦੀ ਕਾਰਵਾਈ ਠੀਕ ਹੀ ਸੀ। ਠੀਕ ਨਾਲੋਂ ਵੀ ਉਤੇ। ਆਪਣੇ ਗੁਰੂ ਲਈ ਅਜਿਹੀ ਸ਼ਰਧਾ ਹਰ ਕੋਈ ਨਹੀਂ ਰਖਦਾ।

15 ਮਾਰਚ 2015 ਨੂੰ ਪੰਜਾਬੀ ਸਾਹਿਤ ਅਕਾਡਮੀ ਨੇ ਵਿਦਵਾਨਾਂ ਦੀ ਸੁੱਚੀ ਇਕਤਰਤਾ



ਜਗਜੀਤ ਸਿੰਘ ਅਨੰਦ

ਵਿਚ ਜਦੋਂ ਇਹ ਪੁਰਸਕਾਰ ਮੈਨੂੰ ਪ੍ਰਦਾਨ ਕੀਤਾ ਤਾਂ ਮੈਨੂੰ ਚੌਹਰੀ ਪ੍ਰਸੰਨਤਾ ਹੋਈ। ਪਹਿਲੇ ਇੱਕ ਚੇਲੇ ਦੀ ਆਪਣੇ ਆਗੂ ਪ੍ਰਤੀ ਸ਼ਰਧਾ ਦੇਖ ਕੇ। ਦੂਜੇ ਪੰਜਾਬੀ ਸਾਹਿਤ ਅਕਾਡਮੀ ਵੱਲੋਂ ਇਸ ਸ਼ਰਧਾ ਉਤੇ ਫੁੱਲ ਚੜ੍ਹਾਉਣ ਉਤੇ, ਤੀਜੇ ਪੁਰਸਕਾਰ ਦਾ ਜਗਜੀਤ ਸਿੰਘ ਅਨੰਦ ਦੇ ਜੀਊਂਦੇ ਜੀ ਨੇਪਰੇ ਚੜ੍ਹਨ ਉਤੇ ਅਤੇ ਚੌਥੇ ਆਪਣੀ ਵਾਰਤਕ ਸ਼ੈਲੀ ਨੂੰ ਜਗਜੀਤ ਅਨੰਦ ਦੀ ਸ਼ੈਲੀ ਨਾਲ ਜੁੜਦੀ ਵੇਖ ਕੇ। ਸਭ ਤੋਂ ਵੱਡੀ ਤਸੱਲੀ ਵਾਲੀ ਗੱਲ ਇਹ ਕਿ ਜਗਜੀਤ ਅਨੰਦ ਦਾ ਪਰਿਵਾਰ ਉਸ ਦੀ ਸਾਂਭ-ਸੰਭਾਲ 'ਚ ਕੋਈ ਕਸਰ ਨਹੀਂ ਛੱਡ ਰਿਹਾ। ਅਜਿਹਾ ਅਮਲ ਰੱਬ ਨਾਲ ਆਢਾ ਲੈਣ ਵਰਗਾ ਹੁੰਦਾ ਹੈ!

**ਜਦੋਂ ਮੈਂ ਹਵਾਲਾਤ ਦੇਖੀ:** ਮੇਰੀ ਉਮਰ ਅੱਸੀਆਂ ਤੋਂ ਉਤੇ ਹੈ। ਮੈਂ ਕਲ ਤੱਕ ਥਾਣੇ ਦੀ ਹਵਾਲਾਤ ਨਹੀਂ ਸੀ ਦੇਖੀ। ਆਈ ਜੀ, ਡੀ ਆਈ ਜੀ ਤੇ ਪੁਲਿਸ ਕਪਤਾਨ ਮਿੱਤਰ ਵੀ ਬਣੇ ਪਰ ਹਵਾਲਾਤ ਜਾਣ ਦਾ ਸਬੱਬ ਨਹੀਂ ਬਣਿਆ। ਹੁਣ ਜਦੋਂ 36 ਸੈਕਟਰ, ਚੰਡੀਗੜ੍ਹ ਦੇ ਥਾਣੇ ਦਾ ਐਸ ਐਚ ਓ ਰਾਮ ਦਿਆਲ ਬਣ ਕੇ ਆਇਆ ਤਾਂ ਮੈਨੂੰ ਕਿਸੇ ਕੰਮ ਥਾਣੇ ਜਾਣਾ ਪੈ ਗਿਆ। ਉਹ ਹੁਸ਼ਿਆਪੁਰ ਜ਼ਿਲ੍ਹੇ ਦੇ ਪਿੰਡ ਹੂਕੜਾਂ ਦਾ ਜੰਮਪਲ ਹੈ ਜਿਹੜਾ ਕਿ ਮੇਰੇ ਕਵੀ ਮਿੱਤਰ ਤਾਰਾ ਸਿੰਘ ਕਾਮਲ ਦਾ ਜੱਦੀ ਪਿੰਡ ਹੈ।


ਮੈਂ ਉਸ ਦੇ ਦਫ਼ਤਰ ਜਾਂਦਿਆਂ ਸਾਰ ਉਸ ਨੂੰ ਪਹਿਲਾ ਕੰਮ ਇਹੀਓ ਕਿਹਾ ਕਿ ਮੈਨੂੰ ਥਾਣੇ ਦੇ ਕੰਮਾਂ ਬਾਰੇ ਵੀ ਦੱਸੇ ਤੇ ਇਸ ਦੇ ਵੱਖ ਵੱਖ ਅੰਗਾਂ ਬਾਰੇ ਵੀ। ਉਹ ਹੈਰਾਨ ਸੀ ਕਿ ਮੈਂ ਹਵਾਲਾਤ ਨਹੀਂ ਸੀ ਵੇਖੀ। ਮੈਂ ਉਸਨੂੰ ਦੱਸਿਆ ਕਿ ਮੈਂ ਜ਼ਿੰਦਗੀ 'ਚ ਕਦੀ ਕ੍ਰਾਂਤੀਕਾਰੀ ਨਹੀਂ ਰਿਹਾ ਤੇ ਨਾ ਹੀ ਅਜਿਹਾ ਮੁਲਜ਼ਮ ਜਿਸ ਨੂੰ ਥਾਣੇ ਜਾਂ ਹਵਾਲਾਤ ਡੱਕਣ ਦੀ ਲੋੜ ਪੈਂਦੀ ਹੈ। ਮੈਂ ਤਾਂ ਥਾਣਾ ਮੁਖੀ ਦਾ ਦਫ਼ਤਰ ਵੀ ਪਹਿਲੀ ਵਾਰ ਵੇਖ ਰਿਹਾ ਹਾਂ।

ਉਸ ਦੇ ਕਮਰੇ ਵਿਚ ਇਕ ਪਾਸੇ ਮੁਲਜ਼ਮਾਂ ਦਾ ਚਾਰਟ ਸੀ ਤੇ ਦੂਜੇ ਪਾਸੇ ਕਰਮਚਾਰੀਆਂ ਦੀ ਹਾਜ਼ਰੀ ਦਾ। ਇਹ ਵੇਖਣ ਲਈ ਕਿ ਕਿਹੜਾ ਕਰਮਚਾਰੀ ਹਾਜ਼ਰ ਹੈ ਤੇ ਕਿਹੜਾ ਮੁਲਜ਼ਮ ਕਦੋਂ ਆਇਆ ਤੇ ਕਿੱਥੇ ਹੈ। ਉਸ ਦਿਨ ਥਾਣੇ ਵਿਚ ਦੋ ਮੁਲਜ਼ਮ ਸਨ। ਇੱਕ ਮਹਿਲਾ ਇੱਕ ਮਰਦ। ਮਰਦ ਵੀ ਹਵਾਲਾਤ ਵਿਚ ਸੀ ਤੇ ਮਹਿਲਾ ਜ਼ਨਾਨੇ ਕਮਰੇ ਵਿਚ। ਉਨ੍ਹਾਂ ਨੂੰ ਟੱਟੀ ਪਿਸ਼ਾਬ ਵੀ ਓਥੇ ਹੀ ਜਾਣਾ ਪੈਂਦਾ ਸੀ। ਮਰਦਾਂ ਲਈ ਉਹਲਾ ਸਧਾਰਨ ਸੀ ਤੇ ਮਹਿਲਾ ਲਈ ਲੁਕਵਾਂ-ਛਿਪਵਾਂ। ਉਹ ਵਿਆਹ ਸ਼ਾਦੀਆਂ ਵਿਚ ਬੱਚੇ ਲੈ ਕੇ ਜਾਂਦੇ ਸਨ। ਬੱਚੇ ਸਮਾਨ ਚੋਰੀ ਕਰਕੇ ਉਨ੍ਹਾਂ ਨੂੰ ਲਿਆ ਦਿੰਦੇ ਸਨ ਜਿਸ ਤੋਂ ਪਿੱਛੋਂ ਸਾਰੇ ਜਾਣੀ-ਪਛਾਣੀ ਵਿੱਧੀ ਵਰਤ ਕੇ ਰਫੂ ਚੱਕਰ ਹੋ ਜਾਂਦੇ ਸਨ। ਥੋੜ੍ਹੀ ਬਹੁਤ ਛਿਤਰ ਪਰੇਡ ਤੋਂ ਪਿੱਛੋਂ ਅਧ-ਪਚਧੀਆਂ ਚੋਰੀਆਂ ਮੰਨ ਚੁੱਕੇ ਸਨ। ਉਨ੍ਹਾਂ ਦੇ ਚਿਹਰੇ ਮੁਰਝਾਏ ਹੋਏ ਸਨ।

ਮੈਂ ਥਾਣੇ ਦੇ ਮੁਣਸ਼ੀ ਦਾ ਕਮਰਾ ਵੀ ਦੇਖਿਆ ਤੇ ਉਸ ਦੇ ਨਾਲ ਵਾਲਾ ਰਿਕਾਰਡ ਰੂਮ ਤੇ ਫੇਰ ਮਾਲ ਖਾਨਾ ਵੀ ਜਿੱਥੇ ਥਾਣੇ ਦਾ ਆਪਣਾ ਤੇ ਚੋਰਾਂ ਤੋਂ ਮਿਲਿਆ ਸਾਮਾਨ ਵੀ ਰਖਿਆ ਹੋਇਆ ਸੀ। ਇੱਕ ਪਾਸੇ 25-30 ਅਜਿਹੇ ਗੈਸ ਸਲੰਡਰ ਪਏ ਸਨ ਜਿਹੜੇ ਠੱਗੀ ਕਰਨ ਵਾਲਿਆਂ ਨੇ ਨਕਲੀ ਤਿਆਰ ਕਰਕੇ ਵੇਚ ਰੱਖੇ ਸਨ। ਥਾਣੇ ਦੇ ਪਿਛਲੇ ਪਾਸੇ ਠੀਕ-ਠਾਕ ਕਾਰਾਂ ਖੜ੍ਹੀਆਂ ਸਨ ਤੇ ਥਾਣੇ ਦੇ ਬਾਹਰ ਤੇ ਚਾਰ ਦੀਵਾਰੀ ਦੇ ਅੰਦਰ ਉਹ ਕਾਰਾਂ ਵੀ ਜਿਹੜੀਆਂ ਹਾਦਸਾਗ੍ਰਸਤ ਹੋਣ ਕਾਰਨ ਟੁੱਟ ਭੱਜ ਚੁੱਕੀਆਂ ਸਨ। ਪੁਛਣ ਤੇ ਪਤਾ ਲੱਗਿਆ ਕਿ ਮਾਲਖਾਨੇ ਤੋਂ ਬਾਹਰ ਮੀਂਹ ਹਨੇਰੀ ਦਾ ਸ਼ਿਕਾਰ ਇਹ ਕਾਰਾਂ ਵੀ ਮਾਲ ਖਾਨੇ ਵਿਚ ਜਮ੍ਹਾਂ ਗਿਣੀਆਂ ਜਾਂਦੀਆਂ ਹਨ। ਇਨ੍ਹਾਂ ਨੂੰ ਦੇਖ ਕੇ ਮੈਨੂੰ ਤੀਹ ਸਾਲ ਪਹਿਲਾਂ ਦੀ ਉਹ ਘਟਨਾ ਚੇਤੇ ਆਈ ਜੋ ਦਿੱਲੀ ਰਹਿੰਦਿਆਂ ਮੇਰੇ ਨਾਲ ਵਾਪਰੀ ਸੀ। ਮੇਰੀ ਕਾਰ ਨੂੰ ਇੱਕ ਨਿੱਜੀ ਕੰਪਨੀ ਦੀ ਬੱਸ ਟੱਕਰ ਮਾਰ ਕੇ ਭਜਣ ਲੱਗੀ ਤਾਂ ਮੇਰੇ ਮਿੱਤਰ ਦੇ ਆਦੇਸ਼ ਅਨੁਸਾਰ ਥਾਣੇ ਪਹੁੰਚਾ ਦਿੱਤੀ ਗਈ। ਮੈਂ ਘਟਨਾ ਦੀ ਰਿਪੋਰਟ ਲਿਖਵਾਉਣ ਗਿਆ ਤਾਂ ਮੈਨੂੰ ਉਹ ਬੱਸ ਕਿਧਰੇ ਦਿਖਾਈ ਨਾ ਦਿੱਤੀ। ਪੁੱਛਣ 'ਤੇ ਪਤਾ ਲੱਗਿਆ ਕਿ ਉਹ ਮਾਲਖਾਨੇ ਵਿਚ ਜਮ੍ਹਾ ਸੀ। ਛੱਤੀ ਸੈਕਟਰ ਦਾ ਥਾਣਾ ਵੇਖ ਕੇ ਸਮਝ ਆਇਆ ਕਿ ਥਾਣੇ ਦੀ ਚਾਰ ਦੀਵਾਰੀ ਵਿਚ ਪਹੁੰਚੀ ਨਿੱਕੀ ਤੋਂ ਨਿੱਕੀ ਤੇ ਵੱਡੀ ਤੋਂ ਵੱਡੀ ਚੀਜ਼ ਮਾਲਖਾਨੇ ਵਿਚ ਬੰਦ ਸਮਝੀ ਜਾਂਦੀ ਹੈ। ਹੁਣ ਮੈਂ ਆਪਣੀ ਉਮਰ ਦੇ ਉਸ ਪੜਾਅ ਉਤੇ ਹਾਂ ਕਿ ਨਾ ਕੋਈ ਕ੍ਰਾਂਤੀਕਾਰੀ ਅਮਲ ਕਰ ਸਕਦਾ ਹਾਂ ਤੇ ਨਾ ਕੋਈ ਵੱਡਾ ਜੁਰਮ। ਜੇ ਰਾਮ ਦਿਆਲ ਸਾਡੇ ਥਾਣੇ ਦਾ ਮੁਖੀ ਬਣ ਕੇ ਨਾ ਆਉਂਦਾ ਤਾਂ ਮੈਂ ਹਵਾਲਾਤ ਦੇਖੇ ਬਿਨਾ ਹੀ ਤੁਰ ਜਾਣਾ ਸੀ।

**ਅੰਤਿਕਾ:** (ਸਾਧੂ ਬਿਨਿੰਗ)
ਨਾਸਤਕ ਹੋਣ ਬਾਅਦ
ਸਦੀਆਂ ਤੋਂ ਸਿਰ ਚੜ੍ਹਿਆ ਭਾਰ
ਲਹਿ ਜਾਂਦਾ ਹੈ
ਹਲਕੇ ਸੁਰਖਰੂ ਹੋਣ ਦਾ
ਮਿੱਠਾ ਜਿਹਾ ਅਹਿਸਾਸ
ਬਾਕੀ ਰਹਿ ਜਾਂਦਾ ਹੈ।

# ‘ਨਾਨਕ ਸ਼ਾਹ ਫਕੀਰ’ ਨੂੰ ਵਿਵਾਦਾਂ ਦਾ ਘੇਰਾ




ਹਿੰਦੀ ਫਿਲਮ ‘ਨਾਨਕ ਸ਼ਾਹ ਫਕੀਰ’ ਰਿਲੀਜ਼ ਹੋਣ ਤੋਂ ਪਹਿਲਾਂ ਹੀ ਵਿਵਾਦਾਂ ਦੇ ਘੇਰੇ ਵਿਚ ਆ ਗਈ ਹੈ। ਕੁਝ ਸਿੱਖ ਜਥੇਬੰਦੀਆਂ ਨੇ ਇਤਰਾਜ਼ ਜ਼ਾਹਿਰ ਕੀਤਾ ਹੈ ਕਿ ਫਿਲਮ ਵਿਚ ਗੁਰੂ ਨਾਨਕ ਦਾ ਕਿਰਦਾਰ, ਕਿਸੇ ਅਦਾਕਾਰ ਵਲੋਂ ਨਿਭਾਇਆ ਦਿਖਾਇਆ ਗਿਆ ਹੈ ਜੋ ਸਿੱਖ ਰਵਾਇਤਾਂ ਦੀ ਉਲੰਘਣਾ ਹੈ। ਇਹ ਫਿਲਮ 17 ਅਪਰੈਲ ਨੂੰ ਰਿਲੀਜ਼ ਕੀਤੀ ਜਾ ਰਹੀ ਹੈ ਅਤੇ ਇਸ ਦਾ ਨਿਰਮਾਤਾ ਹਰਿੰਦਰ ਸਿੰਘ ਸਿੱਕਾ ਤੇ ਫਿਲਮ ਦੇ ਹੋਰ ਕਲਾਕਾਰ ਅੱਜ ਕੱਲ੍ਹ ਫਿਲਮ ਦੇ ਪ੍ਰਚਾਰ ਲਈ ਨਿਕਲੇ ਹੋਏ ਹਨ। ਨਿਰਮਾਤਾ ਦਾ ਕਹਿਣਾ ਹੈ ਕਿ ਇਸ ਫਿਲਮ ਵਿਚ ਸਿੱਖ ਰਵਾਇਤਾਂ ਬਾਰੇ ਕੋਈ ਕੋਤਾਹੀ ਨਹੀਂ ਵਰਤੀ ਗਈ ਹੈ, ਫਿਲਮ ਦੀ ਸਾਰੀ ਕਹਾਣੀ ਬਾਬੇ ਨਾਨਕ ਦੇ ਸੰਗੀ-ਸਾਥੀ ਮਰਦਾਨਾ ਰਾਹੀਂ ਸੁਣਾਈ ਗਈ ਹੈ ਅਤੇ ਫਿਲਮ ਗੁਰੂ ਨਾਨਕ ਦੀਆਂ ਸਿਖਿਆਵਾਂ ’ਤੇ ਆਧਾਰਤ ਹੈ।

ਦੂਜੇ ਬੰਨੇ ਫਿਲਮ ਉਤੇ ਇਤਰਾਜ਼ ਕਰਨ ਵਾਲਿਆਂ ਦਾ ਕਹਿਣਾ ਹੈ ਕਿ ਫਿਲਮ ਦੀ ਕਹਾਣੀ ਭਾਵੇਂ ਮਰਦਾਨਾ ਹੀ ਸੁਣਾ ਰਿਹਾ ਹੈ ਪਰ ਫਿਲਮ ਦਾ ਜੋ ਟਰੇਲਰ ਰਿਲੀਜ਼ ਕੀਤਾ ਗਿਆ ਹੈ, ਉਸ ਵਿਚ ਮਰਦਾਨੇ ਅਤੇ ਬਾਬੇ ਨਾਨਕ ਨੂੰ ਇਕੱਠੇ ਤੁਰਦਿਆਂ ਦਿਖਾਇਆ ਗਿਆ ਹੈ। ਗੌਰਤਲਬ ਹੈ ਕਿ ਫਿਲਮਾਂ ਵਿਚ ਸਿੱਖ ਗੁਰੂਆਂ ਦੇ ਕਿਰਦਾਰ

*ਸਿੱਖ ਰਵਾਇਤ ਝਾਕੀ ਨਾਲ ਨਹੀਂ, ਸਾਖੀ ਨਾਲ ਜੁੜੀ ਹੋਈ ਹੈ। ਇਸੇ ਆਧਾਰ ਉਤੇ ਹੀ ਸਿੱਖ ਵਿਦਵਾਨਾਂ ਦੀ ਰਾਏ ਹੈ ਕਿ ਫਿਲਮਾਂ ਆਦਿ ਵਿਚ ਸਿੱਖ ਗੁਰੂਆਂ ਦੇ ਕਿਰਦਾਰ ਦਿਖਾਉਣ ਦੀ ਥਾਂ ਸਿੱਖੀ ਅਤੇ ਸਿੱਖੀ ਜੀਵਨ ਜਾਚ ਬਾਰੇ ਹੀ ਗੱਲ ਹੋਣੀ ਚਾਹੀਦੀ ਹੈ।*

ਦਿਖਾਉਣ ਬਾਰੇ ਪਹਿਲਾਂ ਵੀ ਇਤਰਾਜ਼ ਉਠਦੇ ਰਹੇ ਹਨ। ਕੁਝ ਲੋਕਾਂ ਨੇ ਤਾਂ ਪਿਛੇ ਜਿਹੇ ਰਿਲੀਜ਼ ਹੋਈ ਐਨੀਮੇਸ਼ਨ ਫਿਲਮ ‘ਚਾਰ ਸਾਹਿਬਜ਼ਾਦੇ’ ਉਤੇ ਵੀ ਇਤਰਾਜ਼ ਕੀਤਾ ਸੀ; ਹਾਲਾਂਕਿ ਇਸ ਫਿਲਮ ਵਿਚ ਸਾਹਿਬਜ਼ਾਦਿਆਂ ਦੀ ਸ਼ਹੀਦੀ ਅਤੇ ਸਿੱਖੀ ਬਾਰੇ ਬਹੁਤ ਸੋਹਣੇ ਢੰਗ ਨਾਲ ਬਿਰਤਾਂਤ ਪੇਸ਼ ਕੀਤਾ ਗਿਆ ਸੀ। ਕੁਝ ਸਿੱਖ ਵਿਦਵਾਨਾਂ ਦਾ ਇਸ ਬਾਰੇ ਕਹਿਣਾ ਹੈ ਕਿ ਕਿਸੇ ਵੀ ਕਲਾ-ਰਚਨਾ ਦਾ ਵਧੇਰੇ ਜ਼ੋਰ ਸਿੱਖੀ ਅਤੇ ਸਿੱਖੀ ਜੀਵਨ ਜਾਚ ਉਤੇ ਹੋਣਾ ਚਾਹੀਦਾ ਹੈ। ਨਿਰਮਾਤਾ ਹਰਿੰਦਰ ਸਿੰਘ ਸਿੱਕਾ ਮੁਤਾਬਕ, ਉਨ੍ਹਾਂ ਇਹ ਫਿਲਮ ਬਾਬੇ ਨਾਨਕ ਦੀਆਂ ਸਿਖਿਆਵਾਂ ਦੇ ਪ੍ਰਚਾਰ ਲਈ ਬਣਾਈ ਹੈ ਅਤੇ ਫਿਲਮ ਲਈ ਚੋਟੀ ਦੇ ਕਲਾਕਾਰਾਂ ਤੋਂ ਕੰਮ ਕਰਵਾਇਆ ਹੈ। ਫਿਲਮ ਵਿਚ ਮਸ਼ਹੂਰ ਅਦਾਕਾਰ ਆਰਿਫ ਜ਼ਕਾਰੀਆ ਨੇ ਬਾਬੇ ਨਾਨਕ ਦੇ ਸਾਥੀ ਮਰਦਾਨੇ ਦਾ ਕਿਰਦਾਰ ਨਿਭਾਇਆ ਹੈ। ਇਸੇ ਤਰ੍ਹਾਂ ਬੇਬੇ ਨਾਨਕੀ ਦੇ ਰੋਲ ਵਿਚ ਪੁਨੀਤ ਸਿੱਕਾ ਦਿਸਦੀ ਹੈ। ਫਿਲਮ ਦਾ ਸੰਗੀਤ ਉਤਮ ਸਿੰਘ ਨੇ ਤਿਆਰ ਕੀਤਾ ਹੈ। ਉਤਮ ਸਿੰਘ ਦਾ ਦਾਅਵਾ ਹੈ ਕਿ ਫਿਲਮ ਵਿਚ ਸਭ ਸ਼ਬਦ ਰਾਗਾਂ ਉਤੇ ਆਧਾਰਤ ਹਨ। ਫਿਲਮ ਦੇ ਸੰਗੀਤ ਲਈ ਆਸਕਰ ਇਨਾਮ ਜੇਤੂ ਸੰਗੀਤ ਮਾਸਟਰ ਰਸੂਲ ਫੁਕੁਟੀ ਦੀਆਂ ਸੇਵਾਵਾਂ ਲਈਆਂ ਗਈਆਂ ਹਨ।

ਫਿਲਮ ਬਾਬਤ ਛਿੜੇ ਵਿਵਾਦ ਬਾਰੇ ਨਿਰਮਾਤਾ ਹਰਿੰਦਰ ਸਿੰਘ ਸਿੱਕਾ ਨੇ ਸਿਰਫ ਇੰਨਾ ਹੀ ਕਿਹਾ ਕਿ ਉਨ੍ਹਾਂ ਦਾ ਮਕਸਦ ਕੋਈ ਵਿਵਾਦ ਪੈਦਾ ਕਰਨਾ ਨਹੀਂ; ਉਹ ਤਾਂ ਫਿਲਮ ਫੀਲਡ ਦੇ ਬੰਦੇ ਵੀ ਨਹੀਂ ਹਨ। ਉਨ੍ਹਾਂ ਦੀ ਤਾਂ ਇਕ ਹੀ ਮਨਸ਼ਾ ਸੀ ਕਿ ਆਪਾ-ਧਾਪੀ ਦੇ ਇਸ ਦੌਰ ਵਿਚ ਬਾਬੇ ਨਾਨਕ ਦੀਆਂ ਸਿਖਿਆਵਾਂ ਨੂੰ ਫਿਲਮ ਰਾਹੀਂ ਪ੍ਰਚਾਰਿਆ ਜਾਵੇ।

*-ਜਗਜੀਤ ਸਿੰਘ ਸੇਖੋਂ*







ਖੱਬਿਓਂ: ‘ਨਾਨਕ ਸ਼ਾਹ ਫਕੀਰ’ ਵਿਚ ਮਰਦਾਨੇ ਦਾ ਰੋਲ ਕਰਨ ਵਾਲਾ ਆਰਿਫ ਜ਼ਕਾਰੀਆ, ਪੁਨੀਤ ਸਿੱਕਾ, ਸੰਗੀਤਕਾਰ ਉਤਮ ਸਿੰਘ, ਨਿਰਮਾਤਾ ਹਰਿੰਦਰ ਐਸ. ਸਿੱਕਾ ਅਤੇ ਸੰਗੀਤ ਅਰੇਂਜਰ ਰਸੂਲ ਫੁਕੁਟੀ।

# ਹਈਸ਼ਾ ਵਾਲੀ ਭੂਮੀ ਦੀ ਕਮਾਲ

## ਫਿਲਮੀ ਦੁਨੀਆਂ ਵਿਚ ਪਾਈਆਂ ਨਵੀਆਂ ਪੈੜਾਂ



ਹਿੰਦੀ ਫਿਲਮਾਂ ਵਿਚ ਹੀਰੋਇਨਾਂ ਦੀ ਕਤਾਰ ਵਿਚ ਅੱਗੇ ਹੋ ਕੇ ਖਲੋਣ ਵਾਲੀ ਨਵੀਂ ਅਦਾਕਾਰਾ ਭੂਮੀ ਪੜਨੇਕਰ ਲਈ ਇਹ ਦਰਵਾਜ਼ੇ ਅਚਾਨਕ ਖੁੱਲ੍ਹੇ ਹਨ। ਆਪਣੀ ਪਹਿਲੀ ਹੀ ਫਿਲਮ ‘ਦਮ ਲਗਾ ਕੇ ਹਾਈਸ਼ਾ’ ਵਿਚ ਉਸ ਨੇ ਆਪਣੀ ਪ੍ਰਤਿਭਾ ਦਾ ਲੋਹਾ ਮੰਨਵਾ ਲਿਆ ਹੈ ਅਤੇ ਅੱਜ ਕੱਲ੍ਹ ਉਹ ਖੁਦ ਹੀ ਨਹੀਂ, ਉਹਦੇ ਟੱਬਰ ਦੇ ਸਾਰੇ ਜੀਅ ਖੁਸ਼ ਹਨ। ਇਸ ਫਿਲਮ ਵਿਚ ਭੂਮੀ ਨੇ ਹਰਿਦਵਾਰ ਰਹਿੰਦੀ ਵਿਆਹੁਤਾ ਮੁਟਿਆਰ ਸੰਧਿਆ ਦਾ ਕਿਰਦਾਰ ਨਿਭਾਇਆ ਹੈ ਜੋ ਮੱਧ-ਵਰਗੀ ਪਰਿਵਾਰ ਨਾਲ ਸਬੰਧ ਰੱਖਦੀ ਹੈ। ਇਸ ਕਿਰਦਾਰ ਖਾਤਰ ਉਸ ਨੇ ਆਪਣਾ ਭਾਰ ਤਕਰੀਬਨ 25 ਕਿਲੋ ਵਧਾਇਆ। ਫਿਲਮ ਦੀ ਕਹਾਣੀ ਮੁਤਾਬਕ ਸੰਧਿਆ, ਜ਼ਰਾ ਭਾਰੇ ਜਿਸਮ ਵਾਲੀ ਕੁੜੀ ਹੈ ਜਿਸ ਦਾ ਵਿਆਹ ਫਿਲਮ ਦੇ ਹੀਰੋ ਪ੍ਰਕਾਸ਼ ਤਿਵਾੜੀ (‘ਵਿੱਕੀ ਡੋਨਰ’ ਫੇਮ ਅਦਾਕਾਰ ਆਯੂਸ਼ਮਾਨ ਖੁਰਾਨਾ) ਨਾਲ ਹੋ ਜਾਂਦਾ

**ਕੀਰਤ ਕਾਸ਼ਣੀ**

ਹੈ। ਪ੍ਰਕਾਸ਼ ਆਪਣੀ ਪਤਨੀ ਨੂੰ ਨਾ-ਪਸੰਦ ਕਰਦਾ ਹੈ, ਕਿਉਂਕਿ ਇਹ ਰਿਸ਼ਤਾ ਉਸ ਦੀ ਮਰਜ਼ੀ ਦੇ ਉਲਟ ਹੋਇਆ ਸੀ। ਇਕ ਵਾਰ ਤਾਂ ਗੱਲ ਦੋਹਾਂ ਦੇ ਤੋੜ-ਵਿਛੋੜੇ ਤੱਕ ਜਾ ਪੁੱਜਦੀ ਹੈ, ਪਰ ਸੰਧਿਆ ਆਪਣੇ ਪਤੀ ਦਾ ਪਿਆਰ ਹਾਸਲ ਕਰਨ ਲਈ ਬੜੇ ਤਰੱਦਦ ਕਰਦੀ ਹੈ ਅਤੇ ਆਖਰਕਾਰ ਜਿੱਤ ਸੰਧਿਆ ਦੀ ਹੁੰਦੀ ਹੈ। ਉਹ ਪ੍ਰਕਾਸ਼ ਦਾ ਪਿਆਰ ਹਾਸਲ ਕਰਨ ਵਿਚ ਕਾਮਯਾਬ ਹੋ ਜਾਂਦੀ ਹੈ।

ਐਨ ਇਸੇ ਤਰ੍ਹਾਂ ਭੂਮੀ ਪੜਨੇਕਰ ਵੀ ਫਿਲਮ ਦੁਨੀਆਂ ਵਿਚ ਆਪਣਾ ਸਥਾਨ ਬਣਾਉਣ ਵਿਚ ਕਾਮਯਾਬ ਹੋ ਗਈ ਹੈ, ਉਹ ਵੀ ਬੜੇ ਧੜੱਲੇ ਨਾਲ। ਇਸ ਫਿਲਮ ਲਈ ਉਸ ਨੂੰ ਸਿਰਫ ਸ਼ਾਬਾਸ਼ੀ ਹੀ ਨਹੀਂ ਮਿਲੀ ਸਗੋਂ ਯਸ਼ਰਾਜ ਫਿਲਮਜ਼ ਜਿਸ ਨੇ ਇਹ ਫਿਲਮ ਬਣਾਈ ਹੈ, ਦੀਆਂ ਤਿੰਨ ਹੋਰ ਫਿਲਮਾਂ ਵਿਚ ਉਸ ਨੂੰ ਕੰਮ ਮਿਲ ਗਿਆ ਹੈ। ਅਸਲ ਵਿਚ ਯਸ਼ਰਾਜ ਫਿਲਮਜ਼ ਵਾਲਿਆਂ ਨੇ ਲੀਹ ਤੋਂ ਹਟ ਕੇ ਬਣਾਈ ਇਸ ਫਿਲਮ ਲਈ ਹਰ ਪੱਧਰ ‘ਤੇ ਜੋਖਮ ਉਠਾਇਆ। ਜਦੋਂ ਇਸ ਫਿਲਮ ਦੀ ਪੇਸ਼ਕਸ਼ ਭੂਮੀ ਪੜਨੇਕਰ ਕੋਲ ਆਈ ਤਾਂ ਉਸ ਨੇ ਇਸ ਪੇਸ਼ਕਸ਼ ਨੂੰ ਵੰਗਾਰ ਵਜੋਂ ਲਿਆ ਅਤੇ ਫਿਲਮ ਦੇ ਆਦਿ ਤੋਂ ਅੰਤ ਤੱਕ ਖੂਬ ਮਿਹਨਤ ਕੀਤੀ। ਉਸ ਦੀ ਇਹੀ ਮਿਹਨਤ ਅਤੇ ਲਗਨ ਆਖਰਕਾਰ ਰੰਗ ਲਿਆਈ, ਤੇ ਫਿਲਮ ਦੁਨੀਆਂ ਵਿਚ ਉਸ ਦੀ ਗੱਡੀ ਚੱਲ ਨਿਕਲੀ।

ਭੂਮੀ ਪੜਨੇਕਰ ਯਸ਼ਰਾਜ ਫਿਲਮਜ਼ ਨਾਲ ਜੁੜੀ ਕਾਸਟਿੰਗ ਡਾਇਰੈਕਟਰ ਸ਼ਾਨੂੰ ਸ਼ਰਮਾ ਨਾਲ ਬਤੌਰ ਅਸਿਸਟੈਂਟ ਪਿਛਲੇ ਛੇ ਸਾਲ ਤੋਂ ਕੰਮ ਕਰ ਰਹੀ ਹੈ। ਉਹਨੂੰ ਚਿੱਤ-ਚੇਤਾ ਵੀ ਨਹੀਂ ਸੀ ਕਿ ਉਹ ਫਿਲਮਾਂ ਵਿਚ ਹੀਰੋਇਨ ਬਣੇਗੀ। ਮੁੰਬਈ ਵਿਚ ਜੰਮੀ ਭੂਮੀ ਨੇ ਆਪਣੀ ਪੜ੍ਹਾਈ ਮੁੰਬਈ ਵਿਚ ਹੀ ਪੂਰੀ ਕੀਤੀ ਸੀ। ਇਸ ਫਿਲਮ ਨੇ ਦਰਸ਼ਕਾਂ ਅਤੇ ਫਿਲਮ ਆਲੋਚਕਾਂ ਦਾ ਧਿਆਨ ਹੀ ਨਹੀਂ ਖਿੱਚਿਆ ਸਗੋਂ ਬਾਕਸ ਆਫਿਸ ਉਤੇ ਵੀ ਖੂਬ ਕਮਾਈ ਕੀਤੀ ਹੈ। ਇਹ ਫਿਲਮ ਹੁਣ ਤੱਕ 25 ਕਰੋੜ ਰੁਪਏ ਕਮਾ ਚੁੱਕੀ ਹੈ ਤੇ ਇਸ ਉਤੇ ਕੁੱਲ 15 ਕਰੋੜ ਰੁਪਏ ਲੱਗੇ ਸਨ। ਭੂਮੀ ਪੜਨੇਕਰ ਇਸ ਫਿਲਮ ਦੀ ਸਫਲਤਾ ਤੋਂ ਉਤਸ਼ਾਹ ਵਿਚ ਹੈ। ਉਸ ਦਾ ਕਹਿਣਾ ਹੈ ਕਿ ਉਹ ਆਉਣ ਵਾਲੇ ਸਮੇਂ ਦੌਰਾਨ ਵੀ ਲੀਹ ਤੋਂ ਹਟਵੀਆਂ ਫਿਲਮਾਂ ਕਰੇਗੀ। ਯਸ਼ਰਾਜ ਫਿਲਮਜ਼ ਨਾਲ ਵੀ ਜਿਨ੍ਹਾਂ ਤਿੰਨ ਫਿਲਮਾਂ ਦਾ ਕੰਟਰੈਕਟ ਹੋਇਆ ਹੈ, ਉਨ੍ਹਾਂ ਦੀਆਂ ਕਹਾਣੀਆਂ ਵੀ ‘ਦਮ ਲਗਾ ਕੇ ਹਈਸ਼ਾ’ ਵਾਂਗ ਵੱਖਰੀਆਂ ਹੀ ਹਨ। ਉਹ ਦੱਸਦੀ ਹੈ ਕਿ ਕਾਸਟਿੰਗ ਡਾਇਰੈਕਟਰ ਸ਼ਾਨੂੰ ਸ਼ਰਮਾ ਨਾਲ ਬਤੌਰ ਅਸਿਸਟੈਂਟ ਕੰਮ ਕਰਦਿਆਂ ਉਹਨੇ ਫਿਲਮ ਲਾਈਨ ਬਾਰੇ ਬੜਾ ਕੁਝ ਸਿਖਿਆ ਹੈ ਅਤੇ ਉਹ ਇਸ ਤਜਰਬੇ ਦੇ ਆਧਾਰ ਉਤੇ ਹੀ ਆਪਣੇ ਫਿਲਮ ਕਰੀਅਰ ਨੂੰ ਅੱਗੇ ਵਧਾਏਗੀ। ਉਹ ਹੁੱਬ-ਹੁੱਬ ਕਹਿੰਦੀ ਹੈ, “ਫਿਲਮ ਜਗਤ ਵਿਚ ਮੈਨੂੰ ਆਪਣੀ ਕਲਾ ਦੇ ਜੌਹਰ ਦਿਖਾਉਣ ਦਾ ਅਚਾਨਕ ਮੌਕਾ ਮਿਲਿਆ ਹੈ। ਮੈਂ ਸਾਬਤ ਕਰਾਂਗੀ ਕਿ ਮੈਂ ਵੀ ਕੁਝ ਕਰ ਸਕਦੀ ਹਾਂ। ਮੈਂ ਚਾਹੁੰਦੀ ਹਾਂ ਕਿ ਮੈਂ ਫਿਲਮੀ ਦੁਨੀਆਂ ਵਿਚ ਮਿਸਾਲ ਬਣਾਂ ਅਤੇ ਆਉਣ ਵਾਲੇ ਨਵੇਂ ਕਲਾਕਾਰਾਂ ਲਈ ਪ੍ਰੇਰਨਾ ਦਾ ਸਰੋਤ ਬਣਾਂ।” ਭੂਮੀ ਪੜਨੇਕਰ ਦੀ ਮਾਂ ਦੱਸਦੀ ਹੈ ਕਿ ਭੂਮੀ ਪੜਨੇਕਰ ਕੋਈ ਵੀ ਕੰਮ ਜਨੂੰਨ ਦੀ ਹੱਦ ਤੱਕ ਜਾ ਕੇ ਕਰਦੀ ਹੈ। ਉਹ ਜੁ ਕੁਝ ਵੀ ਠਾਣ ਲੈਂਦੀ ਹੈ, ਉਹਨੂੰ ਪੂਰਾ ਕਰ ਬਗੈਰ ਫਿਰ ਸਾਹ ਨਹੀਂ ਲੈਂਦੀ। ਹੁਣ ਦੇਖਣਾ ਹੈ ਕਿ ਭੂਮੀ, ਫਿਲਮੀ ਦੁਨੀਆਂ ਦੇ ਘੜਮੱਸ ਵਿਚ ਕਿੰਨਾ ਕੁ ਵੱਖਰਾ ਹੋ ਕੇ ਤੁਰਦੀ ਹੈ ਅਤੇ ਇਸ ਵਿਚ ਕਿੰਨੀਆਂ ਨਵੀਆਂ ਪੈੜਾਂ ਪਾਉਂਦੀ ਹੈ।

ਵਿਸਾਖੀ ਮੁਬਾਰਿਕ TO CELEBRATE ਵਿਸਾਖੀ ਮੁਬਾਰਿਕ

VAISAKHI

# PUNJABI CULTURAL SOCIETY

of Chicago

PROUDLY CELEBRATING THIS YEAR 21st ANNIVERSARY OF

# RANGLA PUNJAB 2015

on

**SATURDAY, April 4, 2015**

7:00 p.m. sharp

**MEADOWS CLUB**

**2950 W Golf Rd. Rolling Meadows, IL. 60008**

ENJOY A COLORFUL FAMILY STYLE EVENING FULL OF EXCITEMENT

# ਰੰਗਲਾ ਪੰਜਾਬ

**Bhangra, Gidha, Children's Items, Bolian, Dances, Punjabi skits and much more.**




Admission Donation: $15, $25, $40, $100/V.I.P. Front row reserved seats, Children under 10 yr.-Free,
(Dinner included w/$100 tickets)

SPONSORS are encouraged, will be appropriately recognized at the show
Advance Purchase is encouraged, Purchase your tickets ASAP, Make your check Payable to P.C.S.
for further information please contact:

ਪੰਜਾਬੀ ਸਭਿਆਚਾਰਕ ਸਭਾ (847) 359-5PCS

**PUNJABI CULTURAL SOCIETY**

of Chicago

P. O. BOX 1244, PALATINE, IL. 60078 E-mail info@PCSChicago.org
Facebook:PUNJABI CULTURAL SOCIETY OF CHICAGO www.PCSChicago.org

P.C.S. is a not for profit organization promoting Punjabi Culture, Language Sports & Performing Arts.

# Referendum on changes to SRS Constitution

**Misinformation is being spread by some to keep the group system alive**
**Don't be misguided, trust your own judgment after reading the draft**
**Don't stay home. Be part to change or keep the current system.**

**Question:** How long SRS's "Chardikala" will be subjected to hurdles because of personal egos and infighting?

**Answer:** It is in the hands of every member. Once each member will say that their obligation is to Gurughar not to any group or group leaders, we will be headed to CHARDIKALA of Sangat.

**Question:** What happens when bunch of self declared egoistic leaders form a group at Gurughars?

**Answer:** These groups start serving their own power grab interests at the cost of Sangat which leads to Sikhs fighting Sikhs, ending in court cases labeled "SIKHS vs SIKHS. Not onlycosting millions of dollars but also distracting from spending time on working for Sikh causes. Our SRS Sangat has wasted more than one million dollars on the court cases.

**Question:** Does SRS lack in members who have wisdom, understand the future needs and work together involving all sections of SRS Sangat?

**Answer:** Not at all. Just last year, a committee of 9 members comprising two members each from Panthic slate, SSIA group, one from Jhaj group and 4 unbiased from Sangat who were acceptable to all groups, worked for 14 months to propose changes to SRS Constitution to end GROUPS and Infighting.

**Question:** What is the main reason for "SIKH vs SIKH" court cases?

**Answer:** When controlling group managements do fraud in membership drive, in group based elections and form management with group Trustees regardless of competency.

**Question:** What did this committee propose to end groups and end reasons for court fights?

**Answer:** Proposing an independent MAC committee to be formed by a lotto draw from a pool of qualified SRS members. This Committee to be totally in charge of membership making, selection (by consensus or lotto, if candidates choose to do so). But if any seat remains un filled to conduct "One member One vote" elections. With this system no more group slates, no more group managements and no more group leaders telling the President what to do.

**Question:** Did CAC consider various options to replace current Group based Slate elections?

**Answer:** YES. After debating all options, committee came up with best options as proposed.

**Question:** What were the reasons CAC rejected "Lotto" draw from pool of applicants for BOT/CIC

**Answer:** Under the State law and as written in our SRS current Constitution, anyone who can become SRS member can become candidate for BOT/CIC. Keeping this in mind the following negatives of Blind Lotto draw were considered:

**1.** Various groups will make maximum members and will ask large number of their supporters to file nominations. It will be very likely that majority of the drawn names will belong to one group or the other. Groups will still control the management and it will be worse than now.

**2.** Possible that many applicants will not be fit at all to serve the BOT but are still chosen by Lotto. It is again worse than now where groups are at least careful of not choosing totally unfit candidates.

**3.** Also possible that all selected Trustees by LOTTO are Sehjdhari Sikhs and none bear the turban and keep their full hair. This could lead to a President and Religious Secretary who can not represent Sikhs for Sikh causes.

**4.** Also very possible that in the future any Self Styled God's man will make hundreds of their followers members and ask all of them to file nominations for BOT.

Very possible that future managements will belong to so called selfish religious leaders.

**Question:** What is the responsibility of each SRS member?

**Answer:** Boycotting the participation in referendum will be totally irresponsible as a Sikh. But it is the right of every member to say YES for the change OR say NO to keep everything as is.

**Question:** Is this referendum a fight between groups?

**Answer:** There are small number of misguided Sangat leaders who will like to make it this way. To them all of us should ask that when the proposal is prepared by a diverse Committee which was agreed by all groups then why should it be considered group fight. If they don't like what is proposed then come and say NO.

Advt.

---

# Help Eliminate Groupism From The Palatine Gurdwara

**Come and Vote on 29th**

- Help Eliminate Group dominated politics from Gurdwara

**You don't Vote**

- No Change in the system and Groups keep on fighting for small narcissistic controls

**Eliminate infighting, Groupism**

**Any SRS member can file nominationIndependent MAC will prefer Selection over Election**

**Only Sikhs can take up the Board Member role**

**Selection System preferred before elections**

**Gurdwara Control with Sangat Not a particular Group**

## Mar 29, 2015 Say YES to the REFERENDUM

### Background of the Amendment

| Current Constitution | | Proposed Changes |
|---|---|---|
| Promotes Groupism | | Eliminates Groupism |
| Promotes incompetency | | Promotes Seva |
| Results in Infighting | | Eliminates Infighting |
| Promotes Elections | | Prefers Lotto Selection |

**Alternate Pure Lotto System could have resulted in :**

- No input from theSangat and inexperienced, incompetent candidates may be picked for the management positions
- Groups will have maximum nominations so that probability of getting a lotto pick is higher, resulting in a group managed system once again

**SUPPORT THE PROPOSED CHANGES**

**IT'S TIME TO ELIMINATE GROUPISM FROM THE GURDWARA**

**Under the proposed draft, referendum Quorum is reduced fromimpossible 3/4 to a realistic 2/3. This will help with future approvals to become easier.**

**These Changes are proposed after 14 months of deliberations by a committee of 9 comprising of Non Group members of the Sangat, Panthic Group, SSIA & Jhaj Group**

Advt.